
ਸੰਗੀਤ ਦੇ ਘਰਾਣਿਆਂ ਵਾਂਗ ਗ਼ਜ਼ਲ ਦੇ ਵੀ ਆਪਣੇ ਘਰਾਣੇ ਹਨ। ਪੰਜਾਬੀ ਸਾਹਿਤ-ਜਗਤ ਵਿਚ 'ਹੁਸ਼ਿਆਰਪੁਰ ਗ਼ਜ਼ਲ ਘਰਾਣੇ' ਦਾ ਨਾਂ ਬੜੇ ਅਦਬ 'ਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਸ ਘਰਾਣੇ ਦੇ ਗ਼ਜ਼ਲਕਾਰਾਂ ਦਾ ਭਾਵੇਂ ਆਪੋ-ਆਪਣਾ ਵੱਖਰਾ-ਵੱਖਰਾ ਅੰਦਾਜ਼ ਹੈ ਪਰ ਸ਼ਾਇਰੀ ਵਿਚ ਕੁਝ ਗੱਲਾਂ ਸਭਨਾਂ ਦੀਆਂ ਸਾਂਝੀਆਂ ਹਨ ਜਿਵੇਂ-ਬਰਸਾਤੀ ਚੋਆਂ ਦੀ ਰਵਾਨੀ, ਸ਼ਬਦਾਵਲੀ ਵਿਚ ਅੰਬੀਆਂ ਵਰਗੀ ਖੱਟ-ਮਿੱਠੀ ਲੱਜ਼ਤ, ਕਰੜੀ ਮਿਹਨਤ ਨਾਲ ਕਮਾਇਆ ਜਜ਼ਬਾ, ਹੰਢਾਇਆ ਹੋਇਆ ਮੁਹਾਵਰਾ, ਸ਼ਿਵਾਲਕ ਦੀਆਂ ਪਹਾੜੀਆਂ ਉੱਤੇ ਤੈਰਦੇ ਬੱਦਲਾਂ ਦੀ ਮਿਹਰਬਾਨ ਕਲਪਨਾ ਅਤੇ ਜੱਗ ਤੋਂ ਉਕਤਾਏ ਹੋਏ ਜੋਗੀਆਂ ਦੀ ਮਲੰਗੀ 'ਤੇ ਹੋਰ ਕਈ ਕੁਝ


ਇਕਵਿੰਦਰ ਸਿੰਘ


unistarbooks.com
**UNISTAR BOOKS PVT. LTD.**
**INDIA**
**Chandigarh** : 26-27 Top Floor, Sector 34A
Ph.: 0172-5077427, 5077428, 5089761
**Ludhiana** : Punjabi Bhawan • 98154 71219

ISBN 81-7142-622-0
9788171426225
Rs. 450/-

ਅੰਬ ਦੁਸਹਿਰੀ ਚੂਪਣ ਆਇਓ !
ਸੰਪਾਦਕ ਇਕਵਿੰਦਰ ਸਿੰਘ

# ਅੰਬ ਦੁਸਹਿਰੀ ਚੂਪਣ ਆਇਓ !

## ਪੰਜਾਬੀ ਗ਼ਜ਼ਲ ਸੰਗ੍ਰਹਿ



ਸੰਪਾਦਕ ਇਕਵਿੰਦਰ ਸਿੰਘ

# ਅੰਬ ਦੁਸਹਿਰੀ ਚੂਪਣ ਆਇਓ !

- ਪੰਜਾਬੀ ਗ਼ਜ਼ਲ ਸੰਗ੍ਰਹਿ -

ਇਸੇ ਕਲਮ ਤੋਂ

- ਪਾਣੀ ਮੈਲ਼ਾ ਮਿੱਟੀ ਗੋਰੀ (ਗ਼ਜ਼ਲ ਸੰਗ੍ਰਹਿ)

# ਅੰਬ ਦੂਸਹਿਰੀ ਚੂਪਣ ਆਇਓ !

# امب دُسہری چُوپن آئیُو !

- ਪੰਜਾਬੀ ਗ਼ਜ਼ਲ ਸੰਗ੍ਰਹਿ -

ਸੰਪਾਦਕ

ਇਕਵਿੰਦਰ ਸਿੰਘ

*Poetry / Punjabi Poetry / Ghazal / Collection*

© *Ikwinder Singh*

**Ambb Dusehri Choopan Aaio !**

*(A Collection of Punjabi Ghazals)*

*Edited by*

**Ikwinder Singh**
Pur Hiran, Hoshiarpur, Punjab, India -146111
Phone : 01882-249085
E-mail: ikwindersingh@yahoo.com

2008
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2008*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਦੋ ਸ਼ਬਦ

ਕੁਝ ਚਿਰ ਪਹਿਲਾਂ ਮੈਂ, ਭਾਅ ਜੀ ਗੁਰਬਖ਼ਸ਼ ਡੋਗਰਾ 'ਤੇ ਜਸਵੀਰ ਸਿੰਘ ਧੀਮਾਨ ਨੇ ਇਕ ਯੋਜਨਾ ਬਣਾਈ ਸੀ ਕਿ ਇਕ ਅਜਿਹਾ ਗ਼ਜ਼ਲ-ਸੰਗ੍ਰਹਿ ਛਾਪਿਆ ਜਾਏ ਜਿਸ ਵਿਚ ਸ਼ਿਵਾਲਿਕ ਦੇ ਪੈਰਾਂ ਵਿਚ ਵਸੇ ਹੁਸ਼ਿਆਰਪੁਰ ਦੇ ਗ਼ਜ਼ਲਕਾਰਾਂ ਦੀ ਪ੍ਰਤੀਨਿਧਤਾ ਹੋਵੇ। 'ਤੇ ਆਖ਼ਰ ਇਹ ਯੋਜਨਾ ਸਾਕਾਰ ਹੋ ਹੀ ਗਈ।

ਸੰਗੀਤ ਦੇ ਘਰਾਣਿਆਂ ਵਾਂਗ ਗ਼ਜ਼ਲ ਦੇ ਵੀ ਆਪਣੇ ਘਰਾਣੇ ਹਨ। ਪੰਜਾਬੀ ਸਾਹਿਤ-ਜਗਤ ਵਿਚ 'ਹੁਸ਼ਿਆਰਪੁਰ ਗ਼ਜ਼ਲ ਘਰਾਣੇ' ਦਾ ਨਾਂ ਬੜੇ ਅਦਬ 'ਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਸ ਘਰਾਣੇ ਦੇ ਗ਼ਜ਼ਲਕਾਰਾਂ ਦਾ ਭਾਵੇਂ ਆਪੋ-ਆਪਣਾ ਵੱਖਰਾ-ਵੱਖਰਾ ਅੰਦਾਜ਼ ਹੈ ਪਰ ਸ਼ਾਇਰੀ ਵਿਚ ਕੁਝ ਗੱਲਾਂ ਸਭਨਾਂ ਦੀਆਂ ਸਾਂਝੀਆਂ ਹਨ ਜਿਵੇਂ-ਬਰਸਾਤੀ ਚੋਆਂ ਦੀ ਰਵਾਨੀ, ਸ਼ਬਦਾਵਲੀ ਵਿਚ ਅੰਬੀਆਂ ਵਰਗੀ ਖੱਟ-ਮਿੱਠੀ ਲੱਜ਼ਤ, ਕਰੜੀ ਮਿਹਨਤ ਨਾਲ ਕਮਾਇਆ ਜਜ਼ਬਾ, ਹੰਢਾਇਆ ਹੋਇਆ ਮੁਹਾਵਰਾ, ਸ਼ਿਵਾਲਕ ਦੀਆਂ ਪਹਾੜੀਆਂ ਉੱਤੇ ਤੈਰਦੇ ਬੱਦਲਾਂ ਦੀ ਮਿਹਰਬਾਨ ਕਲਪਨਾ ਅਤੇ ਜੱਗ ਤੋਂ ਉਕਤਾਏ ਹੋਏ ਜੋਗੀਆਂ ਦੀ ਮਲੰਗੀ 'ਤੇ ਹੋਰ ਕਈ ਕੁਝ। ਕਦੇ ਮੈਂ ਇਹ ਸ਼ਿਅਰ ਕਿਹਾ ਸੀ—

ਹੁਸ਼ਿਆਰਪੁਰ ਦੇ ਪਰਬਤ ਕੋਹਤੂਰ ਦੀ ਤਰ੍ਹਾਂ ਹਨ,
ਸਾਨੂੰ ਤਾਂ ਇਸ ਦੇ ਚੋਅ ਵੀ ਲਗਦੇ ਚਨਾਬ ਵਾਂਗਰ।

ਹੁਸ਼ਿਆਰਪੁਰ ਹੀ ਇਕ ਅਜਿਹਾ ਭਾਗਸ਼ਾਲੀ ਜ਼ਿਲ੍ਹਾ ਹੈ ਜਿਸ ਵਿਚ ਏਨੀ ਵੱਡੀ ਤਾਦਾਦ ਵਿਚ ਗ਼ਜ਼ਲ ਵਰਗੀ ਕਲਾਸਿਕ ਸਿਨਫ਼ ਦੇ ਰਚਣਹਾਰੇ ਹਨ। ਦੂਜਿਆਂ ਇਲਾਕਿਆਂ ਦੇ ਗ਼ਜ਼ਲਕਾਰਾਂ ਨੂੰ ਵੀ ਇੱਥੇ ਦੀ ਮਿੱਟੀ ਹਮੇਸ਼ਾਂ ਆਪਣੇ ਵੱਲ ਖਿੱਚਦੀ ਰਹੀ ਹੈ।

ਗ਼ਜ਼ਲ ਦੀ ਸਿਨਫ਼ ਬੜੀ ਹੀ ਕੋਮਲ ਹੁੰਦੀ ਹੈ। ਸੰਸਾਰ ਦੇ ਸਮੂਹ ਵਿਸ਼ੇ ਇਸ ਵਿਚ ਸੰਜੋਏ ਜਾ ਸਕਦੇ ਹਨ। ਭਾਰੀ-ਭਰਕਮ 'ਤੇ ਖ਼ੁਰਦਰੇ ਸ਼ਬਦਾਂ ਦਾ ਭਾਰ ਇਹ ਨਹੀਂ ਸਹਾਰ ਸਕਦੀ। ਇਸਦਾ ਹਰ ਸ਼ਿਅਰ ਆਪਣੇ-ਆਪ ਵਿਚ ਮੁਕੰਮਲ ਹੁੰਦਾ ਹੈ। ਸ਼ਿਅਰ ਦਾ ਪਹਿਲਾ ਮਿਸਰਾ ਵਿਸ਼ੇ ਦੀ ਬੁਝਾਰਤ ਪਾਉਂਦਾ ਹੈ 'ਤੇ ਦੂਜਾ ਮਿਸਰਾ

ਉਸਦਾ ਜਵਾਬ ਇਸ਼ਾਰਿਆਂ ਵਿਚ ਦਿੰਦਾ ਹੈ। ਪੂਰਾ ਅਰਥ ਇਸ ਨੂੰ ਪੜ੍ਹਨ-ਸੁਣਨ ਵਾਲਾ ਆਪਣੀ ਸਮਝ ਨਾਲ ਕੱਢਦਾ ਹੈ 'ਤੇ ਆਨੰਦਿਤ ਹੁੰਦਾ ਹੈ। ਦਿਲ ਨੂੰ ਧੂਹ ਪਾ ਜਾਣ ਵਾਲੇ ਮਿਸਰੇ ਜਾਂ ਸ਼ਿਅਰ ਨੂੰ ਵਾਰ-ਵਾਰ ਸੁਣਿਆ 'ਤੇ ਮਾਣਿਆ ਜਾਂਦਾ ਹੈ। ਇਸ ਤਰ੍ਹਾਂ ਪਾਠਕ ਜਾਂ ਸਰੋਤਾ ਮੰਤਰ-ਮੁਗਧ ਹੁੰਦਾ ਰਹਿੰਦਾ ਹੈ।

ਅਰਬ-ਇਰਾਨੋਂ ਤੁਰਦੀ ਹੋਈ ਇਹ ਸਿਨਫ਼ ਉਰਦੂ ਵਾਲਿਆਂ ਦੇ ਵਿਹੜੇ ਨੂੰ ਮਹਿਕਾਉਂਦੀ ਹੋਈ ਪੰਜਾਬੀ ਕੋਲ ਅਛੋਪਲੇ ਜਹੇ ਹੀ ਪਹੁੰਚ ਗਈ ਹੈ 'ਤੇ ਹੁਣ ਇਹ ਅਗਾਂਹ ਡੋਗਰੀ 'ਤੇ ਹੋਰ ਭਾਸ਼ਾਵਾਂ ਵਲ ਖਿਸਕ ਰਹੀ ਹੈ।

ਅਰਬੀ ਦੇ ਪ੍ਰਸਿੱਧ ਕਾਵਿ-ਰੂਪ ਕਸੀਦੇ ਦੇ ਇਕ ਭਾਗ ਤਸ਼ਬੀਬ ਨੂੰ ਇਰਾਨੀਆਂ ਵਲੋਂ ਗ਼ਜ਼ਲ ਦਾ ਰੂਪ ਦਿੱਤਾ ਗਿਆ ਦੱਸਿਆ ਜਾਂਦਾ ਹੈ। ਰਵਾਇਤੀ ਵਿਚਾਰ ਅਨੁਸਾਰ ਗ਼ਜ਼ਲ 'ਹਦੀਸੇ ਜ਼ਨਾਂ ਵਾ ਸਿਫ਼ਤੇ ਇਸ਼ਕਬਾਜ਼ੀ ਬਾਏਸ਼ਾਂ' ਮੰਨਿਆ ਜਾਂਦਾ ਰਿਹਾ ਹੈ। ਹੌਲ਼ੀ-ਹੌਲ਼ੀ ਕੁਝ ਵਿਦਵਾਨਾਂ ਨੇ ਗ਼ਜ਼ਲ ਨੂੰ 'ਇਸਤਰੀ ਨਾਲ ਗੱਲਾਂ ਕਰਨ ਦੀ ਥਾਂ' ਇਸਤਰੀ ਦੀਆਂ ਗੱਲਾਂ ਕਰਨਾ ਠੀਕ ਦਰਸਾਇਆ ਹੈ।

ਅਜੋਕੀ ਗ਼ਜ਼ਲ ਤਾਂ ਬਾਵਾ ਬੁੱਧ ਸਿੰਘ ਦੇ ਗ਼ਜ਼ਲ ਬਾਰੇ ਸੰਕੀਰਣ ਵਿਚਾਰਾਂ ਨੂੰ ਮੂਲੋਂ ਹੀ ਰੱਦ ਕਰਦੀ ਹੋਈ ਹਰ ਤਰ੍ਹਾਂ ਦੇ ਵਿਚਾਰਾਂ ਨੂੰ ਪ੍ਰਗਟਾਉਣ ਦੇ ਪੂਰਨ ਸਮਰੱਥ ਹੈ।

ਭਾਵੇਂ ਕਿ ਉਪਲੱਭਤਾ ਦੇ ਆਧਾਰ 'ਤੇ ਪੰਜਾਬੀ ਗ਼ਜ਼ਲ ਦਾ ਆਰੰਭ ਉਰਦੂ ਗ਼ਜ਼ਲ ਤੋਂ ਕੋਈ ਸਾਢੇ ਤਿੰਨ ਦਹਾਕੇ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ ਅਤੇ ਪੰਜਾਬੀ ਗ਼ਜ਼ਲ ਦਾ ਪਹਿਲਾ ਦੀਵਾਨ ਮੌਲਾ ਬਖ਼ਸ਼ ਕੁਸ਼ਤਾ ਦਾ ਸੰਨ 1903 ਵਿਚ ਛਪਿਆ। ਪਰ ਸਹੀ ਅਰਥਾਂ ਵਿਚ ਪੰਜਾਬੀ ਸ਼ਾਇਰਾਂ ਵਲੋਂ ਇਹ ਸਿਨਫ਼ ਸੁਤੰਤਰਤਾ ਮਗਰੋਂ ਹੀ ਅਪਣਾਈ ਗਈ। ਅਰੂਜ਼ੀ ਬਹਿਰਾਂ ਵਿਚ ਪੰਜਾਬੀ ਗ਼ਜ਼ਲ ਕਹੀ ਜਾ ਸਕਦੀ ਹੈ ਕਿ ਨਹੀਂ ਇਸ ਬਹਿਸ ਵਿਚ ਉਲਝਣਾ ਮੇਰਾ ਮੰਤਵ ਨਹੀਂ ਪਰ ਪੰਜਾਬੀ ਗ਼ਜ਼ਲ ਕਹਿਣ ਲਈ ਸਾਡੇ ਕੋਲ ਦੋਹਰਾ, ਬੈਂਤ 'ਤੇ ਕੋਰੜਾ ਆਦਿ ਕਈ ਛੰਦ ਉਪਲੱਬਧ ਹਨ। ਕਈ ਅਰੂਜ਼ੀ ਬਹਿਰਾਂ ਦੇ ਮੁਕਾਬਲੇ ਹਿੰਦੀ ਦੇ ਛੰਦ ਮੌਜੂਦ ਹਨ ਜਿਨ੍ਹਾਂ ਨੂੰ ਪੰਜਾਬੀ ਗ਼ਜ਼ਲ ਕਹਿਣ ਲਈ ਅਪਣਾਇਆ ਜਾ ਸਕਦਾ ਹੈ। ਅਰੂਜ਼ੀ ਬਹਿਰ, ਹਿੰਦੀ ਜਾਂ ਪੰਜਾਬੀ ਛੰਦ, ਗੱਲ ਸ਼ਾਇਰ ਦੀ ਸਮਰੱਥਾ 'ਤੇ ਨਿਰਭਰ ਕਰਦੀ ਹੈ।

ਇਸ ਸੰਗ੍ਰਹਿ ਵਿਚ ਉਨ੍ਹਾਂ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਸ਼ਾਮਲ ਕੀਤੀਆਂ ਗਈਆਂ ਹਨ ਜੋ ਜਾਂ ਤਾਂ ਹੁਸ਼ਿਆਰਪੁਰ ਦੇ ਵਾਸੀ ਹਨ 'ਤੇ ਜਾਂ ਉਹ ਜਿਹਨਾਂ ਨੇ ਆਪਣੀ ਬਹੁਤੀ ਜ਼ਿੰਦਗੀ ਏਥੇ ਰਹਿ ਕੇ ਸ਼ਾਇਰੀ ਕਰਦਿਆਂ-ਨੌਕਰੀ ਕਰਦਿਆਂ ਗੁਜ਼ਾਰੀ ਹੈ। ਵੰਡ ਤੋਂ ਬਾਅਦ ਪਾਕਿਸਤਾਨ ਜਾ ਵਸੇ ਹੁਸ਼ਿਆਰਪੁਰੀਏ ਗ਼ਜ਼ਲਕਾਰਾਂ ਨੂੰ ਵੀ ਉਚਿਤ ਸਥਾਨ ਪ੍ਰਦਾਨ ਕੀਤਾ ਗਿਆ ਹੈ। ਬਹੁਤ ਸਾਰੇ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਪਹਿਲਾਂ ਕਿਤੇ ਵੀ ਨਹੀਂ ਛਪੀਆਂ ਹੋਈਆਂ।

ਇਸ ਗ਼ਜ਼ਲ ਸੰਗ੍ਰਹਿ ਦਾ ਮੈਟਰ ਇਕੱਠਾ ਕਰਦਿਆਂ-ਕਰਦਿਆਂ ਹੁਸ਼ਿਆਰਪੁਰ ਜ਼ਿਲ੍ਹੇ ਦਾ ਕੁਝ ਇਲਾਕਾ ਇਸ ਕੋਲੋਂ ਖੁੱਸ ਗਿਆ। ਇਕ ਵੱਡ-ਅਕਾਰੀ ਜ਼ਿਲ੍ਹਾ ਹੁਣ 'ਜ਼ਿਲ੍ਹੀ' ਬਣ ਕੇ ਰਹਿ ਗਿਆ ਹੈ। ਪੰਜਾਬੀ ਸੂਬੇ ਦੇ ਪੁਨਰ-ਗਠਨ ਸਮੇਂ ਵੀ ਹੁਸ਼ਿਆਰਪੁਰ ਜ਼ਿਲ੍ਹਾ ਬੇਦਰਦੀ ਨਾਲ ਛਾਂਗਿਆ ਗਿਆ ਸੀ।

ਵੀਰ ਹਰਮੀਤ ਸਿੰਘ ਅਟਵਾਲ ਹੋਰਾਂ ਇਸ ਗ਼ਜ਼ਲ ਸੰਗ੍ਰਹਿ ਦੇ ਛਪਣ-ਛਪਾਉਣ ਸੰਬੰਧੀ ਬੜੀ ਜੱਦੋ-ਜਹਿਦ ਕੀਤੀ ਹੈ 'ਤੇ ਉਸਤਾਦ ਮਹਿੰਦਰ ਦੀਵਾਨਾ ਹੋਰਾਂ ਗ਼ਜ਼ਲਾਂ ਲੱਭਣ ਵਿਚ ਬੜੀ ਸਹਾਇਤਾ ਕੀਤੀ ਹੈ ਇਸ ਲਈ ਦੋਵਾਂ ਦਾ ਹਾਰਦਿਕ ਧੰਨਵਾਦੀ ਹਾਂ।

ਰਣਜੀਤ ਸਿੰਘ ਬਾਬੂ (ਡੁਬਈ) ਨਰਿੰਦਰ ਸਿੰਘ ਬੈਂਸ (ਅਮਰੀਕਾ), ਮੁਨੀਸ਼ ਮੋਦਗਿਲ, ਇੰਦਰਜੀਤ ਸਿੰਘ ਹੀਰ (ਕੈਨੇਡਾ) ਅਤੇ ਸੋਹਨ ਲਾਲ ਨਾਗਰਵਾਲ (ਰਾਜਸਥਾਨੀ) ਵਰਗੇ ਦੋਸਤਾਂ ਦੀਆਂ ਨਿੱਘੀਆਂ ਹੱਥ-ਘੁਟਣੀਆਂ ਦਾ ਕਾਰਵਾਂ ਵੀ ਮੇਰੇ ਅੰਗ-ਸੰਗ ਰਿਹਾ ਹੈ।

ਆਪਣੀ ਹੀ ਇਕ ਚਰਚਿਤ ਗ਼ਜ਼ਲ ਦੇ ਮਕਤੇ ਦੇ ਇਕ ਹਿੱਸੇ 'ਤੇ ਇਸ ਗ਼ਜ਼ਲ ਸੰਗ੍ਰਹਿ ਦਾ ਨਾਮਕਰਣ ਕੀਤਾ ਗਿਆ ਹੈ:-

ਅੰਬ ਦੁਸਹਿਰੀ ਚੂਪਣ ਆਇਓ! 'ਪੁਰਹੀਰਾਂ',
'ਇਕਵਿੰਦਰ' ਘਰ ਹੋਣਾ ਏ ਬਰਸਾਤਾਂ ਨੂੰ।

ਇਸ ਗ਼ਜ਼ਲ ਸੰਗ੍ਰਹਿ ਨੂੰ ਪ੍ਰਤੀਨਿਧ ਗ਼ਜ਼ਲ ਸੰਗ੍ਰਹਿ ਬਣਾਉਣ ਦਾ ਸੁਹਿਰਦ ਯਤਨ ਕੀਤਾ ਗਿਆ ਹੈ ਪਰ ਫੇਰ ਵੀ ਜੇ ਕੋਈ ਉਕਾਈ ਰਹਿ ਗਈ ਹੋਵੇ ਤਾਂ ਉਹ ਖ਼ਿਮਾ ਯੋਗ ਹੋਵੇਗੀ।

– ਇਕਵਿੰਦਰ ਸਿੰਘ

# ਤਤਕਰਾ


~ ਮਨਜ਼ੂਰ ਹੁਸ਼ਿਆਰਪੁਰੀ 13
~ ਦਾਮਨ ਹੁਸ਼ਿਆਰਪੁਰੀ 15
~ ਮੋਤਾ ਸਿੰਘ 'ਸ਼ਰਨ' 16
~ ਮੁਜਰਿਮ ਦਸੂਹੀ 18
~ ਖ਼ੁਸ਼ੀ ਰਾਮ 'ਰਿਸ਼ੀ' 21
~ ਠਾਕੁਰ ਭਾਰਤੀ 22
~ ਈਸ਼ਵਰ ਚਿੱਤਰਕਾਰ 27
~ ਦਾਗ਼ੀ ਗੜ੍ਹਸ਼ੰਕਰੀ 29
~ ਪਿਆਰਾ ਸਿੰਘ ਰਮਤਾ 30
~ ਬਿਸ਼ਨ ਸਿੰਘ ਉਪਾਸ਼ਕ 33
~ ਡਾ. ਜਮਾਲ ਹੁਸ਼ਿਆਰਪੁਰੀ 37
~ ਸਰਬਆਨੰਦ ਸਿੰਘ 'ਮੁਸ਼ਕਿਲ' 39
~ ਅੰਮ੍ਰਿਤ ਦਸੂਹੀ 40
~ ਤਾਰਾ ਸਿੰਘ ਕੋਮਲ 41
~ ਬੇਦਿਲ ਹੁਸ਼ਿਆਰਪੁਰੀ 42
~ ਰਾਮ ਪਿਆਰਾ ਦੀਵਾਨਾ 47
~ ਪ੍ਰਵੇਜ਼ ਹੁਸ਼ਿਆਰਪੁਰੀ 51
~ ਜੋਗਿੰਦਰ ਬਾਹਰਲਾ 52
~ ਮੁਨੀਰ ਨਿਆਜ਼ੀ 53
~ ਕੇਸਰ ਸਿੰਘ 'ਆਜਿਜ਼' 58
~ ਹਬੀਬ ਜਾਲਿਬ 59
~ ਮਹਿੰਗਾ ਸਿੰਘ 'ਹੋਸ਼' 60
~ ਤਾਰਾ ਸਿੰਘ 'ਕਾਮਿਲ' 61
~ ਜਸਵੰਤ ਸਿੰਘ ਭੌਰ 62
~ ਗੁਲਵੰਤ ਫ਼ਾਰਗ਼ 64
~ ਦਲਜੀਤ ਸਿੰਘ ਸ਼ਾਨ 65
~ ਸਾਧੂ ਸਿੰਘ ਆਂਚਲ 66
~ ਅਜਾਇਬ ਕਮਲ 68
~ ਹਰਭਜਨ ਸਿੰਘ ਸਾਜਨ 72
~ ਅਨੂਪ ਸਿੰਘ ਨੂਰੀ 74
~ ਸ.ਸ. ਮੀਸ਼ਾ 76
~ ਨਾਦਰ ਜਾਜਵੀ 80
~ ਸਿਰੀ ਰਾਮ ਅਰਸ਼ 81
~ ਸਵਰਨ ਸਿੰਘ ਪਰਵਾਨਾ 86
~ ਡਾ. ਜਗਤਾਰ 87
~ ਅਮਰ ਮਸੀਤਪਲ ਕੋਟੀ 92
~ ਸੁਰਿੰਦਰ ਦੀਪ 93
~ ਦੇਵਿੰਦਰ 'ਜੋਸ਼' 95
~ ਬਿਸ਼ਨ ਸਿੰਘ ਮਤਵਾਲਾ 100
~ ਗੁਰਦਿਆਲ ਪੰਜਾਬੀ 103
~ ਭਗਵਾਨ ਸਿੰਘ ਦੀਪਕ 108
~ ਗਿਆਨ ਸਿੰਘ ਸੰਧੂ 110
~ ਐੱਲ. ਡੀ. ਪ੍ਰਦੇਸੀ 115
~ ਸੋਮ ਨਾਥ ਭੱਟੀ 120

~ ਮਹਿੰਦਰ ਦੀਵਾਨਾ 124
~ ਕਸ਼ਮੀਰਾ ਸਿੰਘ 'ਚਮਨ' 129
~ ਗਿੱਲ ਮੋਰਾਂਵਾਲੀ 131
~ ਸੁਖਪਾਲਵੀਰ ਸਿੰਘ 'ਹਸਰਤ' 133
~ ਮੋਹਨ ਸਿੰਘ ਬੈਰੀ 138
~ ਰਕਸ਼ਪਾਲ 140
~ ਸੋਹਨ ਲਾਲ 'ਦਰਦੀ' 141
~ ਕੁਲਤਾਰ 146
~ ਜਗਜੀਤ ਸਿੰਘ ਕੋਮਲ 151
~ ਸੁਖਦੇਵ ਕੌਰ 'ਚਮਕ' 152
~ ਸੁਰਿੰਦਰ ਗਿੱਲ 154
~ ਆਦਰਸ਼ ਕੁਮਾਰ ਦਰਸ਼ੀ 155
~ ਪਰਕਾਸ਼ ਰਾਮ ਖ਼ਾਮੋਸ਼ 157
~ ਸਰਵਣ ਸਿੱਧੂ ਮੋਰਾਂਵਾਲੀ 158
~ ਡਾ. ਰਣਧੀਰ ਸਿੰਘ 'ਚੰਦ' 159
~ ਆਤਮਾ ਰਾਮ ਕਿਸ਼ਨਪੁਰੀ 161
~ ਸੱਜਾਦ ਮਿਰਜ਼ਾ 162
~ ਗੁਰਚਰਨ ਸਿੰਘ ਅਰਸ਼ੀ 164
~ ਗੁਰਬਖ਼ਸ਼ ਡੋਗਰਾ 166
~ ਦੀਦਾਰ ਸਿੰਘ ਦੀਦਾਰ 171
~ ਤਰਸੇਮ ਸਿੰਘ ਸਫ਼ਰੀ 176
~ ਇਸਤਮੁੱਲਾ ਸਾਕੀ 181
~ ਅਮਰੀਕ ਡੋਗਰਾ 182
~ ਗੁਰਬਖ਼ਸ਼ ਜੱਸ 187
~ ਤਾਲਿਬ ਹੁਸ਼ਿਆਰਪੁਰੀ 188
~ ਜਸਵੀਰ ਸਿੰਘ ਧੀਮਾਨ 189
~ ਜ਼ਾਹਿਦ ਨਵਾਜ਼ 194
~ ਨਜ਼ੀਰ ਕੈਸਰ 196
~ ਸਿੱਦੀਕ ਬੇਕਸ ਕਾਦਰੀ 198
~ ਦੀਦਾਰ ਸ਼ੇਤਰਾ 199
~ ਭਗਤ ਬਛੌੜੀ 200
~ ਜਸਵੰਤ ਪਰਮਾਰ 'ਚਮਨ' 201
~ ਕੁੰਦਨ ਲਾਲ 'ਪਾਲ' 206
~ ਸਬਜਿੰਦਰ ਕੇਦਾਰ 210
~ ਸੁਰਿੰਦਰ ਬਿਸ਼ਨਪੁਰੀ 211
~ ਸੁਰਿੰਦਰ ਖੇਤਰਪਾਲ 212
~ ਰੇਸ਼ਮ ਚਿੱਤਰਕਾਰ 213
~ ਨਰਿੰਦਰ ਡਾਨਸੀਵਾਲ 217
~ ਕਪਿਲ ਦੇਵ 222
~ ਰਣਧੀਰ ਸਿੰਘ ਗਿੱਧਾ 223
~ ਜੋਗਾ ਸਿੰਘ ਬਠੁੱਲਾ 224
~ ਸੱਜਣ ਸਿੰਘ 'ਸੱਜਣ' 229
~ ਬਲਦੇਵ ਸਿੰਘ ਬੱਦਨ 230
~ ਸੰਧੂ ਵਰਿਆਣਵੀ 233
~ ਡਾ. ਹਰਚਰਨ 235
~ ਮਨਜੀਤ ਸਿੰਘ 'ਪ੍ਰੀਤ' 237
~ ਇਕਵਿੰਦਰ ਸਿੰਘ 239
~ ਡਾ. ਜਨਮੀਤ 246
~ ਬਲਵੀਰ ਮਾਧੋਪੁਰੀ 250
~ ਮਿਸਰਦੀਪ ਭਾਟੀਆ 252
~ ਜਸਪਾਲ ਧਾਮੀ 254
~ ਕੁਲਵਿੰਦਰ ਕੌਰ ਸ਼ੇਰਗਿੱਲ 258
~ ਭੋਲ਼ਾ ਰਾਮ 'ਜੱਸਲ' 262
~ ਸੁਰਿੰਦਰ ਕੰਗਵੀ 265
~ ਕਮਲਦੇਵ ਪਾਲ 270
~ ਸੁਖਦੇਵ ਹੀਰ 274
~ ਡਾ. ਸਰਦੂਲ ਸਿੰਘ 277
~ ਸੁਰਜੀਤ ਕਰੜਾ 279
~ ਹਰਦਿਆਲ ਹੁਸ਼ਿਆਰਪੁਰੀ 280
~ ਜਤਿੰਦਰ ਪੱਤੜ 281
~ ਅੰਮ੍ਰਿਤ ਦੀਵਾਨਾ 285
~ ਬਲਵਿੰਦਰ ਸੈਣੀ 288
~ ਨਵਤੇਜ ਗੜ੍ਹਦੀਵਾਲਾ 290
~ ਸੁਰਿੰਦਰ ਸੀਹਰਾ 292
~ ਕੁਲਵਿੰਦਰ 'ਫੁੱਲ' 294
~ ਸੋਹਨ ਕੋਜ਼ੀ 295
~ ਜਸਵੀਰ ਕਾਲਰਵੀ 297
~ ਮਦਨ ਵੀਰਾ 301
~ ਪ੍ਰੇਮ ਸਿੰਘ ਹਾਰਟਾ 302
~ ਸੁੱਖੀ ਪਰਵਾਨਾ 307
~ ਪ੍ਰੇਮ ਸਾਹਿਲ 308
~ ਆਦੇਸ਼ ਅੰਕੁਸ਼ 309
~ ਬਲਜਿੰਦਰ ਮਾਨ 311
~ ਸ਼ਾਮ ਸੁੰਦਰ 316
~ ਕਸ਼ਿਸ਼ ਹੁਸ਼ਿਆਰਪੁਰੀ 321
~ ਐਸ. ਡੀ. ਕ੍ਰਿਸ਼ਨਾ ਰਾਓ 327
~ ਹਰਮੀਤ ਸਿੰਘ ਅਟਵਾਲ 328
~ ਸੁਖਦੇਵ ਨਡਾਲੋਂ 330
~ ਸਾਂਵਲ ਧਾਮੀ 334
~ ਅਮਰੀਕ ਹਮਰਾਜ਼ 339
~ ਕੁਲਵਿੰਦਰ 'ਕੁੱਲਾ' 340
~ ਜਸਵੰਤ ਸਿੰਘ ਚੰਨ 341
~ ਰਣਜੀਤ ਪੋਸੀ 344
~ ਹਰਵਿੰਦਰ ਸਾਹਬੀ 346
~ ਰੋਸ਼ਨੀ ਕੁਮਾਰੀ 'ਹਮਰਾਹ' 349
~ ਜਸਵਿੰਦਰ ਜੱਸੀ 350
~ ਅਸ਼ੋਕ ਅਸ਼ਕ 355
~ ਰਾਕੇਸ਼ ਕੁਮਾਰ 'ਆਜ਼ਾਦ' 360
~ ਵਿਜੈ ਭੱਟੀ 363
~ ਕੁਲਵੀਰ ਗੋਜਰਾ 366
~ ਕੁਲਦੀਪ ਦੀਪਕ 368
~ ਮਨਜੀਤ ਬੰਗਾ 370
~ ਸੋਮਦੱਤ 'ਦਿਲਗੀਰ' 371
~ ਸੁੱਚਾ ਸਿੰਘ 'ਲੇਹਲ' 374
~ ਗੁਰਦੀਪ ਸਿੰਘ 'ਦੀਪ' 375
~ ਗਗਨਦੀਪ ਸ਼ੇਰਗਿੱਲ 378
~ ਦਲਜੀਤ ਪੱਖੋਵਾਲ 379
~ ਰਾਜਵਿੰਦਰ ਸਿੰਘ 'ਰਾਜ' 384
~ ਸਤਨਾਮ ਸਿੰਘ ਚੌਹਾਨ 388
~ ਅਜਮੇਰ ਸਿੰਘ ਦੀਵਾਨਾ 389
~ ਗ਼ਜ਼ਲਕਾਰਾਂ ਦੀ
ਜਾਣ-ਪਛਾਣ 391-400

ਇਸ ਗ਼ਜ਼ਲ ਸੰਗ੍ਰਹਿ ਵਿਚ ਉਨ੍ਹਾਂ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਸ਼ਾਮਲ ਕੀਤੀਆਂ ਗਈਆਂ ਹਨ ਜਿਹੜੇ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਜਾਂ ਤਾਂ ਜਨਮ ਕਰਕੇ ਸੰਬੰਧਤ ਹਨ 'ਤੇ ਜਾਂ ਉਹ ਜਿਨ੍ਹਾਂ ਨੇ ਇਸ ਜ਼ਿਲ੍ਹੇ ਵਿਚ ਚੋਖਾ ਸਮਾਂ ਆਪਣਾ ਨਿਵਾਸ ਸਥਾਨ ਬਣਾਈ ਰੱਖਿਆ।

Including in this anthology are poets who belong to Hoshiarpur district of Punjab either by virtue of their birth or who has made this district their adobe for a pretty long period.

## 'ਮਨਜ਼ੂਰ' ਹੁਸ਼ਿਆਰਪੁਰੀ

ਅੱਖੀਂ ਅੱਥਰੂ ਚਿਹਰਾ ਪੀਲ਼ਾ ਸਿਰ ਘੱਟਾ ਤਨ ਲੀਰਾਂ।
ਦੇਖਣ ਵਾਲੇ ਆ ਦਿਖਲਾਵਾਂ ਇਸ਼ਕ ਦੀਆਂ ਤਸਵੀਰਾਂ।

ਜਾਂਦੇ ਰਹਿੰਦੇ ਹਿਰਸ਼ ਦਿਲਾਂ ਦੇ ਜੇ ਜਾਂਦੇ ਕਹਿ ਜਾਂਦੇ,
ਹੁਸਨ-ਪੁਰੇ ਵਿਚ ਪਿਆਰ ਵਫ਼ਾ ਦਾ ਕਰਨਾ ਹੈ ਤਕਸੀਰਾਂ।

ਜਾਗ ਪਈਆਂ ਤਕਦੀਰਾਂ ਜਿਸ 'ਲੇ ਮੈਨੂੰ ਨੀਂਦਰ ਆ ਗਈ,
ਜਿਸ ਵੇਲੇ ਅੱਖ ਖੁੱਲ੍ਹੀ ਮੇਰੀ ਸੌਂ ਗਈਆਂ ਤਕਦੀਰਾਂ।

ਇਹ ਦੁਨੀਆ ਹੈ ਪਿਆਰ ਦੀ ਵੈਰੀ ਇਸ ਦੁਨੀਆ ਦੇ ਅੰਦਰ,
ਲੱਖਾਂ ਰਾਂਝੇ ਮਿੱਟੀ ਹੋ ਗਏ ਖ਼ਾਕ ਹੋ ਗਈਆਂ ਹੀਰਾਂ।

ਐਸਾ ਰੋਗ ਇਸ਼ਕ ਦਾ ਲੱਗਾ, ਲੱਗਾ ਨਾ ਕੋਈ ਦਾਰੂ,
ਨਾ ਕੋਈ ਢਿੱਲ ਹਕੀਮਾਂ ਵਰਤੀ ਨਾ ਵਰਤੀ ਗੁਰਪੀਰਾਂ।

## 2

ਦਿਲ ਮੇਰਾ ਟੁੱਟਿਆ ਤਾਂ ਦਿਲਬਰ ਨੂੰ ਮਲਾਲ ਆ ਹੀ ਗਿਆ।
ਅਪਣੇ ਬਚਪਨ ਦੇ ਖਿਲੌਣੇ ਦਾ ਖ਼ਿਆਲ ਆ ਹੀ ਗਿਆ।

ਨਰਕ ਕੰਬਿਆ, ਸਵਰਗ ਰੋਇਆ ਦੇਖ ਕੇ ਮੇਰੇ ਗੁਨਾਹ,
ਰਹਿਮਤਾਂ ਹੱਸੀਆਂ ਕਿ ਹੁਣ ਅਪਣਾ ਮਾਲ ਆ ਹੀ ਗਿਆ।

ਇਸ਼ਕ ਅਪਣਾ ਕਹਿ ਦੇਵਾਂ ਜਾਂ ਬੇਵਸੀ ਦਿਲ ਦੀ ਕਹਾਂ,
ਮੂੰਹ ਦੀ ਖਾਕੇ ਫੇਰ ਵੀ ਮੂੰਹ 'ਤੇ ਸਵਾਲ ਆ ਹੀ ਗਿਆ।

ਦੇਖਕੇ ਸੱਯਾਦ 'ਤੇ ਬੁਲਬੁਲ ਨੂੰ ਫਿਰਦੇ ਬਾਗ਼ ਵਿਚ,
ਯਾਦ ਤੂੰ ਆਇਆ ਹੀ ਸੀ ਤੇਰਾ ਖ਼ਿਆਲ ਆ ਹੀ ਗਿਆ।

ਜਿਸ ਮਾਹ, ਜਿਸ ਦਿਨ, ਘੜੀ, ਜਿਸ ਸਾਲ ਤੋਂ ਬਚਦਾ ਸੀ ਮੈਂ,
ਉਹ ਮਹੀਨਾ ਉਹ ਘੜੀ ਉਹ ਦਿਨ ਉਹ ਸਾਲ ਆ ਹੀ ਗਿਆ।



# ਦਾਮਨ ਹੁਸ਼ਿਆਰਪੁਰੀ

ਸਾਰੀ ਦੁਨੀਆ ਦੇ ਸਹਾਰੇ ਦੇਖ ਲਏ।
ਦੇਖ ਲਏ ਸਾਰੇ ਦੇ ਸਾਰੇ ਦੇਖ ਲਏ।

ਮੈਂ ਹਨੇਰੇ ਵਿਚ 'ਤੇ ਉਹ ਚਾਨਣੇ,
ਸੋਹਣਿਆਂ ਦੇ ਚਮਤਕਾਰੇ ਦੇਖ ਲਏ।

ਪਾਰ ਬੇੜੀ ਨਾ ਲਿਜਾ ਤੂੰ ਮਾਂਝੀਆ!
ਅੱਧ ਵਿੱਚੇ ਮੈਂ ਕਿਨਾਰੇ ਵੇਖ ਲਏ।

ਇਸ਼ਕ-ਸਾਗਰ ਬਹੁਤ ਡੂੰਘਾ ਅੰਬਰਾ!
ਡੁੱਬ ਕੇ ਮੈਂ ਚੰਨ-ਤਾਰੇ ਦੇਖ ਲਏ।

ਮੈਂ ਨਾ ਜਾਣਾਂ ਹਿਜਰ ਨੂੰ 'ਤੇ ਵਸਲ ਨੂੰ,
ਬੇ-ਖ਼ੁਦੀ ਵਿਚ ਸਭ ਨਜ਼ਾਰੇ ਦੇਖ ਲਏ।

ਇਸ਼ਕ ਤੇਗ਼ਾਂ ਨੰਗੀਆਂ 'ਤੇ ਨੱਚ ਪਿਆ,
ਹੁਸਨ ਵਾਲੇ ਜਦ ਇਸ਼ਾਰੇ ਦੇਖ ਲਏ।

ਨਾ ਦਿਖਾਵੇ ਰੱਬ ਕਿਸੇ ਨੂੰ ਦੋਸਤੋ!
ਮੈਂ ਉਹ ਜਿਹੜੇ ਦਿਨ ਨੂੰ ਤਾਰੇ ਦੇਖ ਲਏ।

ਮੁਸਕਰਾ ਕੇ ਹੁਸਨ ਮਚਲਾ ਹੋ ਗਿਆ,
ਇਸ਼ਕ ਦੇ ਜਦ ਹਾਲ-ਪਾਰ੍ਹੇ ਦੇਖ ਲਏ।

ਅੱਜ 'ਦਾਮਨ' ਜਹੇ ਓ ਤੇਰਾ ਸਾਕੀਆ!
ਤੱਕਦੇ ਕਈ ਮੂੰਹ ਵਿਚਾਰੇ ਦੇਖ ਲਏ।

## ਮੋਤਾ ਸਿੰਘ 'ਸ਼ਰਨ'

ਦਿਲਬਰੀ ਮੇਰੀ ਮਿਰੇ ਦਿਲਬਰ ਨੇ ਜਾਣੋ ਦੇਖ ਲਈ।
ਅੱਖ ਮੇਰੀ ਭਰੀ ਦੀਦਾਤਰ ਨੇ ਜਾਣੋ ਦੇਖ ਲਈ।

ਖੁੱਲ੍ਹਿਆ ਐਨਾ ਕਿ ਗੱਲਾਂ ਕਰੇ ਜ਼ੱਰਿਆਂ ਨਾਲ ਉਹ,
ਪੈੜ ਮੇਰੀ ਸਰਦਲੋਂ ਹੀ ਦਰ ਨੇ ਜਾਣੋ ਦੇਖ ਲਈ।

ਬਹੁਤ ਰੋਇਆ, ਰੋ-ਰੋ ਕੇਰੇ ਖ਼ੂਨ ਦੇ ਅੱਥਰੂ ਬਹੁਤ,
ਜ਼ਖ਼ਮ ਦੀ ਹਾਲਤ ਮੇਰੇ ਨਸ਼ਤਰ ਨੇ ਜਾਣੋ ਦੇਖ ਲਈ।

ਹੌਂਸਲਾ ਦੇਵੇ ਪਿਆ ਸੂਲ਼ੀ 'ਤੇ ਚੜ੍ਹਿਆਂ ਨੂੰ ਵੀ ਅੱਜ,
ਵਸਲ ਦੀ ਉਮੀਦ ਦਿਲ ਦੇ ਡਰ ਨੇ ਜਾਣੋ ਦੇਖ ਲਈ।

ਬਚਣ ਦਾ ਦਾਰੂ ਕਰੇ ਤਾਂ ਹੁਣ ਵਿਚਾਰੀ ਕੀ ਕਰੇ,
ਆਸ ਮੇਰੀ ਚੁਗ ਰਹੀ ਅਜਗਰ ਨੇ ਜਾਣੋ ਦੇਖ ਲਈ।

ਪੈਣੀ ਬਿਜਲੀ ਨਦੀ ਦੇ ਕੰਢੇ ਖਲੋਤੇ ਰੁੱਖ 'ਤੇ,
ਆਲ੍ਹਣਾ ਪਾਉਂਦੀ ਚਿੜੀ ਅੰਬਰ ਨੇ ਜਾਣੋ ਦੇਖ ਲਈ।

ਨਵੀਂ ਲੀਹ ਪਾਈ ਹੋਈ ਮੇਰੀ ਮਿਟਾ ਕੇ ਆਈ ਚੈਨ,
'ਸ਼ਰਨ' ਦੇ ਬੇ-ਅਕਲ ਘਰਦੇ ਘਰ ਨੇ ਜਾਣੋ ਦੇਖ ਲਈ।



## 2.

ਦਿਲਾ! ਦਿਲ ਦੀਆਂ ਤੂੰ ਖਿਲਾਰੀਂ ਨਾ ਗੱਲਾਂ।
ਬੇਗਾਨੇ ਕਿਸੇ ਕੋਲ ਮਾਰੀਂ ਨਾ ਗੱਲਾਂ।

ਜੋ ਕਹੀਆਂ ਉਨ੍ਹਾਂ ਨੇ ਵਿਸਾਰਨ ਨੂੰ ਤੈਨੂੰ,
ਵਿਸਰ ਜਾਣ ਉਹ ਪਰ ਵਿਸਾਰੀਂ ਨਾ ਗੱਲਾਂ।

ਜਿਵੇਂ ਰੇਤ ਦੇ ਮਹਿਲ ਕੰਢੇ ਨਦੀ ਦੇ,
ਦਿਲਾ! ਇਸ ਤਰ੍ਹਾ ਤੂੰ ਉਸਾਰੀਂ ਨਾ ਗੱਲਾਂ।

ਕੋਈ ਗੱਲਾਂ ਵਿਚ ਤੇਰੀ ਕਰਦੈ ਬੇ-ਇਜ਼ਤੀ,
ਤੂੰ ਗੱਲਾਂ 'ਚ ਦੇਖੀਂ ਗੁਜ਼ਾਰੀਂ ਨਾ ਗੱਲਾਂ।

ਜਿਨ੍ਹਾਂ ਨਾਲ ਤੂੰ ਜਾਵੇਂ ਦੁਨੀਆ 'ਚ ਨਿੰਦਿਆ,
ਮੇਰੇ ਦੋਸਤਾ! ਉਹ ਪਿਆਰੀਂ ਨਾ ਗੱਲਾਂ।

ਕਿਤੇ ਗੱਲਾਂ ਬਦਲੇ ਜੇ ਖੱਲ ਉਤਰ ਜਾਵੇ,
ਸ਼ੁਕਰ ਬਿਨ-ਜ਼ੁਬਾਨੋਂ ਉਤਾਰੀਂ ਨਾ ਗੱਲਾਂ।

'ਸ਼ਰਨ' ਬਦਲੇ ਵਿਚ ਖ਼ੂਨ ਦਾ ਖ਼ੂਨ ਮੰਗੀਂ,
ਕਿਤੇ ਬੁਜ਼ਦਿਲਾਂ ਵਾਂਗ ਮਾਰੀਂ ਨਾ ਗੱਲਾਂ।

## ਮੁਜਰਿਮ ਦਸੂਹੀ

ਹੁਸਨ 'ਤੇ ਜਦ ਸ਼ਬਾਬ ਆਉਂਦਾ ਏ।
ਦਿਲ ਦੇ ਵਿਚ ਇਨਕਲਾਬ ਆਉਂਦਾ ਏ।

ਖ਼ਾਬ ਅੰਦਰ ਵੀ ਜੋ ਨਹੀਂ ਮਿਲਦਾ,
ਓਸ ਦੇ ਮਿਲਣੇ ਦਾ ਖ਼ਾਬ ਆਉਂਦਾ ਏ।

ਸਾਰੀ ਦੁਨੀਆ 'ਤੇ ਪੈ ਗਿਆ ਪਰਦਾ,
ਤੇਰੇ ਰੁਖ਼ 'ਤੇ ਨਕਾਬ ਆਉਂਦਾ ਏ।

ਮੇਰਾ ਖ਼ਤ ਹੀ ਹੈ ਮਿਲ ਗਿਆ ਮੈਨੂੰ,
ਮੇਰੇ ਖ਼ਤ ਦਾ ਜਵਾਬ ਆਉਂਦਾ ਏ।

ਰਿੰਦੋ! ਉੱਠੋ ਝੁਕਾ ਦਿਓ ਗਰਦਨ,
ਸ਼ੈਖ਼ ਪੀ ਕੇ ਸ਼ਰਾਬ ਆਉਂਦਾ ਏ।



ਇਸ਼ਕ ਸੌਦਾ ਹਜ਼ੂਰ ਘਾਟੇ ਦਾ,
ਦਿਲ ਦੇ ਬਦਲੇ ਅਜ਼ਾਬ ਆਉਂਦਾ ਏ।

ਪਰਦੇ ਵਿਚੋਂ 'ਤੇ ਬਾਹਰ ਨਾ ਆਓ!
ਕੋਈ ਖ਼ਾਨਾ-ਖ਼ਰਾਬ ਆਉਂਦਾ ਏ।

ਈਦ ਦੇ ਦਿਨ ਜੋ ਮੁੜ ਗਿਆ ਖ਼ਾਲੀ,
ਮੁੜ ਕੇ ਕਿੱਥੇ ਜਨਾਬ ਆਉਂਦਾ ਏ?

ਮਣਕੇ ਮਾਲ਼ਾ ਦੇ ਫੇਰਦਾ ਗਿਣ-ਗਿਣ,
ਪੂਜਾ ਵਿਚ ਵੀ ਹਿਸਾਬ ਆਉਂਦਾ ਏ।

ਬੁਲਬੁਲਾਂ ਦੀ ਜ਼ੁਬਾਨ ਨੂੰ ਰੋਕੋ,
ਸ਼ੋਖ਼ੀਆਂ 'ਤੇ ਗੁਲਾਬ ਆਉਂਦਾ ਏ।

ਭੁੱਲ ਹੀ ਜਾਂਦੀ ਹੈ ਸ਼ਾਮ ਨੂੰ 'ਮੁਜਰਿਮ',
ਸੁਭਾ ਪੜ੍ਹ ਕੇ ਕਿਤਾਬ ਆਉਂਦਾ ਏ।

## 2

ਹੁਸਨ ਐਵੇਂ ਖ਼ਿਆਲ ਹੈ ਦਿਲ ਦਾ।
ਇਸ਼ਕ ਕੀ ਏ? ਉਬਾਲ ਹੈ ਦਿਲ ਦਾ।

ਉਸਨੂੰ ਦੁਨੀਆ ਹੁਸੀਨ ਲੱਗਦੀ ਏ,
ਜਿਸ ਨੂੰ ਦਿਸਦਾ ਜਮਾਲ ਹੈ ਦਿਲ ਦਾ।

ਹਿਜਰ ਵਿਚ ਵੀ ਉਹ ਸਾਫ਼ ਦਿਸਦੇ ਨੇ,
ਇਹ ਵੀ ਹੋਇਆ ਕਮਾਲ ਹੈ ਦਿਲ ਦਾ।

ਦਿਲਬਰੀ ਦਾ ਹੀ ਮਰਤਬਾ ਮੰਗੇ,
ਕੈਸਾ ਉਲਟਾ ਸਵਾਲ ਹੈ ਦਿਲ ਦਾ?

ਗ਼ਮ ਜ਼ਮਾਨੇ ਦੇ ਲਾ ਲਏ ਦਿਲ ਨੂੰ,
ਹੁਣ 'ਤੇ ਬਚਣਾ ਮੁਹਾਲ ਹੈ ਦਿਲ ਦਾ।

ਅੱਖਾਂ ਢੂੰਡਣ ਵੀ ਕਿਸ ਤਰ੍ਹਾਂ 'ਮੁਜਰਿਮ' ?
ਦਿਲ ਦੇ ਅੰਦਰ ਜਲਾਲ ਹੈ ਦਿਲ ਦਾ।



## ਖ਼ੁਸ਼ੀ ਰਾਮ 'ਰਿਸ਼ੀ'

ਆਦਮੀ ਨੂੰ ਖਾ ਰਿਹਾ ਏ ਆਦਮੀ।
ਫੇਰ ਵੀ ਅਖਵਾ ਰਿਹਾ ਏ ਆਦਮੀ।

ਕੁਛ ਜ਼ਮੀਂ 'ਤੇ ਹੋਣ ਵਾਲਾ ਏ ਜ਼ਰੂਰ,
ਆਸਮਾਂ ਵਲ ਜਾ ਰਿਹਾ ਏ ਆਦਮੀ।

ਸ਼ਾਂਤੀ ਦਾ ਢੇਰ ਆਪੇ ਫੂਕ ਕੇ,
ਆਪ ਰੌਲਾ ਪਾ ਰਿਹਾ ਏ ਆਦਮੀ।

ਸਾਜ਼ ਫੜ ਕੇ ਸਾਇੰਸ ਦਾ ਫਿਰ ਓਸ 'ਤੇ,
ਰਾਗ ਦੀਪਕ ਗਾ ਰਿਹਾ ਏ ਆਦਮੀ।

ਹਾਏ ਰੱਬਾ! ਰੋਸ਼ਨੀ ਦੇ ਦੌਰ ਵਿਚ;
'ਨੇਰ੍ਹ ਪਾਈ ਜਾ ਰਿਹਾ ਏ ਆਦਮੀ।'

ਮੌਤ ਦਾ ਸਾਮਾਨ 'ਕੱਠਾ ਕਰ ਰਿਹੈ,
ਜੀਣ ਤੋਂ ਘਬਰਾ ਰਿਹਾ ਏ ਆਦਮੀ।

ਖੋਜ ਅਪਣੇ ਆਪ ਦੀ ਕਰਦਾ ਨਹੀਂ,
ਤਾਰੇ ਖੋਜੀ ਜਾ ਰਿਹਾ ਏ ਆਦਮੀ।

ਲਾਹ ਕੇ ਕੁਦਰਤ ਰਾਣੀ ਦੇ ਮੂੰਹ ਤੋਂ ਨਕਾਬ,
ਭੇਦ ਖੋਲ੍ਹੀ ਜਾ ਰਿਹਾ ਏ ਆਦਮੀ।

ਢੇਰ ਦੌਲਤ ਦੇ ਇਕੱਠੇ ਕਰ ਰਿਹਾ,
ਪਿਆਰ ਵੇਚੀ ਜਾ ਰਿਹਾ ਏ ਆਦਮੀ।

ਐ 'ਰਿਸ਼ੀ'! ਖ਼ੁਦ ਨੂੰ ਸਮਝ ਕੇ ਇਹ ਖ਼ੁਦਾ,
ਆਪ ਧੋਖਾ ਖਾ ਰਿਹਾ ਏ ਆਦਮੀ।

# ਠਾਕੁਰ ਭਾਰਤੀ

ਕੋਈ ਲੁਕਾ ਕੇ ਰੋਏ ਕੋਈ ਦਿਖਾ ਕੇ ਰੋਏ।
ਮੈਨੂੰ ਰੁਆਉਣ ਵਾਲੇ ਮੈਨੂੰ ਰੁਆ ਕੇ ਰੋਏ।

ਇਕ ਰੋਈ ਜਾਵੇ ਅਪਣੇ ਚੇਹਰੇ 'ਤੇ ਪਾ ਕੇ ਪੱਲੂ,
ਇਕ ਅਪਣੇ ਚੇਹਰੇ ਉੱਤੋਂ ਪੱਲੂ ਹਟਾ ਕੇ ਰੋਏ।

ਧਾਹ ਮਾਰੀ ਲਾਟ ਨੇ ਵੀ ਜਦ ਮੇਰੀ ਜ਼ਿੰਦਗੀ ਦਾ,
ਦੀਵਾ ਬੁਝਾਉਣ ਵਾਲੇ ਦੀਵਾ ਜਗਾ ਕੇ ਰੋਏ।

ਮੈਖ਼ਾਨਿਆਂ ਦੇ ਵਿਚ ਥਾਂ ਨਈਂ ਰੋਣ ਵਾਲਿਆਂ ਦੀ,
ਰੋਣਾ ਹੈ ਜਿਸ ਨੇ ਜਾਏ, ਮੰਦਰ 'ਚ ਜਾ ਕੇ ਰੋਏ।

ਲੁਟਿਆ ਹੋਇਆ ਵਪਾਰੀ, ਹਰਿਆ ਹੋਇਆ ਜੁਹਾਰੀ,
ਮੈਂ 'ਤੇ ਮੇਰਾ ਮੁਕੱਦਰ ਗਲਵਕੜੀ ਪਾ ਕੇ ਰੋਏ।

ਇੱਕੋ ਜਹੇ ਵੰਡ ਦੇਈਏ ਜੱਗ ਦੇ ਦੁੱਖਾਂ ਨੂੰ, ਤਾਂ ਜੋ,
ਇਕ ਦੂਸਰੇ ਨੂੰ ਕੋਈ ਨਾ ਦਿਖਾ-ਦਿਖਾ ਕੇ ਰੋਏ।

ਮਰਨੇ ਦਾ ਤਾਂ ਮਜ਼ਾ ਹੈ, ਮਰਨੇ ਤੋਂ ਬਾਅਦ 'ਠਾਕੁਰ' !
ਤੇਰੇ ਜਨਾਜ਼ੇ ਉੱਤੇ ਕਾਤਿਲ ਵੀ ਆ ਕੇ ਰੋਏ।



## 2

ਨਿਮ੍ਹਾ-ਨਿਮ੍ਹਾ ਗ਼ਰੂਰ ਰਹਿਣ ਦਿਓ।
ਅਪਣੇ ਦਿਲ ਵਿਚ ਸਰੂਰ ਰਹਿਣ ਦਿਓ।

ਰਹਿਣ ਦੇਵੋ ਹਜ਼ੂਰ! ਰਹਿਣ ਦਿਓ।
ਮੇਰੇ ਸਿਰ ਵਿਚ ਫ਼ਤੂਰ ਰਹਿਣ ਦਿਓ।

ਲਿਸ਼ਕਦਾ ਹੋਇਆ ਤੂਰ ਰਹਿਣ ਦਿਓ।
ਮੇਰੀ ਅੱਖਾਂ 'ਚ ਨੂਰ ਰਹਿਣ ਦਿਓ।

ਮੈਨੂੰ ਮਸਜਿਦ ਤੋਂ ਦੂਰ ਰਹਿਣ ਦਿਓ।
ਸ਼ੈਖ਼ ਜੀ! ਅਪਣੀ ਹੂਰ ਰਹਿਣ ਦਿਓ।

ਸਭ ਦੇ ਪੱਲੇ ਕਸੂਰ ਰਹਿਣ ਦਿਓ।
ਕੋਈ ਤਾਂ ਬੇ-ਕਸੂਰ ਰਹਿਣ ਦਿਓ।

ਜਿਸਨੂੰ ਚਾਹੁੰਦੇ ਹੋ ਦਿਲ ਦੇ ਕੋਲ ਤੁਸੀਂ,
ਉਸ ਨੂੰ ਪੈਰਾਂ ਤੋਂ ਦੂਰ ਰਹਿਣ ਦਿਓ।

ਨਾ ਫਰੋਲੋ ਮੇਰੀ ਤਬੀਅਤ ਨੂੰ,
ਦੱਬਿਆ ਹੋਇਆ ਗ਼ਰੂਰ ਰਹਿਣ ਦਿਓ।

ਨੀ ਹਵਾਓ! ਫ਼ਰਾਟੇ ਮਾਰੋ ਨਾਂਹ,
ਮੇਰੇ ਅੰਬਾਂ 'ਤੇ ਬੂਰ ਰਹਿਣ ਦਿਓ।

ਟੁਕੜਾ-ਟੁਕੜਾ ਹੀ ਇਕ ਨਗੀਨਾ ਹੈ,
ਦਿਲ ਦੇ ਸ਼ੀਸ਼ੇ ਨੂੰ ਚੂਰ ਰਹਿਣ ਦਿਓ।

## 3

ਆਦਮ-ਆਦਮ ਬੋ ! ਹੈ ਮੇਰੇ ਕਮਰੇ ਵਿਚ।
ਰਹਿਣ ਦਿਉ  ਬਸ ! ਜੋ ਹੈ ਮੇਰੇ ਕਮਰੇ ਵਿਚ।

ਤਿਤਲੀ ਆਉਂਦੀ ਹੈ ਤਾਂ ਪੈਲਾਂ ਪਾਉਂਦੀ ਹੈ,
ਫੁੱਲਾਂ ਦੀ ਖ਼ੁਸ਼ਬੋ ਹੈ ਮੇਰੇ ਕਮਰੇ ਵਿਚ।

ਵਿਰਲਾਂ ਥਾਣੀ ਝਾਕੀ ਜਾਂਦਾ ਹੈ ਸੂਰਜ,
ਕੀ ਉਸ ਦੀ ਲਾਡੋ ਹੈ ਮੇਰੇ ਕਮਰੇ ਵਿਚ ?

ਧੁਖ਼ਦੀ ਹੋਈ ਧੂਫ਼ ਗਵਾਹੀ ਦਿੰਦੀ ਹੈ,
ਵਹਿਮਾਂ ਦੀ ਬਦਬੋ ਹੈ ਮੇਰੇ ਕਮਰੇ ਵਿਚ।

ਕਿਸ ਨੂੰ ਲਭਦੇ ਹੋਏ ਗਵਾਚੇ ਫਿਰਦੇ ਹੋ ?
ਆਵੋ, ਆ ਜਾਵੋ, ਹੈ ਮੇਰੇ ਕਮਰੇ ਵਿਚ।

ਹਰ ਕੋਈ ਹੀ ਲੱਦਿਆ-ਲੱਦਿਆ ਆਉਂਦਾ ਹੈ,
ਗ਼ਮ ਦੀ ਢੋਆ-ਢੋ ਹੈ ਮੇਰੇ ਕਮਰੇ ਵਿਚ।

ਨਿੱਘ ਵੀ ਦਿੰਦੀ ਹੈ ਦਿੰਦੀ ਹੈ ਚਾਨਣ ਵੀ,
ਇਕ ਅਦੁੱਤੀ ਲੋ ਹੈ ਮੇਰੇ ਕਮਰੇ ਵਿਚ।

ਏਨੀ ਹੀ ਬਸ ? ਮੇਰੀ ਦੁਨੀਆ ਹੈ 'ਠਾਕੁਰ',
ਜਿੰਨਾ ਕੁਝ ਹੈ ਜੋ ਹੈ ਮੇਰੇ ਕਮਰੇ ਵਿਚ।



## 4

ਸੱਜਣਾ ਦੇ ਹਰ ਇੱਕ ਬੋਲ ਵਿਚ ਤੂਫ਼ਾਨ ਬੜੇ ਨੇ।
ਦਾਈਏ ਮਿਰੀ ਹਿੰਮਤ ਦੇ ਵੀ ਬਲਵਾਨ ਬੜੇ ਨੇ।

ਅਸਮਾਨ ਬਥੇਰੇ ਨੇ ਗੁਲਿਸਤਾਨ ਬੜੇ ਨੇ।
ਪਰ ਹੋਣ ਤਾਂ ਮਰਦਾਂ ਲਈ ਮੈਦਾਨ ਬੜੇ ਨੇ।

ਇੱਕ ਝਲਕ ਦਾ ਹਾਂ ਚੋਰ ਮੈਂ ਅਣਭੋਲ ਨਾ ਜਾਣਾਂ,
ਨਿੱਕਿਆਂ ਜਿਹਾਂ ਕੰਮਾਂ 'ਚ ਵੀ ਨੁਕਸਾਨ  ਬੜੇ ਨੇ।

ਮੈਨੂੰ ਕੋਈ ਦਿਸਦਾ ਏ ਨਾ ਮੈਂ ਦਿਸਦਾ ਕਿਸੇ ਨੂੰ,
ਵਗਦੇ ਹੋਏ ਬਾਜ਼ਾਰ ਬੀਆਬਾਨ ਬੜੇ ਨੇ।

ਮਿਲਦਾ ਨਹੀਂ ਗਾਂਡੀਵ ਦਾ ਸੁਾਮੀ ਨਹੀਂ ਮਿਲਦਾ,
ਘੋੜੇ ਵੀ ਬੜੇ, ਰਥ ਬੜੇ, ਰਥਵਾਨ ਬੜੇ ਨੇ।

ਈਮਾਨ ਦੀ ਪੁੱਛਦੇ ਹੋ ਤਾਂ ਕੰਨ ਖੋਲ੍ਹ ਕੇ ਸੁਣ ਲਉ !
ਈਮਾਨ ਦੇ ਬੰਦੇ ਵੀ ਬੇਈਮਾਨ ਬੜੇ ਨੇ।

ਪਾਇਆ ਏ ਹਰ ਇੱਕ ਸੜਕ ਨੇ ਗਲ਼ ਬਿਜਲੀ ਦਾ ਕੰਠਾ,
ਇਸ ਸ਼ਹਿਰ ਵਿਚ ਭੰਵਟਾਂ ਲਈ ਸ਼ਮਸ਼ਾਨ ਬੜੇ ਨੇ।

ਮੈਂ ਬਾਗ਼ ਵਿਚ ਕੁਝ ਹੋਰ ਹੀ ਵੇਖਣ ਲਈ ਆਇਆਂ,
ਫੁੱਲ ਤਾਂ ਮਿਰੇ ਘਰ ਵਿਚ ਹੀ ਮਿਰੀ ਜਾਨ ਬੜੇ ਨੇ।

ਕਲ੍ਹ ਆਵੇਗਾ ਤਾਂ ਨਿਬੜਾਂਗਾ ਕਲ੍ਹ ਨਾਲ ਵੀ 'ਠਾਕੁਰ',
ਹਾਲੇ ਤਾਂ ਮਿਰੇ  ਅੱਜ ਦੇ ਭੁਗਤਾਨ ਬੜੇ ਨੇ।

## 5

ਕਲ੍ਹ ਰੱਖਿਆ ਸੀ ਗੀਤਾ ਵਿਚ ਅਜ ਹੀਰ ਵਿਚ ਸਰਕਾਵਾਂ।
ਕਿਸ ਥਾਂ ’ਤੇ ਲੁਕਾ ਰੱਖਾਂ ‘ਠਾਕੁਰ’ ਤਿਰਾ ਸਰਨਾਵਾਂ।

ਕੁਛ ਕਹਿ ਕੇ ਵੀ ਪਛਤਾਵਾਂ ਚੁੱਪ ਰਹਿ ਕੇ ਵੀ ਪਛਤਾਵਾਂ।
ਅੱਗ ਲਾ ਕੇ ਮੁਹੱਬਤ ਨੂੰ ਜੀਅ ਕਰਦਾ ਏ ਮਰ ਜਾਵਾਂ।

ਥਾਂ ਟੋਲ਼ਦਾ ਫਿਰਦਾ ਹਾਂ ਅਪਣੇ ਲਈ ਮਰਨੇ ਦੀ,
ਮੈਂ ਫੁੱਲ ਨਹੀਂ ਜੰਗਲ ਦਾ ਜੋ ਡਾਲ਼ ’ਤੇ ਮੁਰਝਾਵਾਂ।

ਨ੍ਹੇਰੇ ’ਚੋਂ ਨਿਕਲ ਆਇਆਂ ਹੁਣ ਲਗਦਾ ਏ ਡਰ ਮੈਨੂੰ,
ਚਾਨਣ ਦੇ ਸਰੋਵਰ ਵਿਚ ਠੋਕਰ ਹੀ ਨਾ ਖਾ ਜਾਵਾਂ।

ਤਕਦੀਰ ਤੋਂ ਡਰਦਾ ਮੈਂ ਸੀਨੇ ਚੋਂ ਨਹੀਂ ਕੱਢਦਾ,
ਤਦਬੀਰ ’ਤੇ ਪੈ ਜਾਸੀ ਤਕਦੀਰ ਦਾ ਪਰਛਾਵਾਂ।

ਖ਼ੁਦ ਮਾਰ ਕੇ ਠੁੱਡੇ ਮੈਂ ਅੱਗੇ ਨੂੰ ਰੁੜ੍ਹਾਂਦਾ ਹਾਂ,
ਉਸ ਪੈਰ ’ਤੇ ਮੰਜ਼ਲ ਹੈ ਜਿਸ ਪੈਰ ’ਤੇ ਸੁਸਤਾਵਾਂ।

ਜੋ ਵੰਨਗੀ ਮਾਤਰ ਮੈਂ ਸਵਰਗਾਂ ’ਚੋਂ ਲਿਆਇਆ ਸੀ,
ਕਿਉਂ ਤੇਰੀਆਂ ਜ਼ੁਲਫ਼ਾਂ ਵਿਚ ਉਸ ਪਿਆਰ ਨੂੰ ਉਲਝਾਵਾਂ।

ਉਸ ਵੇਲੇ ਹੀ ਨਾਂ ਅਪਣਾ ਲਿਖਵਾ ਲਿਆ ਭਗਤਾਂ ਵਿਚ,
ਜਿਸ ਵੇਲੇ ਕਿਹ ਯਾਰਾਂ ਦੇ ਪੱਲੇ ਨਾ ਰਿਹਾ ਨਾਵਾਂ।

ਰੁੱਸੇ ਫਿਰੇ ਬੇੜੀ ਵੀ ਰੁੱਸਿਆ ਫਿਰੇ ਦਰਿਆ ਵੀ,
ਮੈਂ ਕਿਸ ਦੇ ਲਈ ‘ਠਾਕੁਰ’ ਤੂਫ਼ਾਨ ਨੂੰ ਸਮਝਾਵਾਂ?



## ਈਸ਼ਵਰ ਚਿਤ੍ਰਕਾਰ

ਧੁਖ਼ਦਾ ਰਿਹਾ ਜੇ ਏਦਾਂ ਅੰਗਿਆਰ ਜ਼ਿੰਦਗੀ ਦਾ।
ਖਿੜਿਆ ਰਹੇਗਾ ਫਿਰ ਤਾਂ ਗੁਲਜ਼ਾਰ ਜ਼ਿੰਦਗੀ ਦਾ।

ਖ਼ੁਸ਼ੀਆਂ ਅਤੇ ਗ਼ਮਾਂ ਦਾ ਸੰਜੋਗ ਹੈ ਸਦੀਵੀ,
ਆਬਾਦ ਹੈ ਇਨ੍ਹਾਂ ਤੋਂ ਸੰਸਾਰ ਜ਼ਿੰਦਗੀ ਦਾ।

ਤੁਲਿਆ ਹੋਇਆ ਸੀ ਚਿਰ ਤੋਂ ਡੋਬਣ ਲਈ ਜ਼ਮਾਨਾ,
ਕੀਤਾ ਇਸ਼ਕ ਨੇ ਹੌਲ਼ਾ ਏ ਭਾਰ ਜ਼ਿੰਦਗੀ ਦਾ।

ਧੋਖਾ ਉਨ੍ਹਾਂ ਨੂੰ ਦਿੱਤਾ ਹੈ ਮੌਤ ਨੇ ਹਮੇਸ਼ਾ,
ਕੀਤਾ ਨਹੀਂ ਜਿਹਨਾਂ ਨੇ ਇਤਬਾਰ ਜ਼ਿੰਦਗੀ ਦਾ।

ਮੰਜ਼ਲ ਨਹੀਂ ਸੀ ਮਿਲਣੀ ਪਾਂਧੀ ਕਦੀ ਵੀ ਤੈਨੂੰ,
ਹੁੰਦਾ ਜੇ ਰਾਹ ਹਮੇਸ਼ਾ ਇਕਸਾਰ ਜ਼ਿੰਦਗੀ ਦਾ।

ਝਾਤੀ ਕਦੀ ਨਾ ਮਾਰੀ ਅਪਣੇ ਹੀ ਦਿਲ ’ਚ ਜਿਸ ਨੇ,
ਉਸ ਨੂੰ ਭਲਾ ਦਿਸੇ ਕੀ ਆਕਾਰ ਜ਼ਿੰਦਗੀ ਦਾ।

ਦਿੱਤਾ ਉਸੇ ਨੇ ਆਖ਼ਰ ਹੈ ਮੌਤ ਦਾ ਸੁਨੇਹਾ,
ਕੀਤਾ ਕਦੀ ਸੀ ਜਿਸ ਨੇ ਇਕਰਾਰ ਜ਼ਿੰਦਗੀ ਦਾ।

ਅਪਣੀ ਹੀ ਮੌਜ ਅੰਦਰ ਠੁਕਰਾ ਕੇ ਦਿਲ ਇਹ ਮੇਰਾ,
ਕੀਤਾ ਕਿਸੇ ਨੇ ਸੁਪਨਾ ਸਾਕਾਰ ਜ਼ਿੰਦਗੀ ਦਾ।

## 2

ਪੀੜ ਗੁੱਝੀ ਦਿਲ ਦੇ ਅੰਦਰ ਜਰ ਰਿਹਾ ਹਾਂ।
ਜ਼ਿੰਦਗੀ ਦੇ ਰੰਗ ਇਸ ਵਿਚ ਭਰ ਰਿਹਾ ਹਾਂ।

ਕੌਣ ਕਹਿੰਦਾ ਹੈ ਕਿ ਐਵੇਂ ਮਰ ਰਿਹਾ ਹਾਂ?
ਜ਼ਿੰਦਗੀ ਦੀ ਸ਼ਰਤ ਪੂਰੀ ਕਰ ਰਿਹਾ ਹਾਂ।

ਆ ਰਹੀ ਹੈ ਹਰ ਸਫ਼ਲਤਾ ਝੂਮਦੀ ਹੁਣ,
ਸਹਿ ਲਏਗਾ ਦਿਲ ਇਹ ਮੇਰਾ? ਡਰ ਰਿਹਾ ਹਾਂ।

ਰੌ 'ਚ ਜਿਸ ਦੀ ਇਸ਼ਕ ਹੀ ਨੇ ਠਲ੍ਹਿਆ ਹੈ,
ਉਸ ਜਵਾਲਾ ਦਾ ਸਮੁੰਦਰ ਤਰ ਰਿਹਾ ਹਾਂ।

ਬੀਜ ਕੇ ਖ਼ੁਸ਼ੀਆਂ, ਗ਼ਮਾਂ ਦੀ ਰੌੜ 'ਤੇ, ਮੈਂ
ਹੰਝੂਆਂ ਦਾ ਮੀਂਹ ਬਣ ਕੇ ਵਰ੍ਹ ਰਿਹਾ ਹਾਂ।

ਧਰਤ ਅੰਬਰ ਧੂੜ ਜਿਸ ਦੇ ਰਸਤਿਆਂ ਦੀ,
ਉਸ ਸੁਹੱਪਣ ਦੇ ਲਈ ਮੈਂ ਮਰ ਰਿਹਾ ਹਾਂ।



# ਦਾਗ਼ੀ ਗੜ੍ਹਸ਼ੰਕਰੀ

ਪਿਆਸ ਗ਼ੈਰਾਂ ਦੀ ਜਿਹੜਾ ਬੁਝਾਉਂਦਾ ਰਿਹਾ, ਆਪਾਂ ਉਸ ਦੀ ਹੀ ਮਹਿਫ਼ਿਲ 'ਚ ਪਿਆਸੇ ਰਹੇ।
ਰੱਜੇ ਹੋਇਆਂ ਨੂੰ ਦੁਨੀਆ ਰਜਾਉਂਦੀ ਰਹੀ, ਖ਼ਾਲੀ ਫ਼ੱਕਰਾਂ ਦੇ ਹੱਥਾਂ 'ਚ ਕਾਸੇ ਰਹੇ।

ਇਸ਼ਕ ਦੀ ਜਿਸ ਨੂੰ ਲੱਗੀ ਹੈ ਸੱਚੀ ਲਗਨ, ਰਹਿੰਦਾ ਪਾਬੰਦ ਨਹੀਂ ਉਹ ਕਿਸੇ ਕੈਦ ਦਾ,
ਓਸ ਨੂੰ ਕੌਣ ਰੋਕੇ, ਉਦ੍ਹੀ ਮੌਜ ਹੈ, ਏਸ ਪਾਸੇ ਰਹੇ, ਓਸ ਪਾਸੇ ਰਹੇ।

ਮੰਦਾ ਕਰਕੇ ਕਰਮ, ਚੰਗਾ ਲੋੜੇਂ ਤੂੰ ਫ਼ਲ, ਇਸ ਤਰ੍ਹਾਂ ਵੀ ਕਦੀ ਹੋਇਆ ਹੈ ਦੋਸਤਾ?
ਜੋ ਬਬੂਲ ਅਪਣੇ ਹੱਥੀਂ ਰਹੇ ਬੀਜਦੇ, ਉਹ ਮਹਿਕ ਫੁੱਲਾਂ ਦੀ ਤੋਂ ਨਿਰਾਸੇ ਰਹੇ।

ਹੌਲ਼ੀ-ਹੌਲ਼ੀ ਮੁਲਾਕਾਤ ਕਰਦੇ ਹੋਏ, ਜਦ ਮੁਹੱਬਤ ਦੇ ਉੱਤੇ ਜਵਾਨੀ ਚੜ੍ਹੀ,
ਮੂੰਹ ਮੁਹੱਬਤ ਦਾ ਉੱਤੋਂ ਤਾਂ ਬੰਦ ਹੋ ਗਿਆ, ਦਰਦ ਉਠਦੇ ਦਿਲਾਂ 'ਚੋਂ ਦੁਪਾਸੇ ਰਹੇ।

ਸਾਕੀਆ! ਤੂੰ 'ਤੇ ਆਇਆ ਨਹੀਂ ਰਾਤ ਭਰ, ਤੇਰੇ ਬਾਝੋਂ ਜੋ ਰਿੰਦਾਂ 'ਤੇ ਬੀਤੀ, ਉਹ ਸੁਣ;
ਸਭ ਨਿਰਾਸੇ ਰਹੇ, ਝੋਰੇ ਖ਼ਾਸੇ ਰਹੇ, ਜਾਮ ਉਦਾਸੇ ਰਹੇ, ਬੁੱਲ੍ਹ ਪਿਆਸੇ ਰਹੇ।

ਵਕਤ ਦਾ ਟਾਕਰਾ ਕੀ ਮੁਹੱਬਤ ਦੇ ਸੰਗ? ਵਕਤ ਲੰਘਿਆ ਤਾਂ ਉਸ ਦੀ ਨਾ ਛਾਂ ਵੀ ਰਹੀ,
ਪਰ ਮੁਹੱਬਤ ਵਲੋਂ ਮੈਨੂੰ ਦਿੱਤੇ ਹੋਏ, ਮਰਨ ਤਕ ਮੇਰੇ ਦਿਲ ਵਿਚ ਦਿਲਾਸੇ ਰਹੇ।

ਆਸ ਮੇਰੇ ਬਚਣ ਦੀ ਰਹੀ ਕੀ ਉਦੋਂ, ਜਦ ਮੈਂ ਅਨਜਾਣ ਵੈਦਾਂ ਦੇ ਵੱਸ ਪੈ ਗਿਆ,
ਸੱਜੇ ਪਾਸੇ ਉਹ ਲਾਉਂਦੇ ਰਹੇ ਟੂਟੀਆਂ, ਦਰਦ ਉਠਦੇ ਮੇਰੇ ਖੱਬੇ ਪਾਸੇ ਰਹੇ।

ਏਸ ਗੱਲੋਂ ਤਾਂ 'ਦਾਗ਼ੀ' ਵੀ ਹੈਰਾਨ ਹੈ, ਰਾਤ ਬੀਤਣ ਤੋਂ ਬਾਅਦ ਉਹ ਕਿਵੇਂ ਬਚ ਗਿਆ?
ਹਿਜਰ ਦੀ ਸਾਣ੍ਹ 'ਤੇ ਤਿੱਖੇ ਕੀਤੇ ਹੋਏ, ਜਿਸ ਦੇ ਦਿਲ ਉੱਤੇ ਚੱਲਦੇ ਗੰਡਾਸੇ ਰਹੇ।

## ਪਿਆਰਾ ਸਿੰਘ 'ਰਮਤਾ'

ਪੈ ਗਿਆ ਮੁੜ ਫੇਰ ਰੌਲ਼ਾ ਰਾਤ ਦਾ।
ਸੜ੍ਹ ਗਿਆ ਹੈ ਪੁਤਲਾ ਆਦਮ ਜਾਤ ਦਾ।

ਇੰਨੀ ਹਵਾ ਵਗੀ ਆਤਮ-ਘਾਤ ਦੀ,
ਇਕ ਹਿੱਸਾ ਉਡ ਗਿਆ ਕਾਇਨਾਤ ਦਾ।

ਭੁੱਲ ਗਿਆ ਹੈ ਰਾਹ ਜੋ ਰਾਹੀ ਆਪਣਾ,
ਕੀ ਬਣੂੰ ਹੁਣ ਉਸਦੀ ਮੁਲਾਕਾਤ ਦਾ?

ਮੂੰਹ-ਮੱਥਾ ਆਦਮੀ ਦਾ ਦੇਖ ਕੇ,
ਕੀ ਪਤਾ ਲਗਦਾ ਹੈ ਕਿਸ ਔਕਾਤ ਦਾ?

ਧੋਨੇ ਸਿੱਕੇ ਨਾਲ ਹੀ ਰੂਹ ਢਲ ਗਈ,
ਬਣ ਗਿਆ ਹੈ ਆਦਮੀ ਮੁੜ ਧਾਤ ਦਾ।

ਅੱਗ ਲੱਗੀ ਰਹੀ ਫੁੱਲ ਨੂੰ ਖਿੜ੍ਹਨ ਦੀ,
ਪੀ ਕੇ ਪਾਣੀ ਵੀ ਪੂਰੀ ਬਰਸਾਤ ਦਾ।

ਮੈਂ ਤਾਂ ਛੇੜੀ ਸੀ ਕਥਾ ਕਿ ਤੂੰ ਅਮਰ ਹੋ,
ਪਰ ਨਾ ਦਿੱਤਾ ਤੂੰ ਹੁੰਗਾਰਾ ਬਾਤ ਦਾ।



2

ਰਾਖ਼ ਨੂੰ ਨਾ ਫੋਲ ਵਿਚ ਅੰਗਿਆਰ ਹੈ।
ਧੂੜ ਵੀ ਇਸ ਧਰਤ ਦੀ ਖ਼ੂੰ-ਖ਼ਾਰ ਹੈ।

ਹੱਥ ਨਾ ਲਾ ਬੈਠੀਂ ਕਿਤੇ ਫੁੱਲ ਨੂੰ,
ਸਮਝਦਾ ਹੈਂ ਜਿਹਨੂੰ ਖ਼ੁਸ਼ਬੂਦਾਰ ਹੈ।

ਬੇ-ਧਿਆਨੇ ਆਦਮੀ ਨੂੰ ਕੀ ਪਤਾ,
ਖ਼ੂਹ ਹੈ ਮੂਹਰੇ ਜਾਂ ਮੂਹਰੇ ਦੀਵਾਰ ਹੈ।

ਕਦਮ ਚੁੱਕਣ ਤੋਂ ਮੈਂ ਪਹਿਲਾਂ ਸੋਚਦਾਂ,
ਕਿਹੜੇ ਮਾਰਗ 'ਤੇ ਮੇਰਾ ਅਧਿਕਾਰ ਹੈ?

ਸੁਪਨਿਆਂ ਦੀ ਸੇਜ 'ਤੇ ਸੁੱਤਾ ਪਿਆ,
ਤੇਰਾ ਵੀ ਇਹ ਬੇ-ਖ਼ਬਰ ਸੰਸਾਰ ਹੈ।

ਇਸ਼ਕ ਦਾ ਤੂਫ਼ਾਨ ਗੋਤੇ ਦੇ ਰਿਹਾ,
ਬੜੀ ਡੂੰਘੀ ਹੁਸਨ ਦੀ ਮੰਝਧਾਰ ਹੈ।

ਚੰਦ ਤਾਰੇ ਇਹ ਤੇਰੇ ਆਕਾਸ਼ ਦੇ,
ਮੇਰੇ ਘਰ ਦਾ ਹੀ ਜਿਵੇਂ ਪਰਵਾਰ ਹੈ।

ਇਹ ਦਿਸ਼ਾ ਵੀ ਹੈ ਤੇਰੀ ਉਹ ਵੀ ਤੇਰੀ,
ਤੁਰਿਆ ਜਾ ਫਿਰ ਕਿਉਂ ਕਹਾਂ ਬੇਕਾਰ ਹੈ।

ਸਖ਼ਤ ਇੰਨਾ ਹੋਰ ਕੋਈ ਪੱਥਰ ਨਹੀਂ,
ਜਿੰਨਾ ਤੇਰੀ ਨਾਂਹ ਦੇ ਵਿਚ ਇਨਕਾਰ ਹੈ।

## 3

ਨਾ ਸੁਣਾਂ ਮੈਂ, ਨਾ ਕਰੇਂ ਤੂੰ ਗੁਫ਼ਤ-ਗੂ।
ਰਾਤ ਬੀਤੇਗੀ ਕਿਵੇਂ ਹੋਊ ਦਿਨ ਸ਼ੁਰੂ।

ਨ੍ਰਿਤ ਨ੍ਰਿਤਕੀ ਚੁੱਪ ਘੂੰਗਰੂ ਬੋਲ ਪਏ,
ਮਹਿਫ਼ਲਾਂ ਵੀ ਹੋ ਗਈਆਂ ਹਨ ਰੂ-ਬ-ਰੂ।

ਜ਼ਿੰਦਗੀ ਇੰਨੀ ਕੁ ਹੀ ਇਹ ਬਹੁਤ ਹੈ,
ਜਿੰਨੀ ਕੁ ਤੂੰ ਦਿੱਤੀ ਏ ਨਾਲ ਆਬਰੂ।

ਸ਼ੀਸ਼ੇ ਦੇ ਉਸ ਪਾਰ ਹੋ ਕੇ ਦੇਖਦਾ,
ਕੌਣ ਹੈਂ ਤੂੰ ਮੇਰੇ ਵਰਗਾ ਹੂ-ਬ-ਹੂ।

ਖਿੜ੍ਹ ਪਿਆ ਫੁੱਲ ਰਿਸ਼ਤਿਆਂ ਦੀ ਬੇਲ 'ਤੇ,
ਮਹਿਕ ਮੋਹ ਦੀ ਮੈਨੂੰ ਵੀ ਆਇਆ ਕਰੂ।

ਤੂੰ ਹੀ ਹੈਂ ਜੋ ਅੱਖ ਮੇਰੀ ਦਾ ਅੱਥਰੂ,
ਮੁਸਕਰਾ ਦੇ, ਹੋ ਲਵਾਂ ਮੈਂ ਸੁਰਖ਼ਰੂ।



## ਬਿਸ਼ਨ ਸਿੰਘ 'ਉਪਾਸ਼ਕ'

ਦਿਲਾਂ ਨੂੰ ਤੋੜ ਨਾ ਜ਼ਾਲਮ ਜ਼ਮਾਨੇ।
ਨਹੀਂ ਟੁੱਟਣੇ ਇਹ ਅਜ਼ਲਾਂ ਦੇ ਯਰਾਨੇ।

ਜਦੋਂ ਬੁੱਲ੍ਹਾਂ 'ਤੇ ਆਵੇ ਨਾਉਂ ਤੇਰਾ,
ਉਦੋਂ ਹੀ ਟਹਿਕ ਉੱਠਦੇ ਨੇ ਵਿਰਾਨੇ।

ਇਨ੍ਹਾਂ ਪਲਕਾਂ ਦੇ ਮੋਤੀ ਕੌਣ ਪਰਖੇ?
ਨਾ ਕਰ ਬਰਬਾਦ ਦਰਦਾਂ ਦੇ ਖ਼ਜ਼ਾਨੇ।

ਦਿਲਾ! ਐਵੇਂ ਨਾ ਕਰ ਪੈਂਡੇ ਨੂੰ ਖੋਟਾ,
ਗ਼ਮਾਂ ਦੀ ਗੱਲ ਨਹੀਂ ਸੁਣਦੇ ਪੈਮਾਨੇ।

ਮੈਂ ਅੱਜ ਯਾਦਾਂ ਦੀਆਂ ਮੜ੍ਹੀਆਂ 'ਚ ਬੈਠਾ,
ਕਿਸੇ ਬੁਲਬੁਲ ਦੇ ਸੁਣਦਾ ਹਾਂ ਤਰਾਨੇ।

ਨਾ ਮੁੜ-ਮੁੜ ਵੇਖ ਏਦਾਂ ਸੋਹਣੀਏ ਨੀ!
ਹੈ ਨਿੱਕੀ ਗੱਲ 'ਤੇ ਬਣ ਜਾਂਦੇ ਫ਼ਸਾਨੇ।

ਮੇਰੀ ਦੇਵੀ ਕਹੇ ਮੇਰੇ 'ਉਪਾਸ਼ਕ'!
ਤੂੰ ਖ਼ਤ ਲਿਖਦਾ ਹੈਂ ਗੀਤਾਂ ਦੇ ਬਹਾਨੇ।

## 2

ਪਿਆਰ ਬਦਲੇ ਦਰ-ਬਦਰ ਹੋ ਕੇ ਖ਼ੁਆਰ ਆਇਆ ਹਾਂ ਮੈਂ।
ਆ ਪੁਰਾਣੇ ਬੇਲੀਆ! ਤੇਰੇ ਦੁਆਰ ਆਇਆ ਹਾਂ ਮੈਂ।

ਨਾ ਹੈ ਇਸ ਦੁਨੀਆ ਦੀ ਹਸਰਤ, ਨਾ ਹੈ ਉਸ ਦੁਨੀਆ ਦੀ ਚਾਹ,
ਦੋਵੇਂ ਆਲਮ ਪਿਆਰ ਦੇ ਕਦਮਾਂ ਤੋਂ ਵਾਰ ਆਇਆ ਹਾਂ ਮੈਂ।

ਗੁਣਗੁਣਾਓ ਭੰਵਰਿਓ! 'ਤੇ ਚਹਿਚਹਾਵੋ ਬੁਲਬੁਲੋ!
ਖ਼ੁਦ ਕਿਸੇ ਦੀ ਨਜ਼ਰ ਦਾ, ਹੋ ਕੇ ਸ਼ਿਕਾਰ ਆਇਆ ਹਾਂ ਮੈਂ।

ਜ਼ਖ਼ਮ ਤਾਂ ਸੜਦੇ ਹੀ ਨੇ, ਪਰ ਫਿਰ ਵੀ ਆ ਜਾਂਦਾ ਏ ਚੈਨ,
ਕਹਿਣ ਦਿਉ ਮੈਨੂੰ ਕਿ ਹੁਣ, ਉਸ ਨੂੰ ਵਿਸਾਰ ਆਇਆ ਹਾਂ ਮੈਂ।

ਨੈਣ ਧੁਖ਼ਦੇ, ਟਿਚਕਰਾਂ ਕਰਦੇ ਹੋਏ ਗਲ਼ੀਆਂ ਦੇ ਮੋੜ,
ਪਾ ਕੇ ਝੋਲ਼ੀ ਨਫ਼ਰਤਾਂ, ਵੰਡਦਾ ਪਿਆਰ ਆਇਆ ਹਾਂ ਮੈਂ।

ਕੀ ਹੋ ਪੁੱਛਦੇ ਦੋਸਤੋ! ਕਿੱਦਾਂ ਗੁਜ਼ਾਰੀ ਜ਼ਿੰਦਗੀ,
ਜਿਸ ਤਰ੍ਹਾਂ ਵੀ ਗੁਜ਼ਰ ਗਈ ਓਦਾਂ ਗੁਜ਼ਾਰ ਆਇਆ ਹਾਂ ਮੈਂ।

ਗੀਤ ਪਲਕਾਂ 'ਤੇ 'ਉਪਾਸ਼ਕ' ਖ਼ੈਰ ਤੇਰੀ ਮੰਗਦੇ,
ਖ਼ੁਦ ਤਬਾਹ ਹੋ ਕੇ ਤੇਰੀ ਦੁਨੀਆ ਸ਼ਿੰਗਾਰ ਆਇਆ ਹਾਂ ਮੈਂ।



## 3

ਹੁਸਨ ਨੂੰ ਬੇਨਕਾਬ ਕਰਦੇ ਹੋ?
ਚਾਨਣੀ ਨੂੰ ਸ਼ਰਾਬ ਕਰਦੇ ਹੋ?

ਸ਼ੀਸ਼ਾ ਸੁੱਟੋ ਵੀ, ਮੰਨ ਲਵੋ ਕ੍ਹਾਨੂੰ,
ਪੈਦਾ ਅਪਣਾ ਜਵਾਬ ਕਰਦੇ ਹੋ।

ਠਹਿਰ ਜਾਵੋ ਬਲੋਚ ਨਾ ਮੁੜਨੇ,
ਕਿਉਂ ਜਵਾਨੀ ਖ਼ਰਾਬ ਕਰਦੇ ਹੋ?

ਮੁਸਕਰਾਹਟਾਂ ਦੇ ਜਾਮ, ਫਿਰ ਤਿਊੜੀ,
ਐਡੀ ਜਲਦੀ ਹਿਸਾਬ ਕਰਦੇ ਹੋ?

ਯਾਦ ਛਡ ਕੇ ਤੁਸਾਂ ਜੇ ਤੁਰ ਜਾਣੈ,
ਕਿਉਂ ਇਹ ਵਕਤੀ ਸੁਆਬ ਕਰਦੇ ਹੋ?

ਪਿਆਰ ਕੀਤੈ ਤੁਸੀਂ 'ਉਪਾਸ਼ਕ' ਜੀ,
ਗੱਲ ਕਦੋਂ ਦੀ ਜਨਾਬ ਕਰਦੇ ਹੋ?

4

ਹਾਲ ਅੱਖੀਆਂ ਤੋਂ ਦਿਲ ਦਾ ਸੁਣਾਇਆ ਨਾ ਗਿਆ।
ਅੱਜ ਆਪਦਾ ਹੀ ਗੀਤ ਸਾਥੋਂ ਗਾਇਆ ਨਾ ਗਿਆ।

ਅੱਗੇ ਪੱਥਰਾਂ ਦੇ ਫੁਟ-ਫੁਟ ਰੋਈ ਬੇ-ਵਸੀ,
ਦਿਲ ਡਾਢਿਆਂ ਨੂੰ ਚੀਰ ਕੇ ਵਿਖਾਇਆ ਨਾ ਗਿਆ।

ਬਹਿ ਕੇ ਸੋਚਦੇ ਜਨਾਜ਼ੇ ਉੱਤੇ ਮੌਤ ਹੱਸ ਪਈ,
ਭੇਤ ਜ਼ਿੰਦਗੀ ਦਾ ਜ਼ਿੰਦਗੀ ਤੋਂ ਪਾਇਆ ਨਾ ਗਿਆ।

ਲੈ ਕੇ ਜੱਫੀ 'ਚ ਫ਼ਰੇਬ ਨੂੰ ਯਕੀਨ ਬੋਲਿਆ,
ਤੁਸੀਂ ਭੁੱਲ ਗਏ ਅਸਾਂ ਤੋਂ ਭੁਲਾਇਆ ਨਾ ਗਿਆ।

ਜਿੰਨ੍ਹਾਂ ਜ਼ਿੰਦਗੀ 'ਚੋਂ ਸਾਰੀ ਹੀ ਮਿਠਾਸ ਪੀ ਲਈ,
ਘੁੱਟ ਜ਼ਹਿਰ ਦਾ ਵੀ ਉਹਨਾਂ ਤੋਂ ਪਿਆਇਆ ਨਾ ਗਿਆ।

ਤੁਸੀਂ ਸਾਡਿਆਂ ਸਵਾਸਾਂ ਵਿਚ ਰਹੇ ਵੱਸਦੇ,
ਸਾਥੋਂ ਤੁਸਾਂ ਦੇ ਖ਼ਿਆਲਾਂ ਵਿਚ ਆਇਆ ਨਾ ਗਿਆ।

ਰਹੇ ਉਹਨਾਂ ਦਿਆਂ ਵਾਲਾਂ 'ਚ ਸਿਤਾਰੇ ਟੰਗਦੇ,
ਦੀਵਾ ਘਰ ਦੇ ਹਨੇਰੇ 'ਚ ਜਗਾਇਆ ਨਾ ਗਿਆ।

ਸਦਾ ਉਹਨਾਂ ਦੇ ਤਸੱਵਰਾਂ ਨੂੰ 'ਵਾਜਾਂ ਮਾਰੀਆਂ,
ਪਰ ਆਪਣੇ ਹੀ ਆਪ ਨੂੰ ਬੁਲਾਇਆ ਨਾ ਗਿਆ।



## ਡਾ. ਜਮਾਲ ਹੁਸ਼ਿਆਰਪੁਰੀ

ਖੁੰਢੀਆਂ ਹੋਈਆਂ ਜਿਸ ਦਿਨ ਤੋਂ ਸ਼ਮਸ਼ੀਰਾਂ ਨੇ।
ਪੁੱਠੀਆਂ ਪਈਆਂ ਉਸ ਦਿਨ ਤੋਂ ਤਦਬੀਰਾਂ ਨੇ।

ਉਹਨੂੰ ਖ਼ਤ ਜੇ ਲਿਖੀਏ ਵੀ ਤਾਂ ਕੀ ਲਿਖੀਏ ?
ਜਿਹਦੇ ਹਿਜਰ ਭੁਲਾਈਆਂ ਸਭ ਤਕਰੀਰਾਂ ਨੇ।

ਲਿਖੀਆਂ ਨਹੀਂ ਉਹ ਕਿਸੇ ਕਿਤਾਬ ਜੁਮੈਟਰੀ ਵਿਚ,
ਜਿਹੜੀਆਂ ਉਹਦੇ ਜੁੱਸੇ ਗਿਰਦ ਲਕੀਰਾਂ ਨੇ।

ਹੱਲ ਵਾਹੇਂ 'ਤੇ ਘਰ ਤੇਰੇ ਵਿਚ ਦਾਣੇ ਨਾ,
ਕਪੜਾ ਬੁਣੇਂ ਤਾਂ ਪਿੰਡੇ ਤੇਰੇ ਲੀਰਾਂ ਨੇ।

ਸੋਚੇਂ 'ਤੇ ਇਹ ਛੱਲ ਨੇ ਵੱਡਿਆਂ ਲੋਕਾਂ ਦੇ,
ਨਾ ਸੋਚੇਂ 'ਤੇ ਤੇਰੀਆਂ ਇਹ ਤਕਦੀਰਾਂ ਨੇ।

ਇੰਜ ਫਬੀ ਆਜ਼ਾਦੀ ਕੌਮ ਅਸਾਡੀ ਨੂੰ,
ਸੂਰਾਂ ਨੂੰ ਜਿਵੇਂ ਪੋਨੇ 'ਤੇ ਕੁੱਤਿਆਂ ਨੂੰ ਖੀਰਾਂ ਨੇ।

## 2

ਕਿੱਡੇ ਕਸੂਤੇ ਵਕਤ ਨੇ ਆਈਆਂ ਅਨ੍ਹੇਰੀਆਂ।
ਕੰਢੇ 'ਤੇ ਆ ਕੇ ਰੋੜ੍ਹੀਆਂ ਲੁੱਡਣ ਨੇ ਬੇੜੀਆਂ।

ਕੀ ਗੱਲ ਏ ਕੋਈ ਉਠ ਕੇ ਦੀਵਾ ਨਹੀਂ ਬਾਲ਼ਦਾ,
ਕਹਿੰਦੇ ਨੇ ਸਾਰੇ ਆਈਆਂ ਰਾਤਾਂ ਅਨ੍ਹੇਰੀਆਂ।

ਹੁਣ 'ਤੇ ਸਿਖ਼ਰ ਦੁਪਹਿਰ ਸੀ ਹੁਣ ਰਾਤ ਵੀ ਹੋਈ,
ਮੁਖੜੇ 'ਤੇ ਜ਼ੁਲਫ਼ਾਂ ਆਪਣੇ ਕਿਸ ਨੇ ਖਿਲੇਰੀਆਂ?

ਚੜ੍ਹਿਆ ਭਾਵੇਂ ਚੰਨ ਵੀ ਤਾਰੇ ਵੀ ਬੇ-ਸ਼ੁਮਾਰ,
ਤੇਰੇ ਬਗ਼ੈਰ ਮੇਰੀਆਂ ਰਾਤਾਂ ਹਨੇਰੀਆਂ।

ਸੁਣਿਐਂ ਤੇਰੇ ਬਹਿਸ਼ਤ ਵਿਚ ਕੋਈ ਕਮੀ ਨਹੀਂ,
ਰੱਬਾ! ਕੀ ਓਥੇ ਹੈ ਨੇ 'ਦਸੂਆ-ਮੁਕੇਰੀਆਂ'?

ਕਿਉਂ ਮੁੜ-ਮੁੜ ਕੇ ਮੈਨੂੰ ਫੇਰੇ ਪੁਆ ਰਿਹੈਂ,
ਸਿੱਖੀਆਂ ਨੇ ਕਿਥੋਂ ਹੀਰਿਆ! ਇਹ ਹੇਰਾਫੇਰੀਆਂ?



## ਸਰਬਅਨੰਦ ਸਿੰਘ 'ਮੁਸ਼ਕਿਲ'

ਆਹ ਲੈ ਫੜ ਮੇਰੀ ਖ਼ੁਸ਼ੀ, ਦੇ-ਦੇ ਸੁਗ਼ਾਤਾਂ ਗ਼ਮ ਦੀਆਂ।
ਓ ਗ਼ਮਾਂ ਦੇ ਦਾਤਿਆ! ਮਨਜ਼ੂਰ ਦਾਤਾਂ ਗ਼ਮ ਦੀਆਂ।

ਹੰਝੂ, ਹਾਵੇ, ਹਉਕਿਆਂ ਥੀਂ ਮੇਰੀ ਗੂਹੜੀ ਦੋਸਤੀ,
ਨਾਲ ਮੇਰੇ ਜੰਮੀਆਂ ਸਨ ਇਹ ਅਫ਼ਾਤਾਂ ਗ਼ਮ ਦੀਆਂ।

ਸੋਨ-ਰੰਗੀ ਸੁੱਬ੍ਹਾ ਦੀ ਲਾਲੀ ਤੂੰ ਲੈ-ਲੈ ਸੋਹਣਿਆ!
ਬਖ਼ਸ਼ ਦੇ ਸ਼ਾਹ ਕਾਲ਼ੀਆਂ ਮੈਨੂੰ ਤੂੰ ਰਾਤਾਂ ਗ਼ਮ ਦੀਆਂ।

ਇੰਜ ਮੇਰੇ ਇਸ਼ਕ ਦਾ ਹੁੰਦਾ ਰਹੇ ਜੇ ਇਮਤਿਹਾਨ,
ਉਮਰ ਭਰ ਪੜ੍ਹਦਾ ਰਹਾਂ ਰੱਬਾ! ਜਮਾਤਾਂ ਗ਼ਮ ਦੀਆਂ।

ਵੇਖਦਾ ਹਾਂ ਇਸ ਤੋਂ ਵੱਧ ਕੇ ਹੋਰ ਕੀ ਕਰ ਲਊ ਜਹਾਨ,
ਸਿਰ 'ਤੇ ਤਾਣੀ ਜੋ ਖੜ੍ਹਾ ਅੱਗੇ ਕਨਾਤਾਂ ਗ਼ਮ ਦੀਆਂ।

ਗ਼ਮ 'ਚ ਖਾਣਾ, ਗ਼ਮ 'ਚ ਪੀਣਾ, ਗ਼ਮ 'ਚ ਰੋਣਾ-ਹੱਸਣਾ,
ਮੇਰਾ ਕਿੱਸਾ ਲਿਖਦੀਆਂ ਕਲਮਾਂ-ਦਵਾਤਾਂ ਗ਼ਮ ਦੀਆਂ।

ਜ਼ਿੰਦਗੀ ਦੁਰਕਾਰਦੀ ਏ ਮੌਤ ਪਾਉਂਦੀ ਜੱਫੀਆਂ,
ਦਿਸਦੀਆਂ ਹਰ ਤਰਫ਼ ਨੇ 'ਮੁਸ਼ਕਿਲ' ਬਰਾਤਾਂ ਗ਼ਮ ਦੀਆਂ।

## ਅੰਮ੍ਰਿਤ ਦਸੂਹੀ

ਉਠੋ! ਗੀਤ ਗਾਓ! ਬਹਾਰ ਆ ਗਈ ਏ।
ਉਠੋ! ਮੁਸਕਰਾਓ! ਬਹਾਰ ਆ ਗਈ ਏ।

ਉਠਾਓ! ਜ਼ਰਾ ਸਾਜ਼ ਮੁੜ ਕੇ ਦਿਲਾਂ ਦੇ,
ਤਰਾਨੇ ਸੁਣਾਓ! ਬਹਾਰ ਆ ਗਈ ਏ।

ਬੁਝੇ ਹਿਰਦਿਆਂ ਵਿਚ ਮੁਹੱਬਤ ਦੇ ਦੀਪਕ,
ਜਗਾਓ-ਜਗਾਓ! ਬਹਾਰ ਆ ਗਈ ਏ।

ਉਠੋ ਆਸ਼ਕੋ! ਹੁਣ 'ਤੇ ਉੱਠ ਕੇ ਖ਼ਿਜ਼ਾਂ ਦਾ,
ਜਨਾਜ਼ਾ ਉਠਾਓ! ਬਹਾਰ ਆ ਗਈ ਏ।

ਦਿਲਾਂ ਦੀ ਕਹਾਣੀ ਗਲੇ ਮਿਲ ਕੇ 'ਅੰਮ੍ਰਿਤ',
ਸੁਣੋ 'ਤੇ ਸੁਣਾਓ! ਬਹਾਰ ਆ ਗਈ ਏ।



## ਤਾਰਾ ਸਿੰਘ 'ਕੋਮਲ'

ਜ਼ੁਲਫ਼ ਲਹਿਰਾਈ ਗਈ।
ਜਿੰਦ ਤੜਪਾਈ ਗਈ।

ਇਕ ਨਿਹੋਰੇ ਨਾਲ ਹੀ,
ਗੱਲ ਮਨਵਾਈ ਗਈ।

ਹੁਸਨ ਤੋਂ ਇਕ ਚਿਣਗ ਲੈ,
ਰਾਤ ਰੁਸ਼ਨਾਈ ਗਈ।

ਬੁੱਤ ਦੀ ਤੱਕ ਕੇ ਕਲਾ,
ਨਜ਼ਰ ਪਥਰਾਈ ਗਈ।

ਲੋਕ ਲੱਜਿਆ ਵਾਸਤੇ,
ਆਸ ਕਤਲਾਈ ਗਈ।

ਪਾਕੇ 'ਕੋਮਲ' ਉਨ੍ਹਾਂ ਨੂੰ,
ਜ਼ਿੰਦਗੀ ਪਾਈ ਗਈ।

## 'ਬੇਦਿਲ' ਹੁਸ਼ਿਆਰਪੁਰੀ

ਬੈਠੇ ਰਹੇ ਕੱਲ੍ਹ ਰਾਤ ਕਾਫ਼ੀ ਦੇਰ ਤਕ।
ਹੁੰਦੀ ਰਹੀ ਗੱਲਬਾਤ ਕਾਫ਼ੀ ਦੇਰ ਤਕ।

ਕੱਲ ਮੇਰਿਆਂ ਨੈਣਾਂ 'ਚ ਉਹਦੇ ਜਾਣ 'ਤੇ,
ਲੱਗੀ ਰਹੀ ਬਰਸਾਤ ਕਾਫ਼ੀ ਦੇਰ ਤਕ।

ਫਿਰ ਉਹਦੀਆਂ ਯਾਦਾਂ ਨੂੰ ਪਾ ਗਲ੍ਹਵਕੜੀ,
ਰੋਂਦੇ ਰਹੇ ਜਜ਼ਬਾਤ ਕਾਫ਼ੀ ਦੇਰ ਤਕ।

ਹਾਲੇ ਤਾਈਂ ਏਸੇ ਤਰ੍ਹਾਂ ਹੈ ਜਾਪਦਾ,
ਇਹ ਰਹਿਣਗੇ ਹਾਲਾਤ ਕਾਫ਼ੀ ਦੇਰ ਤਕ।

ਮੈਂ ਆਦਮੀ ਦੇ ਭੇਸ ਵਿਚ ਫਿਰਦਾ ਰਿਹਾ,
ਹੋ ਕੇ ਖ਼ੁਦਾ ਦੀ ਜ਼ਾਤ ਕਾਫ਼ੀ ਦੇਰ ਤਕ।



### 2

ਕਈ ਰੂਪ ਕੁਆਰੇ ਸੀ ਕੱਲ੍ਹ ਰਾਤ ਮੈਂ ਜਿੱਥੇ ਸਾਂ।
ਹਮਰਾਜ਼ ਹੀ ਸਾਰੇ ਸੀ ਕੱਲ੍ਹ ਰਾਤ ਮੈਂ ਜਿੱਥੇ ਸਾਂ।

ਕੁਝ ਅੰਗ ਰਸੀਲੇ ਸੀ ਕੁਝ ਨੈਣ ਨਸ਼ੀਲੇ ਸੀ,
ਰੰਗੀਨ ਇਸ਼ਾਰੇ ਸੀ ਕੱਲ੍ਹ ਰਾਤ ਮੈਂ ਜਿੱਥੇ ਸਾਂ।

ਸਾਹਾਂ ਵਿਚ ਸਰਗਮ ਸੀ ਰੂਹਾਂ ਦਾ ਸੰਗਮ ਸੀ,
ਚਿੱਤ-ਚੋਰ ਨਜ਼ਾਰੇ ਸੀ ਕੱਲ੍ਹ ਰਾਤ ਮੈਂ ਜਿੱਥੇ ਸਾਂ।

ਚਾਵਾਂ ਦੇ ਕਜਰੇ ਸੀ ਰਿਸ਼ਮਾਂ ਦੇ ਗਜਰੇ ਸੀ,
ਦਿਲਕਸ਼ ਲਿਸ਼ਕਾਰੇ ਸੀ ਕੱਲ੍ਹ ਰਾਤ ਮੈਂ ਜਿੱਥੇ ਸਾਂ।

ਰੁੱਤਾਂ 'ਤੇ ਜਵਾਨੀ ਸੀ ਅੱਗ ਪਾਣੀ-ਪਾਣੀ ਸੀ,
ਮੁੱਠੀ ਵਿਚ ਤਾਰੇ ਸੀ ਕੱਲ੍ਹ ਰਾਤ ਮੈਂ ਜਿੱਥੇ ਸਾਂ।

ਕਿਤੇ ਸ਼ੋਖ਼ ਅਦਾਵਾਂ ਸੀ ਜ਼ੁਲਫ਼ਾਂ ਦੀਆਂ ਛਾਵਾਂ ਸੀ,
'ਬੇਦਿਲ' ਦੇ ਹੁੰਗਾਰੇ ਸੀ ਕੱਲ੍ਹ ਰਾਤ ਮੈਂ ਜਿੱਥੇ ਸਾਂ।

## 3

ਤੇਰੀ ਹੁਸੀਨ ਯਾਦ ਦੀ ਸੌਗਾਤ ਕੀ ਕਰਾਂ?
ਖ਼ਾਮੋਸ਼ੀਆਂ ਦੇ ਨਾਲ ਮੈਂ ਗੱਲਬਾਤ ਕੀ ਕਰਾਂ?

ਨੈਣਾਂ 'ਚ ਘੁਲ਼ ਕੇ ਰਹਿ ਗਏ ਸਰਘੀ ਭਰੇ ਗੁਲਾਲ,
ਹਿਜਰਾਂ 'ਚ ਭਿੱਜੀ ਸੁਰਮਈ ਪਰਭਾਤ ਕੀ ਕਰਾਂ?

ਇਹ ਨਿਖਰੀ ਹੋਈ ਚਾਨਣੀ 'ਤੇ ਮਹਿਕਦੀ ਫ਼ਿਜ਼ਾ,
ਤੈਥੋਂ ਬਗੈਰ ਲਹਿਕਣੀ ਇਹ ਰਾਤ ਕੀ ਕਰਾਂ?

ਲਲਚਾ ਰਹੇ ਅਨੇਕ ਨੇ ਚਾਵਾਂ ਦੇ ਰੰਗ-ਰੂਪ,
ਤਨਹਾਈਆਂ ਦੀ ਹੋ ਰਹੀ ਬਰਸਾਤ ਕੀ ਕਰਾਂ?

ਫੁੱਲਾਂ ਭਰੀ ਬਹਾਰ ਹੈ ਅੰਗਾਂ ਨੂੰ ਚੁੰਮ ਰਹੀ,
ਬੇਕਾਬੂ ਹੁੰਦੇ ਜਾ ਰਹੇ ਜਜ਼ਬਾਤ ਕੀ ਕਰਾਂ?

ਚਮਕੀ 'ਤੇ ਹੈ ਉਮੀਦ ਦੀ ਹਲਕੀ ਜਹੀ ਕਿਰਨ,
ਦੁਸ਼ਮਣ ਨੇ ਮੇਰੀ ਜਾਨ ਦੇ ਹਾਲਾਤ ਕੀ ਕਰਾਂ?

ਰੀਝਾਂ ਨੂੰ ਪਾ ਗਲਵਕੜੀ 'ਬੇਦਿਲ' ਨੇ ਰੋ ਕਿਹਾ,
ਪੱਲੇ ਪਈ ਇਹ ਇਸ਼ਕ ਦੀ ਸੌਗਾਤ ਕੀ ਕਰਾਂ?



## 4

ਹੈ ਸੀ ਅਦਾ ਹੀ ਐਸੀ ਦਿਲਗੀਰ ਜ਼ਿੰਦਗੀ ਦੀ।
ਇਸ ਲਈ ਫ਼ਰੇਬ ਖਾ ਗਈ ਤਦਬੀਰ ਜ਼ਿੰਦਗੀ ਦੀ।

ਹੰਝੂਆਂ ਦੇ ਰੰਗ ਲਾ-ਲਾ ਉਮਰਾ ਰਹੇ ਬਣਾਉਂਦੇ,
ਫਿਰ ਵੀ ਹੋਈ ਨਾ ਪੂਰੀ ਤਸਵੀਰ ਜ਼ਿੰਦਗੀ ਦੀ।

ਮਾਤਮ ਹੀ ਰਹਿ ਗਿਆ ਹੈ ਉਸ ਦਿਨ ਤੋਂ ਘਰ ਦੀ ਰੌਣਕ,
ਜਿਸ ਦਿਨ ਤੋਂ ਸ਼ੋਖ਼ ਟੁੱਟੀ ਜ਼ੰਜੀਰ ਜ਼ਿੰਦਗੀ ਦੀ।

ਜਾਗੇ 'ਤੇ ਨੂਰ ਵੰਡੇ ਸੌਂਵੇਂ 'ਤੇ ਨ੍ਹੇਰ ਪਾਵੇ,
ਗ਼ਮ 'ਤੇ ਖ਼ੁਸ਼ੀ ਦਾ ਪਿੜ ਹੈ ਤਕਦੀਰ ਜ਼ਿੰਦਗੀ ਦੀ।

ਆਪਾ ਫਿਰੇ ਉਡਾਉਂਦੀ ਇਹ ਜਾਣਦੇ ਹੋਏ ਵੀ,
ਰਹਿਣੀ ਨਹੀਂ ਖ਼ਾਕ ਤਕ ਵੀ ਆਖ਼ੀਰ ਜ਼ਿੰਦਗੀ ਦੀ।

ਖ਼ਾਨਾ ਖ਼ਰਾਬ ਹੋਵੇ ਇਸ ਬੇਕਲੀ ਦਾ 'ਬੇਦਿਲ',
ਜੋ ਸਿਉਂਕ ਵਾਂਗੂ ਖਾ ਗਈ ਤਸਵੀਰ ਜ਼ਿਦਗੀ ਦੀ।

## 5

ਨਿਤ ਪਿਆਰ ਦੇ ਉਹ ਪੂਰਨੇ ਪਾਉਂਦਾ ਚਲਾ ਗਿਆ।
ਦਸਤੂਰ ਆਸ਼ਕੀ ਦੇ ਸਿਖਾਉਂਦਾ ਚਲਾ ਗਿਆ।

ਤਿਉਂ-ਤਿਉਂ ਮੈਂ ਦੂਰ ਆਪ ਤੋਂ ਹੁੰਦਾ ਚਲਾ ਗਿਆ।
ਜਿਉਂ- ਜਿਉਂ ਮੇਰੇ ਕਰੀਬ ਉਹ ਆਉਂਦਾ ਚਲਾ ਗਿਆ।

ਫੁੱਲਾਂ ਭਰੀ ਬਹਾਰ ਵੀ ਆਵੇਗੀ ਇਸ ਲਈ,
ਮੈਂ ਹੰਝੂਆਂ ਦੇ ਹਾਰ ਬਣਾਉਂਦਾ ਚਲਾ ਗਿਆ।

ਉਹ ਮੁਸਕਰਾ ਕੇ ਬਿਜਲੀ ਗਿਰਾ ਕੇ ਚਲੇ ਗਏ,
ਮੈਂ ਆਲ੍ਹਣੇ ਦੀ ਖ਼ੈਰ ਮਨਾਉਂਦਾ ਚਲਾ ਗਿਆ।

ਉਹ ਹੌਲੀ-ਹੌਲੀ ਨੈਣੋਂ ਪਿਲਾਉਂਦੇ ਚਲੇ ਗਏ,
ਮੈਂ ਹੌਲ਼ੀ-ਹੌਲ਼ੀ ਹੋਸ਼ ਵਿਚ ਆਉਂਦਾ ਚਲਾ ਗਿਆ।

ਰਿਸ਼ਮਾਂ 'ਚ ਨਕਸ਼ ਦੇਖਕੇ 'ਬੇਦਿਲ' ਹੁਸੀਨ ਦੇ,
ਮੈਂ ਤਾਰਿਆਂ ਨਾ ਸੇਜ ਸਜਾਉਂਦਾ ਚਲਾ ਗਿਆ।



## ਰਾਮ ਪਿਆਰਾ 'ਦੀਵਾਨਾ'

ਦੇਖਿਆ ਮੈਂ ਯਾਰ! ਇਹ ਦਸਤੂਰ ਤੇਰੇ ਸ਼ਹਿਰ ਦਾ।
ਬੇ-ਰਹਿਮ ਹਰ ਆਦਮੀ ਮਸ਼ਹੂਰ ਤੇਰੇ ਸ਼ਹਿਰ ਦਾ।

ਆਸ ਕੀ ਇਨਸਾਫ਼ ਦੀ ਜੇ ਕੋਈ ਮੁਨਸਿਫ਼ ਨਹੀਂ,
ਹਰ ਤਰ੍ਹਾਂ ਮਜ਼ਲੂਮ ਹੈ ਮਜਬੂਰ ਤੇਰੇ ਸ਼ਹਿਰ ਦਾ।

ਲਟਕਦੀ ਤਲਵਾਰ ਜੋ ਸਿਰ 'ਤੇ ਗਰੀਬਾਂ ਦੇ ਸਦਾ,
ਮਾਰਿਆ ਜ਼ਰਦਾਰ ਨੇ ਮਜ਼ਦੂਰ ਤੇਰੇ ਸ਼ਹਿਰ ਦਾ।

ਹੁਣ ਤਾਂ ਪਹਿਰੇਦਾਰ ਹੀ ਖ਼ੁਦ ਤੋੜੀ ਜਾਂਦੇ ਜਿੰਦਰੇ,
ਉੱਡ ਗਿਆ ਕਾਫ਼ੂਰ ਵਾਂਗੂ ਨੂਰ ਤੇਰੇ ਸ਼ਹਿਰ ਦਾ।

ਕਾਤਲਾਂ ਦੇ ਜੁਰਮ ਦੀ ਮਿਲਦੀ ਸਜ਼ਾ ਬੇ-ਦੋਸ਼ ਨੂੰ,
ਘੁਲ਼ ਗਿਆ ਹੰਝੂਆਂ ਦੇ ਵਿਚ ਸੰਧੂਰ ਤੇਰੇ ਸ਼ਹਿਰ ਦਾ।

ਪੁੱਛ 'ਦੀਵਾਨਾ' ਹੋਰ ਕਿੰਨੇ ਕਤਲ ਏਥੇ ਹੋਣਗੇ,
ਕਿੰਨਾ ਕੋਟਾ ਬਾਕੀ ਏ ਮਨਜ਼ੂਰ ਤੇਰੇ ਸ਼ਹਿਰ ਦਾ?

## 2.

ਪਤਾ ਨਹੀਂ ਕੀ ਮੈਥੋਂ ਖ਼ਤਾ ਹੋ ਗਈ ਏ।
ਮੇਰੀ ਜਾਨ ਮੈਥੋਂ ਖਫ਼ਾ ਹੋ ਗਈ ਏ।

ਹਰਿਕ ਦਿਲ ਨੇ ਕੀਤੀ ਮੁਹੱਬਤ ਦੀ ਪੂਜਾ,
ਮੁਹੱਬਤ ਵੀ ਹੁਣ 'ਤੇ ਗੁਨਾਹ ਹੋ ਗਈ ਏ।

ਮੇਰੀ ਹਰ ਖ਼ੁਸ਼ੀ ਨੂੰ ਗ਼ਮੀ ਖਾਈ ਜਾਂਦੀ,
ਮੇਰੀ ਜ਼ਿੰਦਗੀ ਬੇ-ਮਜ਼ਾ ਹੋ ਗਈ ਏ।

ਗਿਲਾ ਹੁਣ ਕਰਾਂ ਤਾਂ ਕਰਾਂ ਕਿਹਦੇ ਉੱਤੇ?
ਜ਼ਮਾਨੇ ਦੀ ਉਲਟੀ ਹਵਾ ਹੋ ਗਈ ਏ।

ਮੈਂ ਹੁਣ ਕਿੱਥੇ ਜਾ ਕੇ ਮੁਹੱਬਤ ਨੂੰ ਭਾਲ਼ਾਂ,
ਮੁਹੱਬਤ ਦੀ ਦੁਨੀਆ ਤਬਾਹ ਹੋ ਗਈ ਏ।

ਕੋਈ ਯਾਰ ਮੈਨੂੰ ਨਹੀਂ ਮਿਲਦਾ ਦੀਵਾਨੇ,
ਰਕੀਬਾਂ ਦੀ ਹੁਣ ਇੰਤਹਾ ਹੋ ਗਈ ਏ।



## 3.

ਜ਼ਿੰਦਗੀ ਨੂੰ ਰੋਗ ਕੋਈ ਲਾ ਗਿਆ।
ਸੋਚਦਾ ਹਾਂ ਕੀ ਪੁਆੜਾ ਪਾ ਗਿਆ?

ਜਿਸ ਨੂੰ ਭੁੱਲਿਆ ਹੋਇਆ ਸਾਂ ਦੇਰ ਤੋਂ,
ਫਿਰ ਕਿਉਂ ਉਹ ਯਾਦ ਮੈਨੂੰ ਆ ਗਿਆ?

ਡਾਇਣ ਕਾਲ਼ੀ ਰਾਤ ਨੀਂਦਰ ਖਾ ਗਈ,
ਦਿਨ ਬੇ-ਦਰਦੀ ਚੈਨ ਦਿਲ ਦਾ ਖਾ ਗਿਆ।

ਕੀ ਗਿਲਾ ਗ਼ੈਰਾਂ 'ਤੇ ਕਰਨਾ ਦੋਸਤੋ!
ਯਾਰ ਹੀ ਜਦ ਘਰ ਮੇਰੇ ਨੂੰ ਢਾਹ ਗਿਆ।

ਲਾਸ਼ ਮੇਰੀ ਦੇ ਸਰ੍ਹਾਣੇ ਬਹਿ ਕੇ ਉਹ,
ਜਾਂਦਾ-ਜਾਂਦਾ ਕਫ਼ਨ ਮੂੰਹ ਤੋਂ ਲਾਹ ਗਿਆ।

ਗੱਲ ਦੀਵਾਨੇ ਦੀ 'ਦੀਵਾਨਾ' ਜਾਣਦੈ,
ਅਕਲ ਮੇਰੀ 'ਤੇ ਕੀ ਪਰਦਾ ਪਾ ਗਿਆ?

## 4

ਦਿਲ ਦਾ ਮਹਿਰਮ ਇਕ ਅਨੋਖਾ ਪਿਆਰ ਮੈਨੂੰ ਦੇ ਗਿਆ।
ਹਾਵਾਂ-ਹੌਕੇ, ਡੋਬੇ-ਸੋਕੇ ਯਾਰ ਮੈਨੂੰ ਦੇ ਗਿਆ।

ਪਲ ਦੋ ਪਲ ਦਾ ਪਿਆਰ ਸੀ ਸੋਚਾਂ 'ਚ ਪੈ ਗਈ ਜ਼ਿੰਦਗੀ,
ਗ਼ਮ ਹਜ਼ਾਰਾਂ ਹੱਸ ਕੇ ਗ਼ਮਖ਼ਾਰ ਮੈਨੂੰ ਦੇ ਗਿਆ।

ਜਦ ਮੈਂ ਉਹਨੂੰ ਆਖਿਆ ਕੁਝ ਬੋਲ ਤਾਂ ਸਹੀ ਹੱਸ ਕੇ,
ਜਾਂਦਾ-ਜਾਂਦਾ ਹੰਝੂਆਂ ਦਾ ਹਾਰ ਮੈਨੂੰ ਦੇ ਗਿਆ।

ਦਿਲ ਖਿਡਾਉਣੇ ਵਾਂਗ ਉਸ ਨੇ ਪੈਰਾਂ ਦੇ ਵਿਚ ਰੋਲ਼ਿਆ,
ਭੁੱਲ ਕੇ ਇਕਰਾਰ ਨੂੰ ਇਨਕਾਰ ਮੈਨੂੰ ਦੇ ਗਿਆ।

ਆਪ ਖ਼ੁਸ਼ੀਆਂ ਦੇ ਸ਼ਹਿਰ ਉਹ ਯਾਰ ਮੌਜਾਂ ਮਾਣਦਾ,
ਉੱਜੜਿਆ ਦੀਵਾਨੇ ਇਕ ਬਾਜ਼ਾਰ ਮੈਨੂੰ ਦੇ ਗਿਆ।



## 'ਪ੍ਵੇਜ਼' ਹੁਸ਼ਿਆਰਪੁਰੀ

ਉਲਫ਼ਤ ਦਾ ਵੇਖੀਂ ਕਿਧਰੇ ਇਜ਼ਹਾਰ ਹੋ ਨਾ ਜਾਏ।
ਬੈਠੇ-ਬਿਠਾਏ ਵੈਰੀ ਸੰਸਾਰ ਹੋ ਨਾ ਜਾਏ।

ਰੋਵੋ ਨਾ ਮੇਰੀ ਅਰਥੀ ਦੇ ਕੋਲ ਬਹਿ ਕੇ ਯਾਰੋ!
ਮੰਜ਼ਿਲ ਕਿਤੇ ਮੇਰੇ ਲਈ ਦੁਸ਼ਵਾਰ ਹੋ ਨਾ ਜਾਏ।

ਹੰਝੂਆਂ ਤੋਂ ਮੇਰੇ ਅਪਣਾ ਦਾਮਨ ਬਚਾ ਕੇ ਰੱਖੋ,
ਡਰ ਹੈ ਕਿ ਕੋਈ ਹੰਝੂ ਅੰਗਿਆਰ ਹੋ ਨਾ ਜਾਏ।

ਮਹਿਫ਼ਿਲ 'ਚ ਵੇਖ ਮੈਨੂੰ ਮੱਥੇ ਨਾ ਪਾਓ ਤਿਉੜੀ,
ਕੋਈ ਕਸੂਰ ਮੈਥੋਂ ਸਰਕਾਰ ਹੋ ਨਾ ਜਾਏ।

ਮੈਨੂੰ ਮਿਲਣ ਦੀ ਖ਼ਾਤਰ ਆਵੋ ਨਾ ਰੋਜ਼ ਏਥੇ,
ਦੁਨੀਆ ਦਿਲਾਂ ਵਿਚਾਲ਼ੇ ਦੀਵਾਰ ਹੋ ਨਾ ਜਾਏ।

ਅੱਜ ਵੇਖ ਕੇ ਜ਼ਮਾਨਾ 'ਪਰਵੇਜ਼' ਦਿਲ ਇਹ ਕਹਿੰਦਾ,
ਇਕਰਾਰ ਉਹਦਾ ਕਿਧਰੇ ਇਨਕਾਰ ਹੋ ਨਾ ਜਾਏ।

## ਜੋਗਿੰਦਰ ਬਾਹਰਲਾ

ਕਾਲ਼ੀ ਮੰਜ਼ਿਲ ਦਾ ਕਾਲ਼ਾ ਪੜਾਅ ਆ ਗਿਆ
ਕੋਈ ਜਜ਼ਬਾ ਨਾ ਕੋਈ ਨਿਸ਼ਾਨਾ ਦਿਸੇ,
ਘੁੱਪ ਹਨੇਰੀ ਗੁਫ਼ਾ ਵਿਚ ਘਿਰੇ ਹਾਂ ਜਿਵੇਂ
ਸੱਭੇ ਚੁੱਪ ਹੋ ਗਏ ਬੋਲਦੇ-ਬੋਲਦੇ।

ਨਫ਼ਰਤਾਂ ਦੇ ਭਰੇ ਕਾਫ਼ਲੇ-ਕਾਫ਼ਲੇ
ਕੋਈ ਆਸ਼ਕ ਨਹੀਂ ਕੋਈ ਇਨਸਾਂ ਨਹੀਂ,
ਹਨ ਸਿਰਾਂ ਦੇ ਸਮੁੰਦਰ 'ਚ ਖ਼ਾਮੋਸ਼ੀਆਂ
'ਤੇ ਜਿਸਮ ਸਰਕਦੇ ਡੋਲਦੇ-ਡੋਲਦੇ।

ਮੌਤ ਸਸਤੀ ਬੜੀ ਇਸ ਲਈ ਹੋ ਗਈ
ਕਿਉਂਕਿ ਇਹ ਕਤਲਗਾਹ ਘਰ ਖ਼ੁਦਾ ਦੇ ਬਣੀ,
ਮੁੱਦਤਾਂ ਤੋਂ ਜਿਹਦਾ ਨਾਮ ਜਪਦੇ ਹੋਏ
ਥਕ ਗਏ ਸੀ ਇਹ ਦਰ ਖੋਲ੍ਹਦੇ-ਖੋਲ੍ਹਦੇ।

ਜਿਨ੍ਹਾਂ ਰਾਹਾਂ ਦੇ ਸਾਹੀਂ ਧੜਕਦੇ ਰਹੇ
ਆਸ ਦੀ ਕਿਰਨ ਕੋਈ ਚਮਕਦੀ ਰਹੀ,
ਟਿਮਟਿਮਾਂਦੇ ਹੋਏ ਜੁਗਨੂੰਆਂ ਦੀ ਤਰ੍ਹਾਂ
ਬੁਝ ਗਏ ਨੇਰ੍ਹ ਨੂੰ ਫੋਲਦੇ-ਫੋਲਦੇ।

ਮੇਰੇ ਗੀਤਾਂ ਦੀ ਰੂਹ ਜੋ ਭਟਕਦੀ ਰਹੀ
ਕੌਣ ਜਾਣੇ ਕਿਹੜੇ ਅੰਬਰੀ ਖੋ ਗਈ?
ਹੁਣ ਨਵੇਂ ਸੁਪਨਿਆਂ ਦਾ ਹਸ਼ਰ ਦੇਖ ਲਓ!
ਇਹ ਤਾਂ ਮਰਦੇ ਨੇ ਪਰ ਤੋਲਦੇ-ਤੋਲਦੇ।



## ਮੁਨੀਰ ਨਿਆਜ਼ੀ

ਕਿਸੇ ਨੂੰ ਅਪਣੇ ਅਮਲ ਦਾ ਹਿਸਾਬ ਕੀ ਦਈਏ?
ਸਵਾਲ ਸਾਰੇ ਗ਼ਲਤ ਨੇ ਜਵਾਬ ਕੀ ਦੇਈਏ?

ਉਨੀਂਦਰੇ ਕਈ ਸਦੀਆਂ ਦੇ ਖ਼ਾਲੀ ਅੱਖਾਂ ਵਿਚ,
ਇਹਨਾਂ ਬੇਅੰਤ ਖ਼ਲਾਆਂ 'ਚ ਖ਼ੁਆਬ ਕੀ ਦੇਈਏ?

ਹਵਾਵਾਂ ਵਾਂਗ ਮੁਸਾਫ਼ਰ ਨੇ ਦਿਲਬਰਾਂ ਦੇ ਦਿਲ,
ਇਹਨਾਂ ਨੂੰ ਇੱਕੋ ਜਗ੍ਹਾ ਦਾ ਅਜ਼ਾਬ ਕੀ ਦੇਈਏ?

ਅਜੇ ਸਮਝ ਨਹੀਂ ਹਰਫ਼ਾਂ ਦੀ ਰਮਜ਼ ਦੀ ਉਹਨੂੰ,
'ਤੇ ਏਸ ਉਮਰੇ ਉਹਦੇ ਹੱਥ ਕਿਤਾਬ ਕੀ ਦੇਈਏ?

ਸ਼ਰਾਬ ਮੰਗਦਾ ਏ ਜੀਅ ਅੱਜ ਸ਼ਰਾਅ ਦੇ ਪਹਿਰੇ ਵਿਚ,
ਪਰ ਐਡੀ ਤੰਗੀ 'ਚ ਇਹਨੂੰ ਸ਼ਰਾਬ ਕੀ ਦੇਈਏ?

---

ਸ਼ਰਾਅ - ਕਾਨੂੰਨ, ਨੇਮ।

## 2

ਬੇਖ਼ਿਆਲ ਹਸਤੀ ਨੂੰ ਕੰਮ ਦਾ ਧਿਆਨ ਲਾ ਦਿੱਤਾ।
ਹਿਜਰ ਦੀ ਉਦਾਸੀ ਨੇ ਸ਼ਾਮ ਨੂੰ ਸਜਾ ਦਿੱਤਾ।

ਇਸ਼ਕ ਦੇ ਸ਼ਜਰ ਏਥੇ, ਹੰਝੂਆਂ ਥੀਂ ਉਗਦੇ ਨੇ,
ਹੁਸਨ ਨੇ ਜ਼ਮਾਨੇ ਨੂੰ ਗ਼ਮ ਦਾ ਵਣ ਬਣਾ ਦਿੱਤਾ।

ਬੇਯਕੀਨ ਲੋਕਾਂ ਵਿਚ ਬੇਯਕੀਨ ਹੋ ਜਾਂਦੇ,
ਸਾਨੂੰ ਖ਼ੁਦਪ੍ਰਸਤੀ ਨੇ ਸ਼ਹਿਰ ਤੋਂ ਬਚਾ ਦਿੱਤਾ।

ਦੇਰ ਬਾਅਦ ਮਿਲਿਆ ਉਹ ਹੋਰ ਇਕ ਜ਼ਮਾਨੇ ਵਿਚ,
ਮੈਂ ਇਹ ਖ਼ਾਬ ਮੁੱਦਤ ਦਾ ਜਾਗ ਕੇ ਗਵਾ ਦਿੱਤਾ।

ਸ਼ਾਇਰੀ 'ਮੁਨੀਰ' ਅਪਣੀ ਬਾਗ਼ ਹੈ ਉਜਾੜ ਅੰਦਰ,
ਮੈਂ ਜਿਵੇਂ ਹਕੀਕਤ ਨੂੰ ਵਹਿਮ ਵਿਚ ਲੁਕਾ ਦਿੱਤਾ।



## 3

ਦਿਲ ਨੂੰ ਅਪਣੀ ਹਸਤੀ ਦਾ ਚਾਰਾਗਰ ਬਣਾ ਲੈਂਦੇ।
ਮੈਂ 'ਤੇ ਉਹ ਜੇ ਮਿਲ ਜਾਂਦੇ ਇਕ ਨਗਰ ਬਣਾ ਲੈਂਦੇ।

ਦਰ-ਬਦਰ ਨਾ ਮੈਂ ਫਿਰਦਾ, ਦਰ-ਬਦਰ ਨਾ ਉਹ ਹੁੰਦਾ,
ਇਕ ਜਗ੍ਹਾ 'ਤੇ ਮਿਲਕੇ ਜੇ ਅਪਣਾ ਦਰ ਬਣਾ ਲੈਂਦੇ।

ਖ਼ਾਬ ਜੇ ਨਾ ਬਣ ਜਾਂਦੇ ਮੈਕਦੇ ਦੀ ਦੁਨੀਆ ਵਿਚ,
ਇਹ ਅਜ਼ਾਬ ਦੁਨੀਆ ਦੇ ਦਿਲ 'ਚ ਘਰ ਬਣਾ ਲੈਂਦੇ।

ਹੁਣ ਖ਼ਿਆਲ ਆਉਂਦਾ ਏ ਮੰਜ਼ਿਲਾਂ ਦੀ ਸਖ਼ਤੀ ਦਾ,
ਕੋਈ ਯਾਰ 'ਤੇ ਅਪਣਾ ਹਮਸਫ਼ਰ ਬਣਾ ਲੈਂਦੇ।

ਰਹਿਬਰਾਂ ਬਿਨਾਂ ਚਲਣਾ, ਕੰਮ 'ਮੁਨੀਰ' ਔਖਾ ਸੀ,
ਪਰ ਗਵਾਚ ਜਾਂਦੇ ਜੇ ਰਾਹਬਰ ਬਣਾ ਲੈਂਦੇ।

## 4

ਪਹੁੰਚਣਾ ਚਾਹੁੰਦਾ ਹਾਂ ਮੰਜ਼ਿਲਾਂ 'ਤੇ ਲਗਨ ਹੈ ਏਡੀ।
ਕਦਮ ਵੀ ਮੈਥੋਂ ਪੁਟਿਆ ਨਾ ਜਾਵੇ ਥਕਨ ਹੈ ਏਡੀ।

ਹਰੇ ਸ਼ਜਰ ਸਨ ਜਦੋਂ ਮੈਂ ਏਥੇ ਉਹ ਖ਼ਾਬ ਤੱਕਿਆ,
ਚਮਨ ਇਹ ਜਿਸ ਦੇ ਉਜਾੜਪਨ ਦੀ ਚੁਭਨ ਹੈ ਏਡੀ।

ਹਜ਼ਾਰ ਕੋਹਾਂ 'ਤੇ ਰਹਿ ਗਏ ਨੇ ਉਹ ਸ਼ਹਿਰ ਸਾਰੇ,
ਜਿਨ੍ਹਾਂ ਦੀ ਯਾਦਾਂ ਦੀ ਦਿਲ ਦੇ ਅੰਦਰ ਜਲਨ ਹੈ ਏਡੀ।

ਚਿਰਾਗ਼ ਸੂਰਜ ਤਰ੍ਹਾਂ ਦਾ ਲੱਗੇ ਹਨੇਰ ਏਡਾ,
ਹਵਾ ਬਹਿਸ਼ਤਾਂ ਦੀ ਹਵਾ ਜਹੀ ਲੱਗੇ ਘੁਟਨ ਹੈ ਏਡੀ।

'ਮੁਨੀਰ' ਤੌਬਾ ਦੀ ਸ਼ਾਮ ਹੈ ਪਰ ਇਹ ਜੀ ਨਹੀਂ ਮੰਨਦਾ,
ਘਟਾ ਦੀ ਰੰਗਤ ਫ਼ਲਕਾਂ 'ਤੇ ਤੌਬਾ ਸ਼ਿਕਨ ਹੈ ਏਡੀ।



## 5

ਸ਼ਕਲ ਤੇਰੀ ਗੁਲਾਬ ਵਰਗੀ।
ਨਜ਼ਰ ਏ ਤੇਰੀ ਸ਼ਰਾਬ ਵਰਗੀ।

ਸਦਾ ਏ ਇਕ ਦੂਰੀਆਂ ਦੇ ਉਹਲੇ,
ਮੇਰੀ ਸਦਾ ਦੇ ਜਵਾਬ ਵਰਗੀ।

ਉਹ ਦਿਨ ਸੀ ਦੋਜ਼ਖ਼ ਦੀ ਅੱਗ ਵਰਗਾ,
ਉਹ ਰਾਤ ਡੂੰਘੇ ਅਜ਼ਾਬ ਵਰਗੀ।

ਇਹ ਸ਼ਹਿਰ ਲਗਦਾ ਏ ਦਸ਼ਤ ਵਰਗਾ,
ਚਮਕ ਏ ਇਹਦੀ ਸਰਾਬ ਵਰਗੀ।

ਹਵਾ ਏ ਅਜਕਲ ਸਵੇਰ ਵੇਲੇ,
ਬਦਲਦੇ ਮੌਸਮ ਦੇ ਖ਼ਾਬ ਵਰਗੀ।

'ਮੁਨੀਰ' ਤੇਰੀ ਗ਼ਜ਼ਲ ਅਜੀਬ ਏ,
ਕਿਸੇ ਸਫ਼ਰ ਦੀ ਕਿਤਾਬ ਵਰਗੀ।

## ਕੇਸਰ ਸਿੰਘ ਆਜਿਜ਼

ਕਾਲ਼ੀ ਰਾਤ ਤਾਰਿਆਂ ਨੈਣੀ, ਸੁਪਨੇ ਅਜੇ ਵੀ ਕਾਲ਼ੇ।
ਘੂਰ-ਘੂਰ ਕੇ ਤੱਕਣ, ਰੋਗੀ-ਸੋਗੀ ਆਲੇ-ਦੁਆਲ਼ੇ।

ਨਵੇਂ ਰੂਪ ਵਿਚ ਕਦਮ-ਕਦਮ 'ਤੇ, ਝੱਖੜ-ਝੋਲੇ ਝੁਲਦੇ,
ਸੱਚੇ-ਸੁੱਚੇ ਪਿਆਰ ਦਾ ਕੋਈ, ਕੀਕਰ ਦੀਵਾ ਬਾਲ਼ੇ?

ਕੀਕਰ ਆਖਾਂ ਨਵ-ਰੁੱਤ ਦਿੱਤਾ, ਨਵਾਂ ਸੁਨੇਹਾ ਜਦ ਕਿ,
ਹੀਰਾਂ ਹੱਥੀਂ ਜ਼ਹਿਰ ਪਿਆਲੇ, ਸੱਸੀਆਂ ਪੈਰੀਂ ਛਾਲੇ?

ਬਿੱਛੂਆਂ-ਡੰਗੇ ਜੀਵਨ-ਫੁੱਲ ਨੂੰ, ਕਿੰਜ ਕੋਈ ਅੱਜ ਖਿੜ੍ਹਾਵੇ?
ਜ਼ਹਿਰਾਂ ਚੜ੍ਹੀਆਂ ਦਰਦਾਂ ਚਸਕਣ, ਸੋਜਾਂ ਲੂਰਨ ਹਾਲੇ।

ਲੱਥਾ ਸੂਰਜ, ਚੜ੍ਹਿਆ ਸੂਰਜ, ਪੁੱਗੀਆਂ ਨਾ ਪਰ ਆਸਾਂ,
ਲਾਰਿਆਂ 'ਤੇ ਕੋਈ ਟੁਰੇ ਕਦੋਂ ਤਕ, ਰਾਹਾਂ 'ਤੇ ਕੰਡਿਆਲੇ।

ਤੇਰੀ ਹਿੱਕ-ਆਲ੍ਹਣੇ ਦਾ ਨਿੱਘ, ਕੀਕਰ ਮਾਣਾਂ ਗੋਰੀ,
ਜਦ ਕਿ ਆਦਮ ਜਾਇਆਂ ਹਿੱਕੀਂ, ਚਲਦੇ ਪਏ ਨੇ ਭਾਲੇ?

ਅੱਜ ਮੈਨੂੰ 'ਤੇ ਕਲਮ ਮੇਰੀ ਨੂੰ ਹੋਣੀ ਪਈ ਵੰਗਾਰੇ,
ਕੌਣ ਹੈ ਉਹ ਬੇ-ਅਣਖੀ ਫਿਰ ਵੀ, ਜੋ ਨ ਵਕਤ ਸੰਭਾਲ਼ੇ?



## ਹਬੀਬ ਜਾਲਿਬ

ਜਿੰਦਾਨਾਂ ਦੇ ਦਰ ਨਈਂ ਖੁੱਲ੍ਹਦੇ ਹੰਝੂਆਂ ਹਾਵਾਂ ਨਾਲ।
ਸੱਜਣਾ ਇਹ ਤਾਂ ਖੁਲ੍ਹਣਗੇ, ਲੋਹੇ ਦੀਆਂ ਬਾਹਵਾਂ ਨਾਲ।

ਵੇਖ ਜ਼ਮਾਨਾ ਗੱਲ ਕਰਦਾ ਏ, ਅੱਜ ਹਵਾਵਾਂ ਨਾਲ।
ਮੰਜ਼ਲ ਤੇਰੇ ਹੱਥ ਨਈਂ ਆਉਣੀ ਸਿਰਫ਼ ਦੁਆਵਾਂ ਨਾਲ।

ਨਾ ਭੁੱਲ ਸਕਿਆ, ਨਾ ਭੁੱਲ ਸਕਦਾਂ, ਬਿਆਸ ਦੇ ਕੰਢਿਆਂ ਨੂੰ,
ਸਦਾ ਰਵ੍ਹੇਗੀ ਯਾਦ ਇਨ੍ਹਾਂ ਦੀ, ਮੇਰਿਆ ਸਾਹਵਾਂ ਨਾਲ।

ਇਕੋ ਰੁਖ਼ ਹਵਾ ਦਾ ਵਗਿਆ, ਕੋਈ ਨ ਦਿਸਿਆ ਫੇਰ,
ਸਾਡਾ ਰਾਹ ਬਦਲ ਸਕਦਾ ਏ ਕੌਣ ਅਦਾਵਾਂ ਨਾਲ?

ਖ਼ੌਫ਼ ਦਾ ਸਾਇਆ ਜ਼ਿਹਨ ਅਪਣੇ ਦੇ ਆਉਣ ਨਾ ਦਿੱਤਾ ਕੋਲ਼,
ਧੰਨ ਜਿਗਰਾ ਸਾਡਾ ਵੀ 'ਜਾਲਿਬ' ਰਹੇ ਬਲਾਵਾਂ ਨਾਲ।

## ਮਹਿੰਗਾ ਸਿੰਘ 'ਹੋਸ਼'

ਖ਼ਤ ਨੂੰ ਖ਼ਤ ਨਾ ਜਾਣ ਕੇ ਹੀ ਦੋਸਤਾ! ਇਕ ਖ਼ਤ ਲਿਖੀਂ।
ਕਦ ਕੁ ਜਾਣੀ ਹੈ ਤੇਰੀ ਨਾ-ਲਿਖਣ ਦੀ ਆਦਤ ਲਿਖੀਂ।

ਹੁਸਨ ਦਾ ਮੁੱਲ, ਦਰਦ ਦਾ ਭਾਅ, ਅਣਖ ਦੀ ਕੀਮਤ ਲਿਖੀਂ।
ਹੁਣ ਤੇਰੀ ਨਗਰੀ 'ਚ ਕੀ ਹੈ ਵਣਜ ਦੀ ਹਾਲਤ ਲਿਖੀਂ।

ਕਿਸ ਤਰ੍ਹਾਂ ਲੱਗਦਾ ਹੈ ਜਦ ਲਗਦੀ ਹੈ ਸਰ ਤੁਹਮਤ ਲਿਖੀਂ।
ਕੇਹੋ ਜਿਹੀ ਉਹ ਜਾਪਦੀ ਹੈ ਪਿਆਰ ਦੀ ਦੌਲਤ ਲਿਖੀਂ।

ਹੌਕੇ -ਹੰਝੂ-ਦਿਲ-ਜਿਗਰ ਦੀ ਪੀੜ ਤਾਂ ਹੁਣ ਆਮ ਹੈ,
ਕਿਹੜੀ ਸ਼ੈਅ ਦੀ ਹੁਣ ਹੈ ਤੇਰੇ ਸ਼ਹਿਰ ਵਿਚ ਕਿੱਲਤ ਲਿਖੀਂ।

ਫੁੱਲਾਂ ਦੀ ਰਗ-ਰਗ 'ਚ ਕਿਸਦਾ ਖ਼ੂਨ ਹੈ ਦੱਸੀਂ ਜ਼ਰਾ,
ਪੱਤੀਆਂ ਉੱਤੇ ਹੈ ਕਿਸਦਾ ਨਾਮ ਪਰ ਅੰਕਤ ਲਿਖੀਂ।

ਕਦ ਕੁ ਉਤਰੇਗਾ ਸਿਰਾਂ ਤੋਂ ਤੰਗ-ਨਜ਼ਰੀ ਦਾ ਜਨੂੰਨ,
ਕਦ ਕਬੂਲੇਗਾ ਜ਼ਮਾਨਾ 'ਹੋਸ਼' ਦੀ ਦਾਅਵਤ ਲਿਖੀਂ।



## ਤਾਰਾ ਸਿੰਘ 'ਕਾਮਿਲ'

ਤੇਰੀ ਗੱਲ ਜਦੋਂ ਵੀ ਛੋਹੀ ਬੁੱਲ੍ਹ ਬਣੇ ਅੰਗਿਆਰ ਜਿਹੇ।
ਤੁਰ-ਤੁਰ ਕੇ ਅੰਗਿਆਰਾਂ ਉੱਤੇ ਬੋਲ ਹੋਏ ਸਾਕਾਰ ਜਿਹੇ।

ਪਿਆਰ ਤੇਰਾ ਤਦ ਪਾਲਣ ਹੋਵੇ ਜੇਕਰ ਛੱਡੀਏ ਪਿਆਰ ਜਿਹੇ।
ਫੁੱਲਾਂ ਵਰਗੇ ਜਜ਼ਬੇ ਦੇਈਏ ਤੋਹਫ਼ੇ ਲਈਏ ਦਾਰ ਜਿਹੇ।

ਰਾਹਾਂ ਉੱਤੇ ਕੁਝ ਪਰਛਾਵੇਂ ਬਣ ਬਹਿੰਦੇ ਨੇ ਯਾਰ ਜਿਹੇ।
ਤੱਕ ਕੇ ਫੇਰ ਪਿਛਾਂਹ ਮੁੜ ਜਾਂਦੇ ਅੰਗਾਂ ਦੇ ਬਾਜ਼ਾਰ ਜਿਹੇ।

ਅਰਧ-ਉਣੀਂਦੇ ਸੁਫ਼ਨੇ ਆਉਂਦੇ ਲੈ ਕੇ ਖੰਭ ਕਟਾਰ ਜਿਹੇ।
ਫੰਬਿਆਂ ਵਾਂਗੂ ਖਿੰਡ-ਪੁੰਡ ਜਾਂਦੇ ਰੂਹ ਦੇ ਚੈਨ ਕਰਾਰ ਜਿਹੇ।

ਚਾਨਣੀਆਂ ਰਾਹਾਂ 'ਤੇ ਮਹਿਕਣ ਫੁੱਲ ਜਿਹੇ ਕੁਝ ਖ਼ਾਰ ਜਿਹੇ।
ਜਿਹੜੇ ਪਾਂਧੀ ਬਚ ਕੇ ਤੁਰਦੇ ਉਹ ਲਗਦੇ ਸਰਦਾਰ ਜਿਹੇ।

ਵਿਚ ਅੱਗ ਦਾ ਦਰਿਆਓ ਵਗੇਂਦਾ ਮੰਜ਼ਲ ਦਿਸਦੀ ਪਾਰ ਜਿਹੇ।
ਕੋਈ-ਕੋਈ ਪਾਰ ਉਤਾਰਾ ਹੋਵੇ ਬਹੁਤੇ ਰਹਿਣ ਉਰਾਰ ਜਿਹੇ।

## ਜਸਵੰਤ ਸਿੰਘ 'ਭੌਰ'

ਅੱਜ ਫੇਰ ਦੀਵਾ ਕਬਰ 'ਤੇ ਕਿਸ ਨੇ ਹੈ ਬਾਲ਼ਿਆ ?
ਮੋਏ ਹੋਏ ਦੀ ਲਾਸ਼ ਨੂੰ ਮੁੜ-ਮੁੜ ਕੇ ਜਾਲ਼ਿਆ।

ਮਰਨੇ ਤੋਂ ਬਾਦ ਰਿਸ਼ਤਿਆਂ ਦੀ ਗੰਢ ਪਾ ਲਈ,
ਜੀਉਂਦੇ ਜੀਅ ਜਿਸ ਨੇ ਪਕੜ ਕੇ ਪਾਸੇ ਬਹਾਲ਼ਿਆ।

ਉਹ ਬੇ-ਨਕਾਬ ਹੋ ਗਿਆ ਲੋਕਾਂ ਦੇ ਸਾਹਮਣੇ,
ਪਾਣੀ ਸੀ ਜਿਸ ਨੇ ਅੱਖਾਂ ਦਾ ਰੋ-ਰੋ ਹੰਘਾਲ਼ਿਆ।

ਗ਼ਮ ਦੀ ਸਿਤਾਰ ਛੇੜ ਕੇ ਸੁੱਤੇ ਨੂੰ ਛੇੜਿਆ,
ਮੈਨੂੰ ਗ਼ਮਾਂ ਦੀ ਪੀਂਘ 'ਤੇ ਮੁੜ ਕੇ ਬਠਾਲ਼ਿਆ।

ਇਹ ਗ਼ਮ ਹੈ ਲੱਗੀ ਵਾਲਿਆਂ ਦਾ ਸੁਣ ਲਉ ਲੋਕੋ!
ਲਭਦਾ ਨਾ ਕਬਰਾਂ ਪੁੱਟ ਕੇ ਕਿਧਰੇ ਵੀ ਭਾਲ਼ਿਆ।

ਮੋਇਆਂ ਨੂੰ ਮਿਲਣ ਆ ਗਿਆ ਲੱਖ ਵਾਰ ਸ਼ੁਕਰੀਆ!
ਸਦੀਆਂ ਤੋਂ ਬਾਅਦ ਆਣ ਕੇ ਕਿਉਂ ਜਫ਼ਰ ਜਾਲ਼ਿਆ।

ਹੈ ਕੌਣ ਰੋ ਰਿਹਾ ਮੇਰੀ ਮਿੱਟੀ 'ਤੇ ਬੈਠ ਕੇ,
ਉਹੀ ਕਦੇ ਸੀ ਖ਼ੁਸ਼ੀ ਨੂੰ ਜਿਸ ਨੇ ਉਧਾਲ਼ਿਆ।

'ਭੌਰੇ' ਦੀ ਘੂੰ-ਘੂੰ ਵਿੱਚ ਵੀ ਰੋਗਾਂ ਦੀ ਝਲਕ ਹੈ,
ਜਾਂਦਾ ਨਹੀਂ ਗ਼ਮ ਓਸ ਤੋਂ ਬਾਗ਼ਾਂ ਦਾ ਟਾਲ਼ਿਆ।



## 2.

ਮੈਂ ਗ਼ਮਾਂ ਦੀ ਰਾਤ ਕਾਲ਼ੀ ਮਾਣ ਲਈ।
ਹਰ ਹਕੀਕਤ ਜ਼ਿੰਦਗੀ ਦੀ ਜਾਣ ਲਈ।

ਹਰ ਭੁਲੇਖੇ ਨੂੰ ਹੰਢਾਇਆ ਰੱਜ ਕੇ,
ਹਰ ਕਦਮ 'ਤੇ ਖ਼ਾਕ ਖ਼ਾਸੀ ਛਾਣ ਲਈ।

ਨਿਰਦਈ ਦੁਨੀਆ ਤੋਂ ਧੱਕੇ ਹੀ ਮਿਲੇ,
ਜਦ ਵੀ ਮੰਗਿਆ ਪੇਟ ਵਿਚ ਕੁਝ ਪਾਣ ਲਈ।

ਦੁੱਖ ਦਰਵਾਜ਼ੇ 'ਤੇ ਆ ਕੇ ਖੜ੍ਹ ਗਏ,
ਰਹਿ ਗਏ ਗ਼ਮ ਸਿਰਫ਼ ਬਾਕੀ ਖਾਣ ਲਈ।

ਸੱਜਣਾ ਨੇ ਬਖ਼ਸ਼ੀਆਂ ਮਜਬੂਰੀਆਂ,
ਮਾਰਨੇ ਦੀ ਦੁਸ਼ਮਣਾ ਨੇ ਠਾਣ ਲਈ।

ਦੋਸਤਾ! ਕਾਹਨੂੰ ਮਸ਼ਾਲਾਂ ਚੁੱਕੀਆਂ ?
ਇੱਕ ਹੀ ਤੀਲੀ ਹੈ, ਕਾਫ਼ੀ ਲਾਣ ਲਈ।

ਆਪਣੇ ਕਸ਼ਕੌਲ ਮੇਰਾ ਲੈ ਗਏ,
ਦੇ ਗਏ ਦੁੱਖ ਉਮਰ ਭਰ ਤਰਸਾਣ ਲਈ,

ਚੁੱਪ ਕਰਕੇ ਆਣ ਕੇ ਜੋ ਵੜ੍ਹ ਗਏ,
ਹੰਝੂਆਂ ਦੀ ਝੜੀ ਸੀ ਪਹਿਚਾਣ ਲਈ।

## ਗੁਲਵੰਤ ਫ਼ਾਰਿਗ

ਜੀਵੇ ਕੋਈ ਕਰਾਰਾਂ ਉੱਤੇ।
ਫੁੱਲ ਜਿਵੇਂ ਅੰਗਿਆਰਾਂ ਉੱਤੇ।

ਗ਼ੈਰ ਤਾਂ ਆਖ਼ਰ ਗ਼ੈਰ ਹੀ ਹੁੰਦੇ,
ਨਹੀਂ ਏ ਭਰੋਸਾ ਯਾਰਾਂ ਉੱਤੇ।

ਕੌਣ ਇਹ ਲੈ ਕੇ ਆਇਆ ਦੀਵੇ ?
ਦਿਲ ਦੇ ਸੁੰਨ ਮਜ਼ਾਰਾਂ ਉੱਤੇ।

ਕੋਈ ਖ਼ਿਜ਼ਾਂ ਨੂੰ ਜਾ ਕੇ ਆਖੇ,
ਬੀਤੀ ਕਿੰਜ ਬਹਾਰਾਂ ਉੱਤੇ ?

ਫੁੱਲ ਵੀ ਤਿੱਖੀ ਚੋਭ ਬਣੇ ਨੇ,
ਕੇਹਾ ਉਲਾਂਭਾ ਖ਼ਾਰਾਂ ਉੱਤੇ ?

ਆਸ਼ਕ ਦਾ ਦਿਲ ਆਸ਼ਕ ਹੁੰਦਾ,
ਤਿੱਖੀਆਂ ਤੇਜ਼ ਕਟਾਰਾਂ ਉੱਤੇ।

ਵਿਰਲਾ ਕੋਈ ਮਨਸੂਰ ਇਹ ਜਾਣੇ,
ਕਿੰਜ ਚੜ੍ਹੀਦਾ ਦਾਰਾਂ ਉੱਤੇ ?

ਹੋਸ਼ ਕਰੀਂ 'ਗੁਲਵੰਤ' ਤੂੰ ਸੰਭਲੀਂ,
ਯਾਰ ਨੇ ਬੈਠੇ ਮਾਰਾਂ ਉੱਤੇ।



## ਦਲਜੀਤ ਸਿੰਘ 'ਸ਼ਾਨ'

ਆਪਣੀ ਵਡਿਆਈ ਜੇ ਤੂੰ ਆਪ ਨਾ ਕਰਿਆ ਕਰੇਂ।
ਦੂਜ ਪਾ ਕੇ ਦੂਸਰੇ ਦਾ ਜਾਪ ਨਾ ਕਰਿਆ ਕਰੇਂ।

ਗਲਤੀਆਂ ਕਰਕੇ ਜੇ ਪਸਤਾਚਾਪ ਨਾ ਕਰਿਆ ਕਰੇਂ।
ਬੇ-ਰੁਖ਼ੀ ਉਹਦੀ 'ਤੇ ਫਿਰ ਵਿਰਲਾਪ ਨਾ ਕਰਿਆ ਕਰੇਂ।

ਰਾਹ ਤਿਰਾ ਪਹਿਚਾਣਦੀ ਹੈ ਦਿਲੋਂ ਉਠਦੀ ਇਕ ਆਵਾਜ਼,
ਤੂੰ ਪਛਾਣੇਂ ਓਸ ਨੂੰ ਤਾਂ ਪਾਪ ਨਾ ਕਰਿਆ ਕਰੇਂ।

ਤਿਰਾ ਦਮ-ਦਮ ਸ਼ੁਕਰ ਵਿਚ ਲੰਘੇ ਜੇ ਇਕ ਦਿਲਦਾਰ ਦੇ,
ਫੇਰ ਦੀਪਕ ਰਾਗ ਦਾ ਆਲਾਪ ਨਾ ਕਰਿਆ ਕਰੇਂ।

ਧੁਖ਼ਦਿਆਂ ਧੂੰਇਆਂ 'ਚੋਂ ਤੂੰ ਕੀ ਭਲਾ ਲੱਭਦਾਂ ਸੁਆਹ,
ਉਸ ਸੁਆਹ ਵਰਗਾ ਜੇ ਅਪਣਾ ਆਪ ਨਾ ਕਰਿਆ ਕਰੇਂ।

ਗੁਨਾਹਗਾਰਾਂ 'ਚ ਬਹਿ ਕੇ ਵੀ ਚਮਕ ਜਾਂਦੇ ਨੇ ਕਈ,
ਕੀ ਚਮਕਣਾ ਜੇ ਗੁਨਾਹ ਦਾ ਨਾਪ ਨਾ ਕਰਿਆ ਕਰੇਂ।

ਬੰਦਿਆ! ਬੰਦੇ ਦੀ ਬੰਦਗੀ ਕਰ 'ਤੇ ਬੰਦਾ ਬਣਕੇ ਦੇਖ,
'ਸ਼ਾਨ' ਦਿਲ ਦੇ ਕੋਲ ਫਿਰ ਸੰਤਾਪ ਨਾ ਕਰਿਆ ਕਰੇਂ।

## ਸਾਧੂ ਸਿੰਘ 'ਆਂਚਲ'

ਕੀ ਪਤਾ ਕਿਸ ਦੇ ਸਹਾਰੇ ਚਾਰ ਦਿਨ।
ਜ਼ਿੰਦਗੀ ਦੇ ਮੈਂ ਗੁਜ਼ਾਰੇ ਚਾਰ ਦਿਨ।

ਡੁੱਬ ਗਈ ਸਾਰੀ ਜਵਾਨੀ ਹਿਜਰ ਵਿਚ,
ਮੈਂ ਰਿਹਾ ਤੱਕਦਾ ਕਿਨਾਰੇ ਚਾਰ ਦਿਨ।

ਬੂਹੇ 'ਤੇ ਹੈ ਹਸਰਤਾਂ ਦਾ ਇੱਕ ਹਜੂਮ,
ਦੇ ਦਿਉ ਮੈਨੂੰ ਉਧਾਰੇ ਚਾਰ ਦਿਨ।

ਇੱਕੋ ਜਿਹੇ ਤਾਂ ਦਿਨ ਕਦੇ ਰਹਿੰਦੇ ਨਹੀਂ,
ਵਾਦੀਆਂ 'ਤੇ ਇਹ ਨਜ਼ਾਰੇ ਚਾਰ ਦਿਨ।

ਮਹਿਫ਼ਲਾਂ, ਸ਼ਿਅਰ-ਓ-ਸ਼ਬਾਬ, ਰਾਗ-ਰੰਗ,
ਦੇਖ ਲਏ ਸਾਰੇ ਦੇ ਸਾਰੇ ਚਾਰ ਦਿਨ।

ਜ਼ਿੰਦਗੀ ਤਾਂ ਕੱਟ ਗਈ ਪਲ-ਛਿਣ ਤਰ੍ਹਾਂ,
ਹੁਣ ਕਿਉਂ ਲਗਦੇ ਇਹ ਭਾਰੇ ਚਾਰ ਦਿਨ?

ਐ ਤੂੰ 'ਆਂਚਲ'! ਇਸ ਤੱਕਬਰ ਤੋਂ ਬਚੀਂ,
ਇਸ ਤਕੱਬਰ ਦੇ ਮੀਨਾਰੇ ਚਾਰ ਦਿਨ।



### 2

ਦੱਸ ਵੇ ਰੱਬਾ! ਇਸ ਧਰਤੀ 'ਤੇ ਕਿੱਦਾਂ ਝੱਟ ਗੁਜ਼ਾਰਾਂ?
ਤ੍ਰਿਹਾਈਆਂ ਜਿਸ ਧਰਤੀ ਉੱਤੇ ਤੜਪ ਕੇ ਮਰਨ ਬਹਾਰਾਂ।

ਪੀਲ਼ੇ ਹੋ ਕੇ ਝੜ ਗਏ ਜਿਹੜੇ ਹੋ ਗਏ ਖੰਭੜੀ-ਖੰਭੜੀ,
ਉਹਨਾਂ ਫੁੱਲਾਂ ਨੂੰ ਮੈਂ ਦੱਸੋ ਕਿੱਥੋਂ 'ਵਾਜਾਂ ਮਾਰਾਂ?

ਕੋਰੇ ਰੂੰ ਦੇ ਫੰਬੇ ਵਰਗੀ ਦੁੱਧ-ਚਿੱਟੀ ਗੱਲ ਮੇਰੀ,
ਜਦ ਲੋਕਾਂ ਦੇ ਢਾਹੇ ਚੜ੍ਹਦੀ ਬਣਦੀ ਖੰਭ ਤੋਂ ਡਾਰਾਂ।

ਹੌਲ਼ੀ-ਹੌਲ਼ੀ ਸੂਰਜ ਬਣਕੇ ਚੜ੍ਹਿਆਂ ਨੇ ਲੱਥ ਜਾਣਾ,
ਦੋ ਦਿਨ ਅਸਮਾਨਾਂ ਦੀ ਟੀਸੀ ਮਾਰ ਲੈਣ ਦਿਉ ਟਾਹਰਾਂ।

ਏਸ ਲਈ ਮੈਂ ਗ਼ਮ ਸੱਜਣਾ ਦਾ ਸੀਨੇ ਲਾਕੇ ਰੱਖਿਆ,
'ਕੱਲਾ ਫਿਰ ਵੀ 'ਕੱਲਾ ਹੁੰਦਾ ਹੈ 'ਆਂਚਲ' ਦੋ ਗਿਆਰਾਂ।

## ਅਜਾਇਬ ਕਮਲ

ਜਦੋਂ ਸੁਕਰਾਤ ਵਾਲਾ ਸੱਚ ਉਸਨੇ ਪਾ ਲਿਆ ਹੋਣਾ।
ਉਦ੍ਹਾ ਜੂਠਾ ਪਿਆਲਾ ਉਸਨੇ ਮੂੰਹ ਨੂੰ ਲਾ ਲਿਆ ਹੋਣਾ।

ਉਦ੍ਹਾ ਚਿਹਰਾ ਤਾਂ ਇਕ ਤਿੜਕੇ ਹੋਏ ਸ਼ੀਸ਼ੇ ਦੀ ਵਿੱਥਿਆ ਹੈ,
ਭੁਲੇਖਾ ਦੇਣ ਲਈ ਉਸਨੇ ਮੁਖੌਟਾ ਪਾ ਲਿਆ ਹੋਣਾ।

ਸਵੇਰੇ ਦਾ ਉਹ ਤੁਰਿਆ ਹੈ ਅਜੇ ਤੀਕਰ ਨਹੀਂ ਪੁੱਜਾ,
ਉਹਨੂੰ ਰਸਤੇ ਦਿਆਂ ਰੁੱਖਾਂ ਨੇ, ਗੱਲੀਂ ਲਾ ਲਿਆ ਹੋਣਾ।

ਮੇਰੀ ਸਾਦਾ ਜਹੀ ਕਵਿਤਾ ਦੇ ਉਲਟੇ ਅਰਥ ਕੱਢਣ ਨੂੰ,
ਸਮੁੱਚੀ ਵਰਣਮਾਲਾ ਨੂੰ ਉਨ੍ਹੇ ਉਲਟਾ ਲਿਆ ਹੋਣਾ।

ਉਹ ਅਜਕਲ ਫੇਰ ਉਠਕੇ ਨੀਂਦ ਦੇ ਵਿਚ ਤੁਰਨ ਲੱਗਾ ਹੈ,
ਕਿਸੇ ਤਿਤਲੀ ਨੇ ਉਸਨੂੰ ਫੇਰ ਹੈ ਭਰਮਾ ਲਿਆ ਹੋਣਾ।

ਉਹ ਪਹਿਲਾਂ ਵਾਂਗ ਅਪਣੀ ਸੋਚ 'ਤੇ ਪਹਿਰਾ ਨਹੀਂ ਦਿੰਦਾ,
ਜ਼ਮਾਨੇ-ਸਾਜ਼ ਭਾਸ਼ਾ ਨੂੰ ਉਨ੍ਹੇ ਅਪਣਾ ਲਿਆ ਹੋਣਾ।

ਉਨ੍ਹੇ ਵੀ ਇਸ਼ਤਿਹਾਰੀ ਕਾਗ਼ਜ਼ਾਂ ਦੇ ਪਾ ਲਏ ਲੀੜੇ,
ਸਿਆਸਤ ਨਾਲ ਉਸਨੇ ਵੀ ਯਰਾਨਾ ਪਾ ਲਿਆ ਹੋਣਾ।

ਗਲੋਬਲ ਯੁੱਗ ਦੇ ਨਾਟਕ ਦਾ ਮਹਾ-ਨਾਇਕ ਬਣਨ ਦੇ ਲਈ,
ਉਨ੍ਹੇ ਵੀ ਵੇਸਵਾ ਦੇ ਰੋਲ ਨੂੰ ਅਪਣਾ ਲਿਆ ਹੋਣਾ।

ਇਹ ਸੱਚ ਹੋਣਾ ਕਿ ਉਸ ਨੂੰ ਬੌਣਿਆਂ ਨੇ ਪਾ ਲਿਆ ਘੇਰਾ,
ਭੁਲੇਖਾ ਹੈ ਕਿ ਉਸਨੂੰ ਬੌਣਿਆਂ ਨੇ ਢਾ ਲਿਆ ਹੋਣਾ।



### 2

ਕੰਨਾਂ 'ਚ ਸ਼ਾਂਤੀ ਦੀ ਥਾਂ ਸ਼ੋਰ ਘੋਲਦੇ ਨੇ।
ਸ਼ਬਦਾਂ ਨੂੰ ਚੁੱਪ ਕਰਾਓ! ਇਹ ਬਹੁਤ ਬੋਲਦੇ ਨੇ।

ਲੈਂਦੇ ਨੇ ਸ਼ੀਸ਼ਿਆਂ ਦੀ ਹਰ ਰੋਜ਼ ਉਹ ਤਲਾਸ਼ੀ,
ਉਹ ਭੀੜ ਵਿਚ ਗੁਆਚੇ ਚਿਹਰੇ ਨੂੰ ਟੋਲਦੇ ਨੇ।

ਉਹ ਸੋਚਦੇ ਉਹ ਹੋਣੇ ਅੰਬਰ 'ਚ ਲੁਕ ਕੇ ਬੈਠੇ,
ਉਹ ਪੌੜ੍ਹੀਆਂ ਲਗਾ ਕੇ ਸੁਰਗਾਂ ਨੂੰ ਟੋਲਦੇ ਨੇ।

ਭੁੱਲ ਕੇ ਜ਼ੁਬਾਨ ਅਪਣੀ, ਭੁੱਲ ਕੇ ਪਛਾਣ ਅਪਣੀ,
ਹੁਣ ਲੋਕ ਕੁਰਸੀਆਂ ਦੀ ਭਾਸ਼ਾ 'ਚ ਬੋਲਦੇ ਨੇ।

ਉਹ ਜਾਣਦੇ ਨਹੀਂ ਹੁਣ ਜੰਗਲ ਉਹ ਬਣ ਗਏ ਹਨ,
ਉਹ ਜੰਗਲਾਂ 'ਚ ਜਾਕੇ ਸ਼ਹਿਰਾਂ ਨੂੰ ਟੋਲਦੇ ਨੇ।

ਅਜਕਲ ਤਾਂ ਬੰਦਿਆਂ ਥਾਂ ਬਸਤਰ ਹੀ ਰਹਿ ਗਏ ਹਨ,
ਅਜਕਲ ਤਾਂ ਬੰਦਿਆਂ ਥਾਂ ਬਸਤਰ ਹੀ ਬੋਲਦੇ ਨੇ।

ਇਹ ਕੌਣ ਆਖਦਾ ਹੈ ਇਤਿਹਾਸ ਮਰ ਗਿਆ ਹੈ?
ਇਨਸਾਨ 'ਚੋਂ ਅਨੇਕਾਂ ਇਤਿਹਾਸ ਬੋਲਦੇ ਨੇ।

ਮੰਡੀ ਦੇ ਯੁਗ 'ਚ ਕਵਿਤਾ ਵੀ ਜਿਣਸ ਬਣ ਗਈ ਹੈ,
ਹੁਣ ਜਿਣਸ ਵਾਂਗ ਲੋਕੀ ਕਵਿਤਾ ਨੂੰ ਤੋਲਦੇ ਨੇ।

## 3

ਮੇਰੇ ਘਰ ਵਿਚ ਜਿਹੜਾ ਦੀਵਾ ਜਗਦਾ ਹੈ।
ਕੁਝ ਦਿਨ ਤੋਂ ਬੀਮਾਰ ਜਿਹਾ ਉਹ ਲਗਦਾ ਹੈ।

ਰੁਕ-ਰੁਕ ਕੇ ਜਦ ਬਣਦਾ ਹੈ 'ਤੇ ਬਲ਼ਦਾ ਹੈ।
ਮੈਨੂੰ ਉਹ ਹਟਕੋਰੇ ਭਰਦਾ ਲਗਦਾ ਹੈ।

ਪਰਦੇ ਉਹਲੇ ਬੇ-ਪਰਦੀ ਗੱਲ ਕਰਦਾ ਹੈ।
ਏਹੀ ਤਾਂ ਬਸ ਪਰਦੇ ਉੱਤੇ ਪਰਦਾ ਹੈ।

ਅਜਕਲ ਉਹ ਅਣਹੋਈਆਂ ਗੱਲਾਂ ਕਰਦਾ ਹੈ,
ਅਜਕਲ ਉਸ ਅੰਦਰ ਵੀ ਦੀਵਾ ਜਗਦਾ ਹੈ।

ਸੂਰਜ-ਮੁਖੀਆਂ ਦਾ ਇਹ ਕੈਸਾ ਜਾਦੂ ਹੈ?
ਹਰ ਫੁੱਲ ਹੱਸਦੇ ਬੱਚੇ ਵਰਗਾ ਲਗਦਾ ਹੈ।

ਫੁੱਲਾਂ ਦੇ ਵਿਚ ਕਵਿਤਾ ਲੁਕ ਕੇ ਬੈਠੀ ਹੈ,
ਹਰ ਖਿੜਿਆ ਫੁੱਲ ਕਵਿਤਾ ਪੜ੍ਹਦਾ ਲਗਦਾ ਹੈ।

ਉਹ ਔਰਤ ਵੀ ਨਾਗਮਣੀ ਤੋਂ ਘੱਟ ਨਹੀਂ,
ਉਸ ਦੇ ਸਿਰ ਉੱਤੇ ਵੀ ਦੀਵਾ ਜਗਦਾ ਹੈ।

ਜਿਸ ਦਿਨ ਦਾ ਸੁਪਨੇ ਵਿਚ ਉਸਦਾ ਮੂੰਹ ਤੱਕਿਆ,
ਧੁੱਪ-ਰੰਗਾ ਦਰਿਆ ਨੀਂਦਰ ਵਿਚ ਵਗਦਾ ਹੈ।

ਲਗਦਾ ਮੁੜਕੇ ਫ਼ਿਤਨਾ ਨਵਾਂ ਉਠਾਵੇਗਾ,
ਲੋੜੋਂ ਵਧ ਉਹ ਹਾਂ-ਜੀ, ਹਾਂ ਜੀ ਕਰਦਾ ਹੈ।

ਜਿਸ ਅੱਖਰ ਵਿਚ ਸੂਰਜ ਲੁਕ ਕੇ ਬੈਠਾ ਹੈ,
ਓਹੀ ਅੱਖਰ ਨੇਰ੍ਹੇ ਵਿਚ ਲੋਅ ਕਰਦਾ ਹੈ।



## 4

ਜੀਉਣੇ ਦੇ ਆਦਾਬ ਨਵੇਂ ਉਹ ਸਿਖਦੇ ਨੇ।
ਅੱਜਕੱਲ ਤਲਵਾਰਾਂ 'ਤੇ ਕਵਿਤਾ ਲਿਖਦੇ ਨੇ।

ਇੰਤਜ਼ਾਰ ਵਿਚ ਨਜ਼ਰਾਂ ਨੂੰ ਕੀ ਮਾਰ ਵਗੀ,
ਇਕ ਬੰਦੇ ਥਾਂ ਦੋ-ਦੋ, ਤਿੰਨ-ਤਿੰਨ ਦਿਸਦੇ ਨੇ।

ਇਕ ਦਿਨ ਦੇ ਵਿਚ ਸੌ-ਸੌ ਰੰਗ ਵਟਾਂਦੇ ਨੇ,
ਓੜਕ-ਛੋਹੇ ਜਜ਼ਬੇ ਕਿੱਥੇ ਟਿਕਦੇ ਨੇ?

ਅੱਜ ਕਲ ਸਿੱਧੇ ਬੰਦੇ ਵੀ ਹਨ ਉਲਟ ਗਏ,
ਅਜਕਲ ਉਹ ਵੀ ਉਲਟੇ ਅੱਖਰ ਲਿਖਦੇ ਨੇ।

ਸ਼ੀਸ਼ੇ 'ਚੋਂ ਵੀ ਅਸਲੀ ਚਿਹਰਾ ਲੱਭੇ ਨਾ,
ਸ਼ੀਸ਼ੇ 'ਚੋਂ ਵੀ ਭੂਤ ਜਹੇ ਹੀ ਦਿਸਦੇ ਨੇ।

ਕੌਣ ਵਰ੍ਹਾਵੇ ਚੁੱਪ ਕਰਾਵੇ ਇਹਨਾਂ ਨੂੰ?
ਸੁਪਨੇ ਥਾਂ-ਥਾਂ ਖੱਜਲ ਹੁੰਦੇ ਦਿਸਦੇ ਨੇ।

ਜਿਹੜਾ ਚਾਹੋ ਮੁੱਲ ਮੁਖੌਟਾ ਲੈ ਆਵੋ,
ਅਜਕਲ ਹਰ ਮੰਡੀ ਵਿਚ ਚਿਹਰੇ ਵਿਕਦੇ ਨੇ।

ਇਕ- ਦੋ ਦਿਨ ਵਿਚ ਬੰਦਾ ਕਿਵੇਂ ਬਦਲ ਸਕਦਾ?
ਹੌਲ਼ੀ-ਹੌਲ਼ੀ ਯਾਰੋ! ਪੱਥਰ ਘਿਸਦੇ ਨੇ।

## ਹਰਭਜਨ ਸਿੰਘ 'ਸਾਜਨ'

ਦੇਸ਼ ਦੀ ਮਿੱਟੀ ਦਾ ਹਰ ਇਕ ਬਸ਼ਰ 'ਤੇ ਅਹਿਸਾਨ ਹੈ।
ਦੇਸ਼ ਦੀ ਅਜ਼ਮਤ ਤੋਂ ਹਰ ਸ਼ੈਅ ਦੇਸ਼ ਦੀ ਕੁਰਬਾਨ ਹੈ।

ਕਾਸ਼! ਇਹ ਦਾਅਵਾ ਅਸਾਡਾ ਸੱਚ ਸਾਬਤ ਹੋ ਸਕੇ,
ਪਿਆਰ ਸਾਡਾ ਧਰਮ ਹੈ ਇਨਸਾਨੀਅਤ ਈਮਾਨ ਹੈ।

ਸੱਸੀ ਦੇ ਮਾਰੂਥਲਾਂ ਵਿਚ ਆਈਆਂ ਨਹੀਂ ਖ਼ੁਸ਼ਹਾਲੀਆਂ,
ਪਹਿਲਾਂ ਵੀ ਰੇਗਿਸਤਾਨ ਸੀ 'ਤੇ ਹੁਣ ਵੀ ਰੇਗਿਸਤਾਨ ਹੈ।

ਅੱਜ ਦੇ ਇਨਸਾਨ ਦੀ ਦੇਖੋ! ਜ਼ਰਾ ਦੀਵਾਨਗੀ,
ਤਾਂਘ ਹੈ ਜੀਉਣੇ ਦੀ ਪੱਲੇ ਮੌਤ ਦਾ ਸਾਮਾਨ ਹੈ।

ਉਹ ਮਲਾਹ ਕਾਹਦਾ ਹੈ ਜੋ ਹੈ ਇਸ ਖ਼ਬਰ ਤੋਂ ਬੇ-ਖ਼ਬਰ,
ਦਰਿਆ ਵਿਚ ਤੂਫ਼ਾਨ ਨਈਂ ਬੇੜੀ ਦੇ ਵਿਚ ਤੂਫ਼ਾਨ ਹੈ।

ਸ਼ਾਇਰ ਹੋ ਕੇ ਜੇ ਸਮੇਂ ਦੀ ਗੱਲ 'ਸਾਜਨ' ਨਾ ਲਿਖੀ,
ਕਲਮ ਦੀ ਤੌਹੀਨ ਹੈ ਕਾਗ਼ਜ਼ ਦਾ ਵੀ ਅਪਮਾਨ ਹੈ।



### 2

ਦੁਨੀਆ ਤੇਰੀ ਦੇ ਮੌਲ਼ਾ! ਕਈ ਰੰਗ ਨੇ ਪਿਆਰੇ।
ਕਈ ਹਾਰ-ਹਾਰ ਜਿੱਤੇ ਕਈ ਜਿੱਤ-ਜਿਤ ਹਾਰੇ।

ਖਾ ਸੱਟ ਦੋਸਤੀ ਦੀ ਮਨਸੂਰ ਤਿਲਮਿਲਾਇਆ,
ਸ਼ਿਬਲੀ ਦੇ ਫੁੱਲ ਲਗਦੇ ਅੱਜ ਪੱਥਰਾਂ ਤੋਂ ਭਾਰੇ।

ਧਰਤੀ 'ਤੇ ਰਹਿ ਕੇ ਕੀ ਤੁਸਾਂ ਨੇ ਚੰਦ ਚਾੜ੍ਹਿਆ ਹੈ,
ਚੰਦ ਉੱਤੇ ਜਾਣ ਵਾਲੇ ਨੂੰ ਪੜ੍ਹ ਰਹੇ ਸੀ ਤਾਰੇ।

ਅੱਖਾਂ ਅਸਾਡੀਆ ਵਿਚ ਦੋ-ਚਾਰ ਰੋਜ਼ ਠਹਿਰੋ!
ਲੁੱਟੋ ਨਿਸ਼ੰਗ ਹੋ ਕੇ ਬਰਸਾਤ ਦੇ ਨਜ਼ਾਰੇ।

ਮੰਝਧਾਰ ਨਾਲ ਸਾਡੀ ਜਦ ਸਾਂਝ ਪੈ ਗਈ ਹੈ,
ਕਿਸ਼ਤੀ ਮੇਰੀ ਨੂੰ ਫਿਰਦੇ ਅੱਜ ਲੱਭਦੇ ਸਿਤਾਰੇ।

## ਅਨੂਪ ਸਿੰਘ 'ਨੂਰੀ'

ਤੇਰੇ ਦਿਲ 'ਚ ਬਾਕੀ ਕੋਈ ਅਰਮਾਨ ਰਹਿ ਨਾ ਜਾਏ।
ਲੈ ਇਹ ਵੀ ਯਾਰ! ਲੈ-ਲੈ, ਇਹ ਜਾਨ ਰਹਿ ਨਾ ਜਾਏ।

ਛੱਪਰ ਵੀ ਫੂਕ ਦੇਵੇ ਅੰਬਰ ਤੋਂ ਆ ਕੇ ਬਿਜਲੀ,
ਇਹ ਸਿਰ ਲੁਕੋਣ ਦਾ ਵੀ ਸਾਮਾਨ ਰਹਿ ਨਾ ਜਾਏ।

ਰੀਝਾਂ 'ਤੇ ਹਸਰਤਾਂ ਦਾ ਚੰਗਾ ਹੈ ਦਿਲ 'ਚ ਰਹਿਣਾ,
ਕੁੱਲੀ ਦੇ ਦਰ ਤੋਂ ਬਾਹਰ ਸਾਮਾਨ ਰਹਿ ਨਾ ਜਾਏ।

ਪੰਡਤ ਨੇ ਘਰ 'ਚ ਸੱਦ ਕੇ ਮੁੱਲਾ ਨੂੰ ਵੀ ਪਿਆਈ,
ਇਹ ਸੋਚ ਕਿ ਇਸ ਦਾ ਈਮਾਨ ਰਹਿ ਨਾ ਜਾਏ।

ਸਭ ਤਿਣਕੇ ਆਲ੍ਹਣੇ ਦੇ ਲੈ ਜਾ ਹਨੇਰੀਏ ਨੀ!
ਗੁਲਸ਼ਨ 'ਚ ਪਾਂਧੀਆਂ ਦਾ ਸਾਮਾਨ ਰਹਿ ਨਾ ਜਾਏ।

ਪਰਚਾਅ ਲਿਆ ਧਨੀ ਨੇ ਥੈਲੀ ਵਿਖਾ ਕੇ ਉਸ ਨੂੰ,
ਸ਼ੈਤਾਨ ਦੀ ਸੀ ਕੋਸ਼ਿਸ਼, ਭਗਵਾਨ ਰਹਿ ਨਾ ਜਾਏ।

ਗ਼ਰਜ਼ਾਂ ਦੀ ਧੁਖ਼ਦੀ ਅੱਗੇ, ਜੰਗਲ ਦੀ ਲਾਟ ਬਣ ਜਾ,
ਦੁਨੀਆ 'ਚ ਬਚਦਾ-ਖੁਚਦਾ ਅਹਿਸਾਨ ਰਹਿ ਨਾ ਜਾਏ।

ਗੁਰਬਤ ਨੇ ਪਿਆਰ ਕੀਤਾ, ਫਾਕੇ ਨੇ ਖ਼ੂਨ ਪੀਤਾ,
ਐ ਮੌਤ! ਆ ਕਿ ਤੇਰਾ ਇਹਸਾਨ ਰਹਿ ਨਾ ਜਾਏ।

ਜਲਵਾ ਵਿਖਾ ਕੇ ਉਹਨਾਂ 'ਨੂਰੀ' ਤੋਂ ਅੱਖ ਚੁਰਾਈ,
ਆਸ਼ਕ ਦੀ ਜਾਨ ਦੇ ਵਿਚ ਕੁਝ ਜਾਨ ਰਹਿ ਨਾ ਜਾਏ।



## 2

ਇਸ਼ਕ ਦਾ ਮੂੰਹ 'ਤੇ ਨੂਰ ਹੁੰਦਾ ਏ।
ਅੱਖੀਆਂ ਵਿਚ ਸਰੂਰ ਹੁੰਦਾ ਏ।

ਕੋਲ ਰਹਿੰਦੈ, ਨਾ ਦੂਰ ਹੁੰਦਾ ਏ।
ਦਿਲ 'ਚ ਕੋਈ ਜ਼ਰੂਰ ਹੁੰਦਾ ਏ।

ਹੈ ਦਿਲੋਂ ਕਦਰ-ਦਾਨ ਜਦ ਮੇਰਾ,
ਫਿਰ ਉਹ ਕਿਉਂ ਦੂਰ-ਦੂਰ ਹੁੰਦਾ ਏ?

ਆਪ ਜਿਸ ਦਿਲ ਦੇ ਵਿਚ ਸਮਾ ਜਾਓ!
ਰਾਤ ਦਿਨ ਉਸ 'ਚ ਨੂਰ ਹੁੰਦਾ ਏ।

ਇਸ਼ਕ ਕਹਿੰਦਾ ਸੀ ਹੁਸਨ ਦੇ ਤਾਈਂ,
ਤੈਨੂੰ ਕਾਹਤੋਂ ਗ਼ਰੂਰ ਹੁੰਦਾ ਏ!

ਸਿਰ ਦਾ ਸਾਈਂ ਜੇ ਨਾ ਰਹੇ ਸਿਰ 'ਤੇ,
ਮਾਂਗ ਵਿਚ ਕਦ ਸੰਧੂਰ ਹੁੰਦਾ ਏ?

ਭਾਗ ਚੰਗੇ ਨੇ ਓਸ ਬੰਦੇ ਦੇ,
ਜਿਸ ਦਾ ਦਿਲ ਪੁਰ-ਸਰੂਰ ਹੁੰਦਾ ਏ।

ਦੇਵਤੇ ਉਸ ਦੇ ਪੈਰ ਚੁੰਮਦੇ ਨੇ,
ਜੋ ਵੀ ਤੇਰੇ ਹਜ਼ੂਰ ਹੁੰਦਾ ਏ।

ਤੇਰੇ 'ਨੂਰੀ' ਦਾ ਹਾਲ ਕੀ ਕਹੀਏ?
ਤੇਰੀ ਮਸਤੀ 'ਚ ਚੂਰ ਹੁੰਦਾ ਏ।

## ਸ.ਸ. ਮੀਸ਼ਾ

ਉਹ ਕਹਿ ਕੇ ਤੁਰ ਗਏ ਤੂੰ ਜ਼ਬਰ ਦੇਖ ਜ਼ੋਰ ਤਕ।
ਖ਼ਬਰੇ ਕੀ ਸੋਚਦਾ ਰਿਹਾ ਬੈਠਾ ਮੈਂ ਦੇਰ ਤਕ।

ਲਗਦਾ ਏ ਤੇਰਾ ਰਹਿ ਗਿਆ ਕੁਝ ਏਥੇ ਸਹਿ-ਸੁਭਾ,
ਓਸੇ ਤਰ੍ਹਾਂ ਹੀ ਮੇਰੀਆਂ ਅੱਖਾਂ 'ਚ ਫੇਰ ਤਕ।

ਪੁਛਦਾ ਸਵੇਰੇ ਰੋਜ਼ ਹੈ ਚਾਨਣ ਦਿਮਾਗ਼ ਦਾ,
ਕਿੰਨਾ ਕੁ ਸਫ਼ਰ ਹੋਰ ਹੈ ਦਿਲ ਦੇ ਹਨੇਰ ਤਕ।

ਖ਼ਬਰੇ ਕਦੋਂ ਕੁ ਹੋਏਗਾ ਜਗ ਸਾਰਾ ਆਪਣਾ,
ਹਾਲੇ ਤਾਂ ਮਰਕੇ ਸਿਲਸਿਲਾ ਹੈ ਤੇਰ-ਮੇਰ ਤਕ।

ਹਾਂ! ਠੀਕ ਹੈ ਇਹੋ ਹੀ ਬਸ! ਜੀਵਨ ਦਾ ਮੁਅਜਜ਼ਾ,
ਸਾਹਾਂ ਦਾ ਜੋ ਸੰਘਰਸ਼ ਹੈ ਮਿੱਟੀ ਦੇ ਢੇਰ ਤਕ।



### 2

ਜਿਹਨਾਂ ਦੀ ਦੋਸਤੀ ਦੇ ਜਗ ਉਲਾਂਭੜੇ ਰਹੇ।
ਉਹ ਵੀ ਅਸਲ 'ਚ ਅੰਦਰੋਂ ਰੁੱਸੇ ਲੜੇ ਰਹੇ।

ਹੁੰਦਾ ਪਰ੍ਹੇ 'ਚ ਸੀ ਨਿਤਾਰਾ ਝੂਠ-ਸੱਚ ਦਾ,
ਕੁਝ ਲੋਕ ਬੂਹੇ ਭੀੜ ਕੇ ਅੰਦਰ ਵੜੇ ਰਹੇ।

ਕੀਤੀ ਕਦੋਂ ਹੈ ਢਿਲ ਤਸੀਹੇ ਦੇਣ ਵਾਲਿਆਂ,
ਪਰ ਸਿਦਕ ਵਾਲੇ ਆਪਣੀ ਗੱਲ 'ਤੇ ਅੜੇ ਰਹੇ।

ਕੀ ਕਹੀਏ ਕਿੰਜ ਦਰਦ ਸੀ ਦੌਲਤ ਨੂੰ ਸਾਂਭਿਆ,
ਐਵੇਂ ਨਹੀਂ ਇਹ ਚੁੱਪ ਦੇ ਜੰਦਰੇ ਜੜੇ ਰਹੇ।

ਮੈਥੋਂ ਹੀ ਮੁੱਲ ਟੁੱਕ ਨਾ ਹੋਇਆ ਜ਼ਮੀਰ ਦਾ,
ਉਂਜ ਲੋੜਵੰਦ ਗ੍ਰਾਕ ਤਾਂ ਮਿਲਦੇ ਬੜੇ ਰਹੇ।

ਦੱਸਿਆ ਮੁਸਾਫ਼ਰਾਂ ਨੂੰ ਹੈ ਮੰਜ਼ਲ ਦਾ ਫ਼ਾਸਲਾ,
ਮੰਨਿਆਂ ਕਿ ਮੀਲ ਵਾਂਗਰਾਂ ਇਕ ਥਾਂ ਖੜ੍ਹੇ ਰਹੇ।

ਜਿਨਹਾਂ ਉਸਾਰੀਆਂ ਨੇ ਇਹ ਉੱਚੀਆਂ ਇਮਾਰਤਾਂ,
ਮੈਂ ਦੇਖਿਆ ਉਹ ਲੋਕ ਨੇ ਸੌਂਦੇ ਰੜੇ ਰਹੇ।

ਕੁਝ ਵੀ ਕਿਹਾ ਹੈ ਪੰਡਤਾਂ-ਭਾਈਆਂ-ਮੁਲਾਣਿਆਂ,
ਮੈਂ ਜਾਣਿਆਂ ਹੈ ਜੱਗ ਵਿਚ ਦੋ ਹੀ ਧੜੇ ਰਹੇ।

## 3

ਛੱਡੋ ਸੁਫ਼ਨੇ ਦੇ ਵਿਚ ਰਹੀਆਂ ਗੱਲਾਂ ਪਿਛਲੇ ਪਹਿਰ ਦੀਆਂ।
ਸਾਗਰ ਦੇ ਪਿੰਡੇ 'ਤੇ ਰਹੀਆਂ ਪੈੜਾਂ ਕਿਹੜੀ ਲਹਿਰ ਦੀਆਂ।

ਤੈਨੂੰ ਭਾਵੇਂ ਮੇਰਾ ਚਿਹਰਾ ਯਾਦ ਨਹੀਂ ਹੈ, ਹਾਲੇ ਵੀ,
ਮੇਰੇ ਪੈਰ ਪਛਾਣਦੀਆਂ ਨੇ ਸੜਕਾਂ ਤੇਰੇ ਸ਼ਹਿਰ ਦੀਆਂ।

ਭਾਰਾ ਕਰਜ਼ਾ ਹੋਵੇ ਪਰਬਤ ਘੁੰਡ ਮੁੜ ਜਾਵੇ ਤੇਸੇ ਦਾ,
ਪਰ ਫ਼ਰਹਾਦ ਨਹੀਂ ਛੱਡ ਸਕਦਾ ਗੱਲਾਂ ਦੋਧੀ-ਨਹਿਰ ਦੀਆਂ।

ਖੇਤਾਂ ਕੰਢੇ ਬੈਠੇ ਮੰਗੀਏ ਛਹਿਬਰ ਘੋਰ-ਘਟਾਵਾਂ ਦੀ,
ਤੇਜ਼ ਹਵਾਵਾਂ ਲੰਘਣ, ਅੱਖੀਂ ਮੁੱਠਾਂ ਪਾ-ਪਾ ਗਹਿਰ ਦੀਆਂ।

ਆਪਾਂ ਕਾਨੂੰ ਨੀਲ-ਕੰਠ ਦੀ ਕਰੀਏ ਗੱਲ, ਪੁਰਾਣੀ ਹੈ,
ਤੇਰੇ-ਮੇਰੇ ਗਲ਼ ਵਿਚ ਵੀ ਨੇ ਕੁਝ ਬੂੰਦਾਂ ਉਸ ਜ਼ਹਿਰ ਦੀਆਂ।

ਕਿੱਦਾਂ ਭਟਕਦੀਆਂ ਨੇ ਆ ਕੇ, ਅੱਖੀਂ ਇਕ ਦਿਨ ਤੱਕ ਜਾ ਤੂੰ,
ਤੇਰੇ ਮੁਖ ਤੋਂ ਹਟਕੇ ਨਜ਼ਰਾਂ ਹੁਣ ਕਿਧਰੇ ਨਾ ਠਹਿਰਦੀਆਂ!

ਚੰਗਾ-ਭਲਾ ਸੀ ਸ਼ਾਇਰ 'ਮੀਸ਼ਾ', ਇਸ ਦੀ ਹੋਸ਼ ਇਕਾਣੇ ਸੀ,
ਅਹਿ ਕੀ ਗ਼ਜ਼ਲਾਂ ਕਹਿਣ ਲਗ ਪਿਆ ਉਲਟੀ-ਪੁਲਟੀ ਬਹਿਰ ਦੀਆਂ?



## 4

ਝਿਜਕਦਾ ਮੈਂ ਵੀ ਰਿਹਾ ਉਹ ਵੀ ਬਹੁਤ ਸੰਗਦੇ ਰਹੇ।
ਚੁਪ-ਚੁਪੀਤੇ ਇਕ ਦੂਏ ਦੀ ਖ਼ੈਰ-ਸੁਖ ਮੰਗਦੇ ਰਹੇ।

ਉਮਰ ਬਿਰਥਾ ਜਾਣ ਦਾ ਅਹਿਸਾਸ ਮਿਲ ਕੇ ਜਾਗਿਆ,
ਏਨੇ ਦਿਨ ਇਕ ਦੂਸਰੇ ਬਿਨ ਕਿਸ ਤਰ੍ਹਾਂ ਲੰਘਦੇ ਰਹੇ?

ਤੂੰ ਜੋ ਵਿਛੜਨ ਲੱਗਿਆਂ, ਤੋੜੀ ਸੀ ਤਿਹ ਕੱਢਣ ਲਈ,
ਦਿਲ 'ਚ ਅਕਸਰ ਚੁੱਭਦੇ ਟੁਕੜੇ ਤਿਰੀ ਵੰਗ ਦੇ ਰਹੇ।

ਚਾਕ ਜੋਗੀ ਹੋ ਗਿਆ ਤਾਂ ਹੋਈਆਂ ਮੱਝੀਆਂ ਉਦਾਸ,
ਉਂਜ ਸਭ ਓਸੇ ਤਰ੍ਹਾਂ ਹੀ ਰੰਗ-ਢੰਗ ਝੰਗਦੇ ਰਹੇ।

ਮਹਿਕ ਪੈਂਦੇ ਨੇ ਮਿਰੇ ਪੋਟੇ ਜਦੋਂ ਮੈਂ ਸੋਚਦਾਂ,
ਤੇਰੇ ਕੇਸਾਂ ਵਿਚ ਕਦੀ ਇਹ ਫੁੱਲ ਸੀ ਟੰਗਦੇ ਰਹੇ।

ਕਾਲ਼ੀਆਂ ਸੀ ਬਹੁਤ ਰਾਤਾਂ, ਪਰ ਤਿਰੇ ਮੁਖੜੇ ਦੇ ਖ਼ਾਬ,
ਮੇਰੀਆਂ ਨੀਂਦਾਂ ਗੁਲਾਬੀ ਰੰਗ ਵਿਚ ਰੰਗਦੇ ਰਹੇ।

ਤੈਨੂੰ ਭੁੱਲਣ ਵਾਸਤੇ ਮੈਂ ਭਟਕਿਆ ਹਾਂ ਥਾਂ-ਕੁਥਾਂ,
ਥਾਂ-ਕੁਥਾਂ ਪੈਂਦੇ ਭੁਲੇਖੇ ਤੇਰੇ ਅੰਗ-ਅੰਗ ਦੇ ਰਹੇ।

## ਨਾਦਰ ਜਾਜਵੀ

ਪਿਆਰ ਦੇ ਬਾਝੋਂ ਸੱਖਣੇ ਦਿਸਦੇ, ਸਹਿਰਾ, ਰੇਤ, ਗਿਰਾਂ।
ਨਾ ਉਹ ਮੇਰੇ ਹਾਣੀ ਦਿਸਦੇ ਨਾ ਰੁੱਖਾਂ ਦੀ ਛਾਂ।

ਭਰੀ ਕਚਹਿਰੀ ਦੇ ਵਿੱਚ 'ਸੱਚ' ਨੂੰ ਝੂਠ ਖ਼ਰੀਦਣ ਲੱਗਾ,
ਕਿੱਥੇ ਜਾਵੇ ਕੋਠੀ-ਲੱਗੇ ਹੋਏ ਪੁੱਤਰਾਂ ਦੀ ਮਾਂ?

ਝੂਠਿਆਂ ਦੇ ਘਰ ਰਾਤੋ-ਰਾਤੀਂ ਮਾਇਆ ਕਿੱਧਰੋਂ ਆਈ?
ਸਾਡੇ ਕੋਲੋਂ ਇੱਟ ਨਾ ਲੱਗੀ, ਲੋਕਾਂ ਵਲ੍ਹ ਲਏ ਥਾਂ।

ਦੁਖ ਦੇ ਤਪਦੇ ਸੂਰਜ ਸਿਰ 'ਤੇ ਵਿੱਛੜਿਆਂ ਦੇ ਝੋਰੇ,
ਪੈਰਾਂ ਥੱਲੇ ਭਾਂਬੜ ਮਚਦੇ, ਦੋਜ਼ਖ਼ ਲੰਘਦਾ ਜਾਂ।

ਕੱਲ੍ਹ ਦੇ ਡੂੰਘੇ ਕੱਪਰਾਂ ਦੇ ਵਿੱਚ ਵੇਲਾ ਦੇਵੇ ਤੇਲ,
ਤਰਦੀ ਹੋਈ ਕਾਗਤ ਦੀ ਬੇੜੀ, ਕਿੱਥੇ ਡੋਬ ਦਿਆਂ?

ਚੰਗੇ ਪਲ਼ ਲਈ ਸਾਕਾਗੀਰੀ, ਮੰਦੇ ਪਲ ਲਈ ਯਾਰ,
ਨਾ ਉਨ੍ਹਾਂ ਨਾਲ ਰੋਸਾ ਫੱਬੇ, ਨਾ ਇਹ ਕਰਨ ਨਿਆਂ।

ਜੀਆ-ਜੰਤ ਘਨੇੜੇ, ਚੁੱਕ ਕੇ, ਡਿਗ-ਡਿਗ ਟਿੱਬੇ ਲੰਘੇ,
ਸੱਖਣੇ ਬੁੱਕ ਲਫ਼ਜ਼ਾਂ ਦੇ ਰਹਿ ਗਏ, ਅਰਸ਼ੋਂ ਪਾਰ ਗਿਆਂ।

ਰਾਤ ਦੇ ਪਿਛਲੇ-ਪਹਿਰ ਕੀਹਦੀ ਯਾਦ ਦਾ ਚਾਨਣ ਹੋਇਆ?
ਅੱਖ ਦੇ ਤਾਰੇ ਡੁੱਬਦੇ 'ਨਾਦਰ' ਰਲ੍ਹ ਗਏ ਲਹੂ ਝਨਾਂ।



## ਸਿਰੀ ਰਾਮ 'ਅਰਸ਼'

ਜਿਸ ਦੀ ਖ਼ਾਤਰ ਮੇਰੇ ਸਿਰ 'ਤੇ ਝੁਲ ਰਹੇ ਤੂਫ਼ਾਨ ਅੱਜ।
ਕਿਉਂ ਭਲਾ ਕੁਝ ਲੋਕ ਉਸ ਦਾ ਕਰ ਰਹੇ ਸਨਮਾਨ ਅੱਜ।

ਕੁਝ ਕੁ ਰੁਸਵਾਈਆਂ 'ਤੇ ਕੁਝ ਬਦਨਾਮੀਆਂ ਪੱਲੇ 'ਚ ਹਨ,
ਇਸ ਤੋਂ ਵੱਧ ਸੌਗ਼ਾਤ ਦੇ ਸਕਦਾ ਹੈ ਕੀ ਭਗਵਾਨ ਅੱਜ।

ਇਸ ਦੇ ਵਸਨੀਕਾਂ ਨੇ ਡੱਕਿਆ ਹੋਏਗਾ ਸੂਰਜ ਦਾ ਰੱਥ,
ਜਿਸ ਦੇ ਕਾਰਨ ਸ਼ਹਿਰ ਸਾਰਾ ਬਣ ਗਿਆ ਸ਼ਮਸ਼ਾਨ ਅੱਜ।

ਖ਼ੌਫ਼ ਵਿਚ ਜਕੜੇ ਹੋਏ ਨੇ ਅੱਜ ਘਰਾਂ ਅੰਦਰ ਵੀ ਲੋਕ,
ਫਿਰ ਕੋਈ ਜਾਰੀ ਹੋਇਆ ਹੈ ਮੌਤ ਦਾ ਫ਼ਰਮਾਨ ਅੱਜ?

ਯਾਰ! ਤੂੰ ਸੰਕੋਚ ਵਿਚ ਫਸਿਆ ਰਿਹਾ 'ਤੇ ਰਹਿ ਗਿਆ,
ਲੋਕ ਉਸ ਖ਼ਾਲਿਕ ਦੇ ਦਰ ਤੋਂ ਪਾ ਗਏ ਵਰਦਾਨ ਅੱਜ।

ਏਸ ਜੁਗ ਨਿਰਦੋਸ਼ 'ਪੂਰਨ' ਨੂੰ ਨਿਆਂ ਮਿਲਣਾ ਨਹੀਂ,
ਫਿਰ ਪੁਰਾਣਾ ਫ਼ੈਸਲਾ ਦੁਹਰਾਏਗਾ 'ਸਲਵਾਨ' ਅੱਜ।

'ਅਰਸ਼' ਨੇ ਬੀਤੇ ਜਨਮ ਤੇਰੇ ਜੋ ਲੇਖੇ ਲਾਏ ਸਨ,
ਉਹ ਤਦੇ ਤੇਰੀ ਨਜ਼ਰ ਵਿਚ ਚੜ੍ਹ ਗਿਆ ਪਰਵਾਨ ਅੱਜ।

## 2

ਹੁਸਨ ਨੇ ਚੱਲੀ ਹੈ ਫਿਰ ਚਾਲ।
ਇਸ਼ਕ ਤੂੰ ਅਪਣੇ ਹੋਸ਼ ਸੰਭਾਲ਼।

ਦੁਸ਼ਮਣ ਹੀ ਤਾਂ ਮੁਨਸਫ਼ ਹਨ,
ਇਹਨਾਂ ਤੋਂ ਇਨਸਾਫ਼ ਨਾ ਭਾਲ਼।

ਪਰਲੋ ਨੂੰ ਲਲਕਾਰਾਂਗਾ,
ਪਹਿਨ ਕੇ ਤੇਰੇ ਪਿਆਰ ਦੀ ਢਾਲ।

ਏਹੋ ਤੈਨੂੰ ਡੱਸਣਗੇ,
ਬੇ-ਸਮਝੀ ਵਿਚ ਨਾਗ ਨਾ ਪਾਲ਼।

ਮਾਨਵਤਾ ਦੀ ਲੋਥ ਉਪਰ,
ਬੇ-ਗੁਰ-ਪੀਰੇ ਪਾਉਣ ਧਮਾਲ।

ਜਤ-ਸਤ ਵਾਲੀ ਸੀਤਾ ਹੀ,
ਰਾਵਣ ਦਾ ਬਣਦੀ ਹੈ ਕਾਲ।

ਸੱਸੀ ਥਲ ਵਿੱਚ ਭੁੱਜੀ ਜਦ,
ਪੁੰਨੂੰ ਸੀ ਕਦ ਉਸ ਦੇ ਨਾਲ਼?

'ਅਰਸ਼' ਹੈ ਪਿਆਸਾ ਅਜ਼ਲਾਂ ਤੋਂ,
ਵਰਖਾ ਉਸਦੀ ਗੱਲ ਨਾ ਟਾਲ਼।



## 3

ਉਸ ਦੀ ਰਹਿਮਤ ਨਾਲ ਕਾਲ਼ੀ ਰਾਤ ਜੇਕਰ ਕੱਟ ਗਈ।
ਜ਼ਿੰਦਗੀ ਪਣਘਟ 'ਤੇ ਆਉਣੋ ਫੇਰ ਕਿਉਂ ਦੜ ਵੱਟ ਗਈ?

ਆਈ ਸੀ ਮੱਥੇ ਦੇ ਮੇਰੇ ਭਾਗ ਬਦਲਣ ਵਾਸਤੇ,
ਮੈਂ ਅਭਾਗਾ ਹੱਸ ਪਿਆ ਤਕਦੀਰ ਪਿੱਛੇ ਹੱਟ ਗਈ।

ਜਦ ਵੀ ਆਈ ਰੁੱਤ ਬਸੰਤੀ ਧਾੜਵੀ ਆਉਂਦੇ ਰਹੇ,
ਫਿਰ ਨਾ ਆਇਆ ਕੋਈ ਲੋਟੂ ਜਦ ਲੁਕਾਈ ਡੱਟ ਗਈ।

ਵਕਤ ਨੇ ਮੈਨੂੰ ਸਤਾਇਆ, ਰੋਲ਼ਿਆ ਦਰ-ਦਰ ਬਹੁਤ,
ਤੇਰੀਆਂ ਯਾਦਾਂ ਦੀ ਫੁਲਕਾਰੀ ਵੀ ਓੜਕ ਫੱਟ ਗਈ।

ਤਪਦੇ ਥਲ ਵਿੱਚ ਹੁਸਨ ਦਾ ਜਦ ਬਣ ਗਿਆ ਕੋਲ਼ੇ ਬਦਨ,
ਤਦ ਤੁਹਾਡੀ ਮਿਹਰ ਸਦਕਾ ਧੁੱਪ ਛਾਂ ਵਿਚ ਵੱਟ ਗਈ।

ਪਾ ਕੇ ਮੁੰਦਰਾਂ, ਠੀਕ ਹੈ, ਰਾਂਝੇ ਨੇ ਅੱਗਾ ਸੌਰਿਆ,
ਏਸ ਸੌਦੇ ਵਿਚ ਵੀ ਕਹਿੰਦੇ, ਹੀਰ ਬਹੁਤਾ ਖੱਟ ਗਈ।

ਵਿਸ਼ਵ ਦੇ ਸੁੰਦਰ ਪਦਾਰਥ ਜਿਸ ਨੇ ਭੋਗੇ ਉਮਰ ਭਰ,
ਉਹ ਵੀ ਕਰਦਾ ਹੈ ਗਿਲਾ ਇਹ ਉਮਰ ਐਵੇਂ ਕੱਟ ਗਈ।

ਕਿਸ ਭਿਅੰਕਰ ਭੈਅ ਦੇ ਕਾਰਨ ਸਭ ਘਰਾਂ ਵਿਚ ਬੰਦ ਹਨ,
ਕੀ ਹੋਇਆ ਬਾਜ਼ਾਰ 'ਚੋਂ ਕਿਉਂ 'ਅਰਸ਼' ਰੌਣਕ ਘੱਟ ਗਈ?

## 4

ਗਾਹ ਕੇ ਅਸਗਾਹ ਪੈਂਡਿਆਂ ਨੂੰ ਹੋ ਗਈ ਬੇਹਾਲ ਰੂਹ।
ਪਰ ਅਜੇ ਤੀਕਰ ਨਾ ਲੱਗੀ ਪਿਆਰ-ਅੰਮ੍ਰਿਤ-ਕੁੰਡ ਦੀ ਸੂਹ।

ਯਾਦ ਵਿਚ ਤੇਰੀ ਮਗਨ ਸੀ ਕੁਝ ਪਤਾ ਚਲਿਆ ਨਹੀਂ,
ਅਪਣਾ ਕੁਨਬਾ ਲੈ ਕੇ ਜਾ ਬੈਠਾ ਕਦੋਂ ਕਿਸ਼ਤੀ 'ਚ 'ਨੂਹ'।

ਲਾਜਵੰਤੀ ਵਾਂਗ ਕੁਮਲਾ ਜਾਏ ਨਾ ਖ਼ੁਸ਼ਬੂ ਦਾ ਦਿਲ,
ਗਰਮ ਹੱਥਾਂ ਨਾਲ ਟਾਹਣੀ ਨੂੰ ਨਾ ਫੜ, ਪੱਤੀ ਨਾ ਛੂਹ।

ਹੁਣ ਪਰਿੰਦੇ ਕਿੰਜ ਪਰਤਣ ਧਰਤ 'ਤੇ ਚੋਗੇ ਲਈ?
ਸੋਚ ਕੇ ਹੀ ਸਹਿਮ ਜਾਂਦੀ ਹੈ ਹਰ ਇੱਕ ਪੰਛੀ ਦੀ ਰੂਹ।

ਕਿਸ ਤਰ੍ਹਾਂ ਦੀ ਖੇਡ ਵਿਚ ਰੁੱਝੇ ਨੇ ਮਾਲੀ ਬਾਗ਼ ਦੇ?
ਤਿਤਲੀਆਂ 'ਤੇ ਜੁਗਨੂੰਆਂ ਦੀ ਬਾਗ਼ ਵਿਚ ਮਿਲਦੀ ਨਾ ਸੂਹ।

ਇਸ ਦੀਆਂ ਗਲ਼ੀਆਂ 'ਚ ਭਾਵੇਂ ਰੋਜ਼ ਨੱਚਦੀ ਹੈ ਕਜ਼ਾ,
ਕਿੰਜ ਪੁਰਖਾਂ ਦੇ ਨਗਰ ਦੀ ਛੱਡ ਕੇ ਜਾਵਾਂ ਮੈਂ ਜੂਹ?

ਦੇਖਣਾ ਇਕ ਦਿਨ ਉਹ ਸਾਰੇ ਓਸ ਵਿਚ ਡਿੱਗ ਜਾਣਗੇ,
ਮਿਲ ਕੇ ਪੁਟਿਆ ਹੈ ਜਿਨ੍ਹਾਂ ਨੇ 'ਅਰਸ਼' ਦੇ ਰਸਤੇ 'ਚ ਖ਼ੂਹ।



ਥਲਾਂ ਅੰਦਰ ਜਿਵੇਂ ਸੋਮੇਂ ਘਟਾਵਾਂ ਦੇ ਨਹੀਂ ਹੁੰਦੇ।
ਤਿਵੇਂ ਸੁਣਿਆ ਹੈ ਪਰਛਾਵੇਂ ਬਲਾਵਾਂ ਦੇ ਨਹੀਂ ਹੁੰਦੇ।

ਤਿਰੇ ਘਰ ਵਿਚ ਕਦੇ ਇਨਸਾਨ ਦੀ ਪੂਜਾ ਨਹੀਂ ਹੁੰਦੀ,
ਮਿਰੇ ਘਰ ਵਿਚ ਕਦੇ ਅਰਚਣ ਖ਼ੁਦਾਵਾਂ ਦੇ ਨਹੀਂ ਹੁੰਦੇ।

ਸੁਨੇਹੇ ਰੋਜ਼ ਦਿੰਦੇ ਹਨ ਮਗਰ ਆਉਂਦਾ ਨਹੀਂ ਕੋਈ,
ਤੁਸੀਂ ਕਹਿੰਦੇ ਹੋ ਝੂਠੇ ਬੋਲ ਕਾਵਾਂ ਦੇ ਨਹੀਂ ਹੁੰਦੇ।

ਬਹਾਰਾਂ ਨੂੰ ਹੀ ਆਦਤ ਹੈ ਛੁਪਾ ਕੇ ਤਨ ਨੂੰ ਰੱਖਣ ਦੀ,
ਸਤਨ ਪਰਦੇ ਦੇ ਵਿਚ ਕੱਜੇ ਖ਼ਿਜ਼ਾਵਾਂ ਦੇ ਨਹੀਂ ਹੁੰਦੇ।

ਮੁੱਕਦਰ ਜਿਸ ਤਰ੍ਹਾਂ ਦੇ ਦੋਸਤ ਆਪਾਂ ਨੂੰ ਮਿਲ਼ੇ ਏਥੇ,
ਮੁੱਕਦਰ ਪਰ ਅਜਿਹੇ ਤਾਂ ਗੁਦਾਵਾਂ ਦੇ ਨਹੀਂ ਹੁੰਦੇ।

ਕਹੋ ਉਸ ਨੂੰ ਕਿ ਉਹ ਜੰਡਾਂ ਦੀਆਂ ਛਾਵਾਂ ਕਿਤੋਂ ਲੱਭੇ,
ਜਿਝਾ ਕਹਿੰਦਾ ਹੈ ਜ਼ਹਿਰੀ ਡੰਗ ਛਾਵਾਂ ਦੇ ਨਹੀਂ ਹੁੰਦੇ।

ਅਸੀਸਾਂ, ਬਰਕਤਾਂ, ਖ਼ੁਸ਼ੀਆਂ 'ਤੇ ਖ਼ੁਸ਼ਬੂਆਂ ਦੇ ਸੰਗਮ ਹਨ,
ਕਦੇ ਪੱਥਰ ਕਲੇਜੇ 'ਅਰਸ਼' ਮਾਵਾਂ ਦੇ ਨਹੀਂ ਹੁੰਦੇ।

## ਸਵਰਨ ਸਿੰਘ ਪਰਵਾਨਾ

ਆਦਮੀ 'ਚੋਂ ਦੋਸਤੋ! ਗੁੰਮ ਹੋ ਗਿਆ ਹੈ ਆਦਮੀ।
ਕੌਣ ਜਾਣੇ ਕਿਸ ਜਗਾਹ 'ਤੇ ਖੋ ਗਿਆ ਹੈ ਆਦਮੀ?

ਆਉਣ ਵਾਲੀ ਨਸਲ ਦੇ ਪੈਰਾਂ 'ਚ ਕੰਡੇ ਚੁਭਣਗੇ,
ਕਿਸ ਤਰ੍ਹਾਂ ਦੇ ਬੀਜ ਵੇਖੋ! ਬੋ ਗਿਆ ਹੈ ਆਦਮੀ?

ਆਦਮੀ ਨੂੰ ਖਾ ਲਿਆ ਹੈ ਸ਼ੁਹਰਤਾਂ ਦੀ ਭੁੱਖ ਨੇ,
ਸ਼ੁਹਰਤਾਂ ਦੀ ਭੀੜ ਅੰਦਰ ਖੋ ਗਿਆ ਹੈ ਆਦਮੀ।

ਜ਼ਿੰਦਗੀ ਦੇ ਮੌਤ ਨੇੜੇ ਹੈ ਲਿਆਈ ਜਾ ਰਿਹਾ,
ਦੇਖ! ਕਿੰਨਾ ਅਕਲ ਵਾਲਾ ਹੋ ਗਿਆ ਹੈ ਆਦਮੀ।

ਅੱਜ ਇਸ ਨੂੰ ਦੋਸਤਾਂ 'ਤੇ ਦੁਸ਼ਮਣਾ ਦੀ ਨਹੀਂ ਪਛਾਣ,
ਬੰਦ ਕਰਕੇ ਅੱਖੀਆਂ ਨੂੰ ਸੋ ਗਿਆ ਹੈ ਆਦਮੀ।

'ਵਾਜ ਦੇ ਪਰਵਾਨਿਆਂ ਕੀਕੂੰ ਇਹਨੂੰ ਸਮਝਾਏਂਗਾ?
ਅਕਲ ਦੇ ਸਾਰੇ ਹੀ ਬੂਹੇ ਢੋ ਗਿਆ ਹੈ ਆਦਮੀ।



## ਡਾ. ਜਗਤਾਰ

ਘਰ 'ਚ ਕੁਝ ਬਚਿਆ ਨਹੀਂ ਪਰ ਹੌਸਲਾ ਮਹਿਫ਼ੂਜ਼ ਹੈ।
ਤੇਰੀ ਖ਼ਾਤਰ ਜਾਂ ਬਚਾ ਰੱਖੀ ਦੁਆ ਮਹਿਫ਼ੂਜ਼ ਹੈ।

ਨਾ ਕਿਸੇ ਮੌਸਮ ਦੇ ਅੰਦਰ ਨਕਸ਼ ਰੰਗਾਂ ਦੇ ਬਚੇ,
ਨਾ ਕਿਸੇ ਵੀ ਫੁੱਲ ਦੀ ਰਗ ਵਿਚ ਅਦਾ ਮਹਿਫ਼ੂਜ਼ ਹੈ।

ਰੰਗ, ਜੁਗਨੂੰ, ਰੌਸ਼ਨੀ 'ਤੇ ਖ਼ਾਬ, ਖ਼ੁਸ਼ਬੂ, ਤਿਤਲੀਆਂ,
ਮਰ ਨਹੀਂ ਸਕਦੇ ਕਦੀ ਜਦ ਤਕ ਹਵਾ ਮਹਿਫ਼ੂਜ਼ ਹੈ।

ਆਜ਼ਮਾਇਸ਼ ਕਰਨ ਆਈ ਮੌਤ ਦੀ ਸੂਰਤ 'ਚ ਪਿਆਸ,
ਵੇਖਣਾ ਕਰਬਲ 'ਚ ਕਿਸਦਾ ਹੌਸਲਾ ਮਹਿਫ਼ੂਜ਼ ਹੈ?

ਜ਼ਿਹਨ ਵਿਚ ਮਹਿਫ਼ੂਜ਼ ਹੈ ਨਾ ਯਾਦ ਨਾ ਚਿਹਰਾ ਕੋਈ,
ਐਸੀ ਹਾਲਤ ਵਿਚ ਵੀ ਪਰ ਤੇਰਾ ਪਤਾ ਮਹਿਫ਼ੂਜ਼ ਹੈ।

## 2

ਤੂੰ ਏਨਾਂ ਵੀ ਨਹੀਂ ਤੜਪੀ ਜੁਦਾ ਹੋਕੇ ਜੁਦਾ ਕਰ ਕੇ।
ਕਿ ਜਿੰਨੀ ਤੜਪਦੀ ਹੈ ਛਾਂ ਮੁਸਾਫ਼ਿਰ ਨੂੰ ਵਿਦਾ ਕਰਕੇ।

ਘਟਾ ਬਣ ਕੇ ਮਿਲੀ ਸਾਂ ਜਿਸਨੂੰ ਮੈਂ ਸੜ੍ਹਦੇ ਥਲਾਂ ਅੰਦਰ,
ਉਹ ਮੈਨੂੰ ਥਲ ਬਣਾ ਕੇ ਛਡ ਗਿਐ ਬੇ-ਆਸਰਾ ਕਰਕੇ।

ਇਹ 'ਦਰਿਆ ਦਿਲ' ਸਹੀ ਦਰਿਆ, ਕਰੂ ਪਰ ਸਬਰ ਕਿੰਨਾ ਚਿਰ?
ਨਹਾਇਆ ਕਰ ਨਾ ਨੰਗੀ ਤੂੰ ਨਹਾ ਕੁਝ ਅੜਤਲਾ ਕਰਕੇ।

ਬੜਾ ਟੁੱਟੇ, ਜਲ਼ੇ, ਤੜਪੇ, ਸਿਤਾਰੇ ਮੈਂ ਅਤੇ ਦੀਵੇ,
ਨਾ ਜਾਣੇ ਕਿਉਂ ਨਹੀਂ ਆਇਆ, ਉਹ ਮੇਰੀ ਕਿਸ ਖ਼ਤਾ ਕਰਕੇ?

ਹਵਾ ਦੀ ਚੁੱਕ ਵਿਚ ਪੱਤੀ ਉਡੀ ਸੂਲ਼ਾਂ 'ਚ ਫਿਰ ਡਿੱਗੀ,
ਝਰੀਟੀ ਜਾਏਗੀ ਸੂਲ਼ਾਂ 'ਚ ਹੁਣ ਓਸੇ ਹਵਾ ਕਰਕੇ।

ਦੁਆ ਕੀਤੇ ਬਿਨਾਂ ਹੀ ਪਰਤ ਆਇਆ ਖ਼ਾਨਗਾਹ 'ਚੋਂ ਮੈਂ,
ਜਾਂ ਵੇਖੀ ਜ਼ਿੰਦਗੀ ਵਰਗੀ ਕੁੜੀ ਮੁੜਦੀ ਦੁਆ ਕਰਕੇ।



## 3

ਉਡਣ ਦੇ ਵਕਤ ਰੱਖੋ ਆਲ੍ਹਣੇ ਵੀ ਹੁਣ ਪਰਾਂ ਉੱਤੇ।
ਕਿ ਅਜਕਲ ਡਿਗਦੀਆਂ ਨੇ ਬਿਜਲੀਆਂ ਯਾਰੋ! ਘਰਾਂ ਉਤੇ।

ਕਤੇਬਾਂ ਨੂੰ ਪਰਾਂਹ ਸੁੱਟੋ ਭਗੌਤੀ ਦਾ ਕਰੋ ਸਿਮਰਨ,
ਕਦੇ ਲਸ਼ਕਰ ਨਹੀਂ ਮੁੜਦੇ ਜੇ ਆ ਪਹੁੰਚਣ ਦਰਾਂ ਉਤੇ।

ਕੋਈ ਵੀ ਮੁਅਜਜ਼ਾ ਸੰਗਰਾਮ ਜੇ ਕਰੀਏ ਤਾਂ ਹੋ ਸਕਦੈ,
ਕਿ ਇੰਜ ਸ਼ਬਨਮ ਵੀ ਹੋ ਸਕਦੀ ਹੈ ਹਾਵੀ ਸਾਗਰਾਂ ਉੱਤੇ।

ਜਦੋਂ ਉਹ ਗੁਫ਼ਤਗੂ ਕਰਦੈ, ਹਿਯਾਤੀ ਗੁਟਕਦੀ ਜਾਪੇ,
ਤੁਰੇ ਤਾਂ ਪੈੜ ਪੈ ਜਾਂਦੀ ਹੈ ਖਰ੍ਹਵੇਂ ਪੱਥਰਾਂ ਉੱਤੇ।

ਦੁਕਾਨਾਂ ਤੋਂ ਨੇ ਮਿਲਦੇ ਸਿਰਫ਼ ਹੁਣ ਸ਼ੀਸ਼ੇ-ਮੁਨਾਖੇ ਹੀ,
ਨਹੀਂ ਵਿਸ਼ਵਾਸ ਲੋਕਾਂ ਨੂੰ ਰਿਹਾ ਸ਼ੀਸ਼ਾਗਰਾਂ ਉੱਤੇ।

ਜੇ ਮਿਲਣਾ ਹੀ ਪਵੇ ਉਸਨੂੰ ਚੁਕੰਨੇ ਹੋ ਕੇ ਹੀ ਮਿਲਿਓ!
ਚੜ੍ਹਾ ਰੱਖੇ ਨੇ ਉਸਨੇ ਸੋਨ-ਪੱਤਰ ਨੌਂਹਦਰਾਂ ਉੱਤੇ।

## 4

ਪਲ 'ਚ ਦੂਰੀ ਪਲ 'ਚ ਏਨਾ ਨੇੜ ਦਿਖਲਾਇਆ ਨਾ ਕਰ।
'ਨ੍ਹੇਰ 'ਤੇ ਚਾਨਣ ਦੀਆਂ ਲੀਕਾਂ ਨੂੰ ਉਲਝਾਇਆ ਨਾ ਕਰ।

ਨੰਗੀਆਂ ਟਾਣ੍ਹਾਂ ਦੇ ਅੰਦਰ ਤੂੰ ਨਜ਼ਰ ਆਇਆ ਨਾ ਕਰ।
ਇਸ ਤਰ੍ਹਾਂ ਸ਼ਕਲਾਂ ਬਦਲ ਕੇ ਸਬਰ ਅਜ਼ਮਾਇਆ ਨਾ ਕਰ।

ਤੂੰ ਕਿਸੇ ਦਿਨ ਕੋਸ਼ ਵਿੱਚੋਂ ਸਮਝ ਮਜਬੂਰੀ ਦਾ ਅਰਥ,
ਨਿੱਕੀਆਂ-ਨਿੱਕੀਆਂ ਗ਼ਲਤੀਆਂ ਤੋਂ ਦੂਰੀਆਂ ਪਾਇਆ ਨਾ ਕਰ।

ਮੁੱਦਤਾਂ ਤੋਂ ਘਰ 'ਚ ਪਹਿਲਾਂ ਹੀ ਖ਼ਿਜ਼ਾ ਹੈ ਹਰ ਤਰਫ਼,
ਤੂੰ ਖ਼ੁਦਾਰਾ! ਰੰਗ ਪੀਲ਼ਾ ਪਹਿਨ ਕੇ ਆਇਆ ਨਾ ਕਰ।

ਭੁੱਲ ਨਾ ਜਾਵਾਂ ਖ਼ੁਸ਼ੀ ਵਿਚ ਨਾਮ-ਧਾਮ ਅਪਣਾ ਪਤਾ,
ਯਾਦ ਆਇਆ ਕਰ ਮਗਰ ਏਨਾ ਵੀ ਯਾਦ ਆਇਆ ਨਾ ਕਰ।

ਮਾਂਗਵੀ ਕੋਈ ਵੀ ਸ਼ੈਅ, ਮੈਨੂੰ ਨਹੀਂ ਬਿਲਕੁਲ ਕਬੂਲ,
ਮੇਰੇ ਸਿਰ 'ਤੇ ਤੇਜ਼ ਸੂਰਜ ਰਹਿਣ ਦੇ ਸਾਇਆ ਨਾ ਕਰ।

ਦਰਦ ਦੇ ਪਹਿਲੂ 'ਚ ਦਿਲ ਹੈ ਦਿਲ ਦੇ ਪਹਿਲੂ ਵਿਚ ਤੜਪ,
ਰਹਿਣ ਦੇ ਪਰਚਾ ਕੇ ਐਵੇਂ ਹੋਰ ਭੜਕਾਇਆ ਨਾ ਕਰ।



## 5

ਉਹ ਜਦ ਆਉਂਦਾ ਹੈ ਟੁਕੜਾ ਧੁੱਪ ਦਾ ਹੀ ਲੈ ਕੇ ਆਉਂਦਾ ਹੈ।
'ਤੇ ਉਸਦੇ ਨਾਲ ਘਰ ਦੇ ਬੁਝ ਗਏ ਦੀਵੇ ਜਗਾਉਂਦਾ ਹੈ।

ਤਿਰਾ ਨੰਗਾ ਬਦਨ ਬਿਜਲੀ ਗਿਰਾਉਂਦਾ ਹੈ ਸਮੁੰਦਰ 'ਤੇ,
ਤਿਰਾ ਭਿੱਜਾ ਬਦਨ ਬਰਸਾਤ ਨੂੰ ਸ਼ੀਸ਼ਾ ਵਖਾਉਂਦਾ ਹੈ।

ਬਣੇ ਹਾਂ ਕਿਉਂ ਅਸੀਂ ਕਠਪੁਤਲੀਆਂ ਲੋਹੇ ਦੇ ਹੱਥਾਂ ਵਿਚ,
ਇਹ ਕਿਹੜੇ ਦੇਸ਼ ਦਾ ਤਾਜਰ ਹੈ ਜੋ ਸਾਨੂੰ ਨਚਾਉਂਦਾ ਹੈ?

ਥਲਾਂ ਵਿਚ ਰੇਤ ਉਡਦੀ ਹੈ ਘਰਾਂ ਅੰਦਰ ਉਡੇ ਧੂੰਆਂ,
ਵਣਾਂ ਵਿਚ ਆਪਣੀ ਪੈੜ ਦਾ ਡਰ ਪਲ-ਪਲ ਡਰਾਉਂਦਾ ਹੈ।

ਮਿਰੇ ਖੰਡਰ ਬਣੇ ਘਰ ਵਿਚ ਇਕ ਐਸਾ ਸ਼ਖ਼ਸ ਹੈ ਆਉਂਦਾ,
ਬੜਾ ਰੋਂਦਾ ਹੈ, ਦੀਵਾਲੀ ਨੂੰ ਦੀਵੇ ਵੀ ਜਗਾਉਂਦਾ ਹੈ।

## ਅਮਰ ਮਸੀਤਪਲ ਕੋਟੀ

ਨਜ਼ਰਾਂ ਤੋਂ ਦੂਰ ਜਦ ਦਾ ਦਿਲਦਾਰ ਹੋ ਗਿਆ ਏ।
ਸਾਡੇ ਲਈ ਹਨੇਰਾ ਸੰਸਾਰ ਹੋ ਗਿਆ ਏ।

ਤੱਕਿਆ ਉਨ੍ਹਾਂ ਨੇ ਸਾਨੂੰ ਅੱਜ ਫੇਰ ਮੁਸਕੁਰਾ ਕੇ,
ਸੁਪਨਾ ਮੁਹੱਬਤਾਂ ਦਾ ਸਾਕਾਰ ਹੋ ਗਿਆ ਏ।

ਕਿਸ ਡਾਲ਼ 'ਤੇ ਪਵੇਗੀ ਨੈਣਾ ਦੀ ਸ਼ੋਖ਼ ਬਿਜਲੀ?
ਕਿਸ ਖ਼ੁਸ਼ਨਸੀਬ ਖ਼ਾਤਰ ਸ਼ਿੰਗਾਰ ਹੋ ਗਿਆ ਏ?

ਬਰਸੇ ਬਿਨਾਂ ਹੀ ਟੁਰ ਗਏ ਕਿਉਂ ਰਹਿਮਤਾਂ ਦੇ ਬੱਦਲ਼?
ਸਾਥੋਂ ਕਸੂਰ ਕਿਹੜਾ ਸਰਕਾਰ ਹੋ ਗਿਆ ਏ?

ਪੂਜਣ ਦੇ ਯੋਗ ਹੈ ਉਹ ਜਿਸ ਨੇ ਅਦਬ ਸਿਖਾਇਆ,
'ਹਮਦਰਦ' ਦਾ 'ਅਮਰ' ਸਿਰ ਉਪਕਾਰ ਹੋ ਗਿਆ ਏ।



## ਸੁਰਿੰਦਰ ਦੀਪ

ਸੁਪਨਿਆਂ ਦੀ ਸੇਜ 'ਤੇ ਆ ਮੁਸਕਰਾਈ ਚਾਨਣੀ।
ਮੁੜ ਨਾ ਜਾਏ ਮੇਰੇ ਦਰ ਤੋਂ ਅਣ-ਹੰਢਾਈ ਚਾਨਣੀ।

ਸੁਰਮਈ ਪਲਕਾਂ ਤੋਂ ਝੱਲਿਆਂ ਵਾਂਗਰਾਂ ਪੁੱਛਦੀ ਫਿਰੇ,
ਤੁਸਾਂ ਨਹੀਂ ਤਾਂ ਹੋਰ ਫਿਰ ਕਿਸ ਨੇ ਬੁਲਾਈ ਚਾਨਣੀ?

ਬੀਤੇ ਯੁੱਗ 'ਤੇ ਧੁੰਦਲੇ ਜਿਹੇ ਪੰਨਿਆਂ 'ਤੇ ਧੂੜ ਹੈ,
ਹਾਂ, ਭਵਿੱਖ ਦੇ ਵਰਕਿਆਂ ਅੰਦਰ ਸਮਾਈ ਚਾਨਣੀ।

ਡੀਕ ਲਾ ਕੇ ਨੈਣ ਵੀ ਪੀਂਦੇ ਰਹੇ ਨੇ ਏਸ ਨੂੰ,
ਚੁੰਮਣਾ ਦੇ ਨਾਲ ਵੀ ਜਾਂਦੀ ਹੰਢਾਈ ਚਾਨਣੀ।

ਸ਼ੋਖ਼ ਮੁਖੜੇ ਤੋਂ ਕਿਸੇ ਨੇ ਪਲਟ ਕੇ ਜ਼ੁਲਫਾਂ ਕਿਹਾ;
ਪਰਦਿਆਂ ਦੇ ਵਿਚ ਨਾ ਜਾਂਦੀ ਲੁਕਾਈ ਚਾਨਣੀ।

ਕੌਣ ਅੱਥਰੇ ਅਣ-ਹੰਢਾਏ ਰੂਪ ਦੀ ਛੋਹ ਦੇ ਗਿਆ,
ਨੀਲ-ਰੰਗੇ ਪਾਣੀਆਂ 'ਤੇ ਥਰਥਰਾਈ ਚਾਨਣੀ।

ਦਿਸ-ਹੱਦਾਂ ਤੱਕ ਜਿਨ੍ਹਾਂ ਨੂੰ ਅਪਣੀ ਨਿਗਾਹ 'ਤੇ ਮਾਣ ਹੈ,
ਉਨ੍ਹਾਂ ਦੇ ਦਰ ਆਪ ਸਿਜਦਾ ਕਰਨ ਆਈ ਚਾਨਣੀ।

## 2.

ਪੱਥਰਾਂ ਦੀ ਚੋਟ ਖਾ ਕੇ ਇਹ ਸ਼ਕਲ ਬਣੀ ਹੈ।
ਸ਼ੀਸ਼ੇ ਦਾ ਬਦਨ ਕੱਟਦੀ ਹੀਰੇ ਦੀ ਕਣੀ ਹੈ।

ਪੈਰਾਂ ਦੇ ਹੇਠ ਗ਼ਮ ਦੀ ਦਲਦਲ ਵੀ ਵਿਛੇਗੀ,
ਸਿਰ 'ਤੇ ਕਹਿਰ ਦੀ ਕਾਲ਼ੀ ਬਦਲ਼ੀ ਜੇ ਤਣੀ ਹੈ।

ਦੱਬੇ ਹੋਏ ਹਾਂ ਭਾਵੇਂ ਇਕ ਦਿਨ ਅਸੀਂ ਉਭਰਾਂਗੇ,
ਚਿੰਗਾਰੀ ਵੀ ਭੜਕੇਗੀ ਜੋ ਅੱਗ ਦੀ ਜਣੀ ਹੈ।

ਇਹ ਵੀ ਤਾਂ ਸੁਨੇਹਾ ਹੈ ਕਿਸੇ ਸੁਰਖ਼ ਸਵੇਰੇ ਦਾ,
ਇਕ ਨੂਰ ਦੀ ਕਾਤਰ ਜੋ ਬੱਦਲ਼ਾਂ 'ਚੋਂ ਛਣੀ ਹੈ।

ਸ਼ਾਇਰ ਤਾਂ ਬਥੇਰੇ ਨੇ ਸ਼ਾਇਰੀ ਹੀ ਮਿਲੇ ਵਿਰਲੀ,
ਹਰ ਨਾਗ ਦੇ ਸਿਰ 'ਤੇ ਸਜੀ ਨਾ ਨਾਗਮਣੀ ਹੈ।



# ਦੇਵਿੰਦਰ 'ਜੋਸ਼'

ਹੁਣ ਨਹੀਂ ਚੁੱਕਣਾ ਕੋਈ ਵੀ ਜਾਮ ਤੇਰੇ ਨਾਮ ਦਾ।
ਬਣ ਗਿਆ ਹਾਂ ਮੈਂ ਵੀ ਹਿੱਸਾ, ਇਕ ਉਦਾਸੀ ਸ਼ਾਮ ਦਾ।

ਜ਼ਿੰਦਗੀ ਭਰ ਜੂਝਿਆ ਹਾਂ, ਜਾਪਦੈ ਹੁਣ ਥਕ ਗਿਆਂ,
ਅਲਵਿਦਾ! ਐ ਦੋਸਤੋ! ਹੁਣ ਵਕਤ ਹੈ ਆਰਾਮ ਦਾ।

ਖ਼ੂਬਸੂਰਤ ਵਾਦੀਆਂ ਵਿਚ ਭਟਕਿਆ ਹਾਂ ਇਸ ਕਦਰ,
ਹੁਣ ਨਹੀਂ ਚੇਤਾ ਕਿਸੇ ਵੀ ਖ਼ੂਬਸੂਰਤ ਨਾਮ ਦਾ।

ਮਨ ਦਾ ਦਰਯੋਧਨ 'ਤੇ ਰਾਵਣ ਅਪਣੇ ਕਾਬੂ ਨਾ ਰਿਹਾ,
ਰੋਜ਼ ਜਪਿਐ ਨਾਮ ਆਪਾਂ ਕ੍ਰਿਸ਼ਨ ਦਾ 'ਤੇ ਰਾਮ ਦਾ।

ਕੁਝ ਨਿਪੁੰਸਿਕ ਸ਼ਾਇਰੀ, ਸਿੱਖਿਆ 'ਤੇ ਸਿਹਰੇ ਆਖਕੇ,
ਪਿਟ ਰਹੇ ਨੇ ਉਹ ਢੰਡੋਰਾ ਆਪ ਅਪਣੇ ਨਾਮ ਦਾ।

ਹੋਰ ਕਿੰਨੀ ਦੇਰ ਤਕ ਉਸਨੂੰ ਉਡੀਕੋਗੇ ਤੁਸੀਂ?
ਨਾ ਭਰੋਸਾ ਯਾਰ ਦਾ ਹੈ, ਨਾ ਪਿਆਜ਼ੀ ਸ਼ਾਮ ਦਾ।

## 2

ਹਰ ਵੇਲੇ ਮਨ ਸੋਚਾਂ ਸੋਚੇ ਖ਼ੂਬ ਹੰਢਾਈਏ ਖ਼ੁਸ਼ੀਆਂ।
ਤਿੜਕੇ ਸੁਪਨੇ ਜੋੜ ਵਿਖਾਈਏ ਮੋੜ ਲਿਆਈਏ ਖ਼ੁਸ਼ੀਆਂ।

ਪੌਣ ਵੀ ਏਥੇ ਡਰ ਕੇ ਚਲਦੀ, ਫੁੱਲ ਵੀ ਖਿੜ੍ਹਦੇ ਡਰ ਕੇ,
ਏਸ ਕੁਲਹਿਣੀ ਰੁੱਤੇ ਆਪਾਂ ਕਿਵੇਂ ਬੁਲਾਈਏ ਖ਼ੁਸ਼ੀਆਂ?

ਅੱਖਾਂ ਦੇ ਵਿਚ ਹੰਝੂ ਤੈਰਨ, ਬੁੱਲ੍ਹਾਂ ਉੱਤੇ ਹਉਕੇ,
ਐਪਰ ਮਨ ਇਹ ਸੋਚਾਂ ਸੋਚੇ ਕੋਲ਼ ਬੁਲਾਈਏ ਖ਼ੁਸ਼ੀਆਂ।

ਪਾਕ ਪਵਿੱਤਰ ਕਵਿਤਾ ਵਰਗੀ ਹੁਣ ਪਰਭਾਤ ਹੈ ਕਿੱਥੇ?
ਗ਼ਜ਼ਲਾਂ ਵਰਗੀਆਂ ਸ਼ਾਮਾਂ ਬਾਝੋਂ ਕਿਵੇਂ ਮਨਾਈਏ ਖ਼ੁਸ਼ੀਆਂ?

ਜਿਸਨੇ ਸਾਡੇ ਸੁਪਨੇ ਲੁੱਟੇ 'ਤੇ ਖੋਹੀਆਂ ਮੁਸਕਾਨਾਂ,
ਉਸਦੇ ਮੁਖ ਤੋਂ ਪਰਦਾ ਲਾਹ ਕੇ 'ਜੋਸ਼' ਕਮਾਈਏ ਖ਼ੁਸ਼ੀਆਂ।



## 3

ਮਨ ਚਾਹੇ ਸੁਪਨੇ ਨਾ ਸਾਂਭਾਂ 'ਤੇ ਭੁਲ ਜਾਵਾਂ ਉਸਨੂੰ।
ਉਹ ਅਪਣੇ ਘਰ ਖ਼ੁਸ਼ੀਆਂ ਮਾਣੇ ਯਾਦ ਨਾ ਆਵਾਂ ਉਸਨੂੰ।

ਉਡਦੇ ਪੰਛੀ ਦਾ ਪਰਛਾਵਾਂ ਕਦ ਫੜਿਆ ਜਾਂਦਾ ਹੈ?
ਦਰਵੇਸ਼ਾਂ ਸੰਗ ਕਾਹਦੀ ਯਾਰੀ? ਕਿੰਝ ਸਮਝਾਵਾਂ ਉਸਨੂੰ?

ਖ਼ੁਸ਼ਬੂ ਨਾਲੋਂ ਪਿਆਰੀ ਲੜਕੀ ਪੱਥਰ ਵਾਂਗੂ ਹੋਈ,
ਕਦਮ-ਕਦਮ 'ਤੇ ਠੋਕਰ ਮਾਰੀ ਜਦ ਘਟਨਾਵਾਂ ਉਸਨੂੰ।

ਨਾ ਉਹ ਪਤਨੀ, ਨਾ ਮਹਿਬੂਬਾ, ਫਿਰ ਵੀ ਕੁਝ ਰਿਸ਼ਤਾ ਹੈ,
ਹਾਲੇ ਤੀਕਰ ਸੋਚ ਰਿਹਾ ਹਾਂ ਕਿਵੇਂ ਬੁਲਾਵਾਂ ਉਸਨੂੰ?

ਦਰਵੇਸ਼ਾਂ ਨੇ ਅਲਖ ਜਗਾਈ, ਉਸਨੇ ਕਾਸਾ ਭੰਨਿਆ,
ਦਰਵੇਸ਼ਾਂ ਦਾ ਜੇਰਾ ਦੇਖੋ! ਦਵੇ ਦੁਆਵਾਂ ਉਸਨੂੰ।

ਮੈਖ਼ਾਨੇ ਵਿਚ ਬੈਠਾ ਸ਼ਾਇਰ ਤਿੜਕੇ ਸੁਪਨੇ ਜੋੜੇ,
'ਜੋਸ਼' ਨਾ ਟੁੱਟੇ ਸੁਪਨੇ ਜੁੜਦੇ, ਕਿੰਝ ਸਮਝਾਵਾਂ ਉਸਨੂੰ।

## 4

ਨਾ ਸਾਹਿਤ ਦਾ ਚਰਚਾ ਏਥੇ, ਨਾ ਹੀ ਸਾਹਿਤਕਾਰਾਂ ਦਾ।
ਲੋਕੀਂ ਏਥੇ ਚਰਚਾ ਕਰਦੇ ਖ਼ਬਰਾਂ ਦਾ, ਅਖ਼ਬਾਰਾਂ ਦਾ।

ਪਹਿਲਾ ਸ਼ਬਦ 'ਮੁਹੱਬਤ' ਲਿਖਿਆ ਜਦ ਮੈਂ ਪਹਿਲੀ ਨਜ਼ਮ ਕਹੀ,
ਸਾਡੇ ਕੋਲੋਂ ਪੁੱਛ ਕੇ ਵੇਖੋ ਕੀ ਰੁਤਬਾ ਹੈ ਯਾਰਾਂ ਦਾ?

ਪਿਆਰ, ਮੁਹੱਬਤ, ਸ਼ੁਹਰਤ, ਦੌਲਤ, ਸਭ ਕੁਝ ਉਸਦੇ ਪੱਲੇ ਹੈ,
ਫਿਰ ਵੀ ਉਸਦੀ ਆਦਤ ਹੈ ਕਿ ਦਰਦ ਵੰਡਾਉਂਦੈ ਯਾਰਾਂ ਦਾ।

ਭਾਵੇਂ ਤੇਰਾ-ਮੇਰਾ ਰਿਸ਼ਤਾ ਪਾਣੀ ਉੱਤੇ ਲੀਕ ਜਿਹਾ,
ਐਪਰ ਕੁਝ ਤਾਂ ਰਿਸ਼ਤਾ ਹੁੰਦੈ ਫੁੱਲਾਂ ਦਾ 'ਤੇ ਖ਼ਾਰਾਂ ਦਾ।

ਕਵਿਤਾਵਾਂ ਵਿਚ ਸੁਪਨੇ ਜੜ ਕੇ ਕਿਸਨੂੰ ਲਿਖਦਾ ਰਹਿੰਦਾ ਤੂੰ,
ਇਸ ਨਗਰੀ ਵਿਚ ਕੌਡੀ ਵੀ ਮੁੱਲ ਪੈਂਦਾ ਨਾ ਫ਼ਨਕਾਰਾਂ ਦਾ।

ਪਿਆਰ, ਮੁਹੱਬਤ, ਰਿਸ਼ਤੇ-ਨਾਤੇ ਸਭ ਲੋੜਾਂ ਦੀਆਂ ਗੱਲਾਂ ਨੇ,
ਪਰ ਨਾ 'ਜੋਸ਼' ਸਿਆਣਾ ਬਣਿਆ ਬੀਤ ਗਿਆ ਯੁਗ ਪਿਆਰਾਂ ਦਾ।



## 5

ਮਹਿਕੀ ਪੌਣ 'ਤੇ ਟਹਿਕੇ ਗੁਲਾਬ ਕਿੱਥੇ?
ਕਿੱਥੋਂ ਪਹੁੰਚਿਆ ਮੇਰਾ ਪੰਜਾਬ ਕਿੱਥੇ?

ਜਿੱਥੇ ਧਰਮ ਦੇ ਨਾਂ 'ਤੇ ਕਤਲ ਹੋਵਣ,
ਉੱਥੇ ਆਏਗਾ ਇਨਕਲਾਬ ਕਿੱਥੇ?

ਨਿੱਕੇ ਜਹੇ ਪੰਜਾਬ ਦੀ ਧਰਤ ਪੁੱਛੇ,
ਮੇਰੇ ਬੀਤਿਆਂ ਵਕਤਾਂ ਦੀ ਆਬ ਕਿੱਥੇ?

ਸਾਰਾ ਸਾਲ ਹੀ ਮੌਸਮ ਉਦਾਸ ਰਹਿੰਦੈ,
ਏਥੇ ਖਿੜਨਗੇ ਸੂਹੇ ਗੁਲਾਬ ਕਿੱਥੇ?

ਵੀਰ-ਵੀਰ ਅੰਦਰ ਜੋ ਦੁਫ਼ਾਟ ਪਾਵੇ,
ਐਸੀ ਸੋਚ ਹੋਣੀ ਕਾਮਯਾਬ ਕਿੱਥੇ?

ਸਤਲੁਜ ਕੋਲੋਂ ਬਿਆਸ ਇਹ ਪੁੱਛਦਾ ਹੈ,
ਰਾਵੀ, ਜਿਹਲਮ 'ਤੇ ਨਾਲ਼ੇ ਚਨਾਬ ਕਿੱਥੇ?

ਮੇਰੇ ਇਸ਼ਕ ਅੰਦਰ ਜੇ ਹੈ ਖੋਟ ਸ਼ਾਮਿਲ,
ਤੇਰਾ ਜਿਸਮ ਵੀ ਪਾਕ ਕਿਤਾਬ ਕਿੱਥੇ?

ਗੁਰੂ ਨਾਨਕ ਦੀ ਬਾਣੀ ਤਾਂ 'ਜੋਸ਼' ਏਧਰ,
ਉਸਦੇ ਨਾਲ ਦੀ ਗਈ ਰਬਾਬ ਕਿੱਥੇ?

## ਬਿਸ਼ਨ ਸਿੰਘ ਮਤਵਾਲਾ

ਵਿਸ਼ ਦਾ ਭਰ ਕੇ ਕਾਤਿਲ ਪਿਆਲਾ, ਜਦ ਬੁੱਲ੍ਹਾਂ ਨੂੰ ਲਾਇਆ ਆਪਾਂ।
ਤੂੰ ਕੀ ਜਾਣੇਂ ਭਲੀਏ ਜਿੰਦੇ, ਜੀਅ ਨੂੰ ਕਿਵੇਂ ਮਨਾਇਆ ਆਪਾਂ ?

ਡਿੱਠੀ ਚਾਟ ਅਵੱਲੀ ਜੱਗ ਦੀ, ਨੀਤਾਂ ਨੂੰ ਭਟਕਾਇਆ ਆਪਾਂ।
ਪੱਲੇ 'ਤੇ ਜਦ ਝਾਤੀ ਮਾਰੀ, ਕੁਝ ਕੱਢਿਆ ਨਾ ਪਾਇਆ ਆਪਾਂ।

ਸੱਜਣ ਨਾ ਸੀਂ ਸਲਾਹੁਵਣ ਜੋਗੇ, ਅਪਣੇ ਆਪ 'ਤੇ ਆਸ਼ਕ ਹੋ ਕੇ,
ਇਕਲਾਪੇ ਦੇ ਅਗਨ ਰਾਗ ਨੂੰ ਮੂਕ ਸੁਰਾਂ ਵਿਚ ਗਾਇਆ ਆਪਾਂ।

ਹਰ ਕੋਈ ਅਪਣੀ ਪਿਆ ਪੁਗਾਵੇ, ਅਕਲਾਂ ਹੋਣ ਮੁਬਾਰਕ ਜੱਗ ਨੂੰ,
ਗੱਲ ਤਾਂ ਚੁੱਪ 'ਤੇ ਨਿਬੜਦੀ ਸੀ, ਕਿੰਨਾ ਰੌਲ਼ਾ ਪਾਇਆ ਆਪਾਂ।

ਮਸਤੀ ਵਿਚ ਵੀ ਕੰਡਾ-ਕੰਡਾ, ਮਤਵਾਲੇ ਦੀ ਦਿਸੇ ਲੁਆਈਂ,
ਸੱਪਾਂ ਦੇ ਡੰਗ ਕੀਲੇ ਯਾਰੋ! ਤਦ ਇਹ ਨਸ਼ਾ ਕਮਾਇਆ ਆਪਾਂ।



### 2

ਕਿਰਦੀ ਜਾਂਦੀ ਜਾਨ ਸੰਭਾਲ਼ੀ ਫਿਰਦੇ ਹਾਂ।
ਕਿਸ-ਕਿਸ ਦਾ ਅਹਿਸਾਨ ਸੰਭਾਲ਼ੀ ਫਿਰਦੇ ਹਾਂ।

ਦਰਦਾਂ ਦਾ ਵਰਦਾਨ ਸੰਭਾਲ਼ੀ ਫਿਰਦੇ ਹਾਂ।
ਇਕ ਲਾਲਾਂ ਦੀ ਖਾਣ ਸੰਭਾਲ਼ੀ ਫਿਰਦੇ ਹਾਂ।

ਕਦ ਕਾਤਲ ਨੂੰ ਭੇਟ ਨਸੀਬਾ ਜਾਗੇਗਾ ?
ਕਦ ਦੇ ਕੁਝ ਅਰਮਾਨ ਸੰਭਾਲ਼ੀ ਫਿਰਦੇ ਹਾਂ।

ਹੁਣ 'ਤੇ ਜਿੰਦੇ ਖਹਿੜਾ ਛੱਡ ਸ਼ੁਦਾਈਆਂ ਦਾ,
ਕਦ ਤੋਂ ਤੇਰਾ ਤਾਣ ਸੰਭਾਲ਼ੀ ਫਿਰਦੇ ਹਾਂ।

ਇਕਲਾਪੇ ਦੀ ਜੂਹ ਵਿਚ ਚੁੱਪਾਂ ਪੱਸਰੀਆਂ,
ਕਿੰਨੇ ਸੁੰਨ-ਮਸਾਣ ਸੰਭਾਲ਼ੀ ਫਿਰਦੇ ਹਾਂ।

'ਮਤਵਾਲਾ ਜੀ' ਦਿਲ ਤਾਂ ਸ਼ੀਸ਼ੇ ਵਾਂਗਰ ਹੈ,
ਬਿੰਬਾਂ ਦੀ ਪਹਿਚਾਣ ਸੰਭਾਲ਼ੀ ਫਿਰਦੇ ਹਾਂ।

3

ਉਮਰਾਂ ਭਰ ਦੇ ਚੀਕ-ਚਿਹਾਟ ਨਿਬੇੜ ਲਏ।
ਖਿੱਲਾਂ ਵਾਂਗੂ ਯਾਰ! ਕਲੇਜੇ ਖੇੜ ਲਏ।

ਕਦ ਜਾ ਕੇ ਹੁਣ ਚੇਤਾ ਸਾਡਾ ਆਇਆ ਈ,
ਹੁਣ 'ਤੇ ਅੜਿਆ! ਕਦ ਦੇ ਬੂਹੇ ਭੇੜ ਲਏ।

ਬਾਗ਼ੇ ਦੇ ਵਿੱਚ ਫੁੱਲ-ਕਲੀਆਂ ਵੀ ਮਿਲਦੇ ਸਨ,
ਮੰਗਵੇਂ ਆਪਾਂ ਅੰਗਿਆਰਾਂ ਦੇ ਨੇੜ ਲਏ।

ਮੈਂ 'ਤੇ ਮੇਰੀ ਵੰਝਲੀ ਅੱਜ ਵੀ 'ਕੱਲੇ ਹਾਂ,
ਚੰਗਾ ਹੋਇਆ ਤੂੰ 'ਤੇ ਸਾਕ ਸਹੇੜ ਲਏ।

ਛਿੱਟੇ ਮਾਰੋ! ਖਾਰੇ-ਖਾਰੇ ਪਾਣੀ ਦੇ,
'ਮਤਵਾਲੇ' ਨੇ ਮੁੜ ਕੇ ਫੱਟ ਉਧੇੜ ਲਏ।



## ਗੁਰਦਿਆਲ ਪੰਜਾਬੀ

ਦਰਦੀ ਨਾ ਜੱਗ ਅੰਦਰ ਕੋਈ ਉਸ ਦੇ ਨਾਲ ਦਾ ਏ।
ਡਿਗਿਆ ਹੋਇਆਂ ਨੂੰ ਜਿਹੜਾ ਫੜ-ਫੜ ਉਠਾਲਦਾ ਏ।

ਰਖਦਾ ਖਿਆਲ ਜਿਹੜਾ ਦੂਜੇ ਦੇ ਮਾਲ ਦਾ ਏ।
ਕਹਿੰਦੇ ਨੇ ਸਾਰੇ ਉਸਨੂੰ ਬੰਦਾ ਕਮਾਲ ਦਾ ਏ!

ਜਾਂਦਾ ਏ ਸਿੱਧਾ ਇਕ ਦਮ ਸੂਲ਼ੀ 'ਤੇ ਦਾਰ ਉੱਤੇ,
ਰਸਤਾ ਨਾ ਇਸ਼ਕ ਦੇ ਵਿਚ ਕੋਈ ਵਿਚ-ਵਿਚਾਲ ਦਾ ਏ।

ਅਪਮਾਨ ਸਾਡਾ ਕਰਦੈ ਜੋ ਪੈਰ-ਪੈਰ ਉੱਪਰ,
ਉਹ ਸ਼ਖ਼ਸ ਸਾਥੋਂ ਫਿਰ ਵੀ ਸਤਿਕਾਰ ਭਾਲਦਾ ਏ।

ਮਹਿਲਾਂ ਦੀ ਆਸ ਰੱਖਦਾ ਕੁੱਲੀ ਵੀ ਢਾਹ ਲਵੀਂ ਨਾ,
ਹਾਕਮ ਬੜੇ ਹੀ ਰੰਗਲੇ ਸੁਪਨੇ ਵਿਖਾਲਦਾ ਏ।

ਲੋਕਾਂ ਦੇ ਦਿਲ 'ਚ ਲਾਵਾ ਹੁਣ ਮਾਰਦੈ ਉਛਾਲੇ,
ਸੰਕੇਤ ਜਾਪਦਾ ਇਹ ਮੈਨੂੰ ਭੁਚਾਲ ਦਾ ਏ।

ਵਿਹੰਦਾ ਏ ਹੱਥ ਲਾ-ਲਾ ਰਹਿੰਦਾ ਏ ਹੱਥ ਮਲਦਾ,
ਹੱਥਾਂ ਦੀ ਉਹ ਸਫ਼ਾਈ ਜਿਸ ਨੂੰ ਵਿਖਾਲਦਾ ਏ।

ਕਦ ਤਕ ਉਹ ਐ 'ਪੰਜਾਬੀ'! ਅਪਣੀ ਬਚਾ ਕੇ ਰੱਖੂ,
ਜੋ ਰੋਜ਼ ਦੂਜਿਆਂ ਦੀ ਪਗੜੀ ਉਛਾਲਦਾ ਏ।

## 2

ਸੁੰਦਰ ਖ਼ਿਆਲ ਜਦ ਮੈਂ ਸ਼ਿਅਰਾਂ 'ਚ ਢਾਲ਼ਦਾ ਹਾਂ।
ਨ੍ਹੇਰੇ ਮਨਾਂ 'ਚ ਦੀਵੇ ਸ਼ਬਦਾਂ ਦੇ ਬਾਲ਼ਦਾ ਹਾਂ।

ਧਰਤੀ ਦਾ ਕੋਣਾ-ਕੋਣਾ ਜਿਸ ਨਾਲ ਜਗਮਗਾਏ,
ਏਦਾਂ ਦੀ ਚੇਤਨਾ ਦੀ ਮੈਂ ਚਿਣਗ ਭਾਲ਼ਦਾ ਹਾਂ।

ਬਾਜ਼ਾਂ 'ਤੇ ਸ਼ਿਕਰਿਆਂ ਦਾ ਕਿੰਜ ਹੈ ਸ਼ਿਕਾਰ ਕਰਨਾ ?
ਚਿੜੀਆਂ ਨੂੰ ਕੁਝ ਅਜੇਹੇ ਮੈਂ ਗੁਰ ਸਿਖਾਲ਼ਦਾ ਹਾਂ।

ਉੱਚਿਆਂ ਤੋਂ ਮੈਂ ਕੀ ਲੈਣਾ ਹੰਕਾਰ ਦੇ ਭਰੇ ਜੋ,
ਨੀਵੇਂ ਨੇ ਮੇਰੇ ਮੈਂ ਤਾਂ ਇਹਨਾਂ ਦੇ ਨਾਲ਼ ਦਾ ਹਾਂ।

ਮੈਂ ਤਾਂ ਹਾਂ ਮੀਲ-ਪੱਥਰ ਇਕ ਥਾਂ ਖੜ੍ਹਾ ਹਾਂ ਭਾਵੇਂ,
ਫਿਰ ਵੀ ਮੁਸਾਫ਼ਰਾਂ ਨੂੰ ਰਸਤਾ ਵਿਖਾਲ਼ਦਾ ਹਾਂ।

ਮੈਂ ਸੁੱਕ ਕੇ ਝੜ ਗਿਆ ਹਾਂ, ਉਹ ਤਾਂ ਹਰੇ-ਭਰੇ ਨੇ,
ਉਂਜ ਪੱਤਾ ਮੈਂ ਵੀ ਏਸੇ ਹੀ ਰੁੱਖ ਦੀ ਡਾਲ਼ ਦਾ ਹਾਂ।

ਪੂਰੇ ਜਿਨ੍ਹਾਂ ਨੂੰ ਕਰਨਾ ਮਕਸਦ ਹੈ ਜ਼ਿੰਦਗੀ ਦਾ,
ਅਰਮਾਨ ਐਸੇ ਵੀ ਕੁਝ ਮੈਂ ਦਿਲ 'ਚ ਪਾਲ਼ਦਾ ਹਾਂ।

ਜਿਸ ਨਾਲ ਮੌਤ ਦਾ ਡਰ ਮਨ ਵਿੱਚੋਂ ਨਿਕਲ ਜਾਵੇ,
ਮੈਂ ਐਸੀ ਪੈਅ 'ਪੰਜਾਬੀ' ਸਭ ਨੂੰ ਪਿਆਲ਼ਦਾ ਹਾਂ।



## 3

ਆਫ਼ਰਿਆ ਹੈ ਜੋ ਧਨ ਦੀ ਮਗ਼ਰੂਰੀ ਨਾਲ।
ਬਹਿ ਜਾਵੇ ਉਹ ਕਿੱਦਾਂ ਸਬਰ-ਸਬੂਰੀ ਨਾਲ।

ਉਹ ਵੀ ਹੁਣ ਤਾਂ ਕਾਜੂ-ਪਿਸਤਾ ਖਾਂਦਾ ਏ,
ਤੋਤਾ ਵੀ ਨਹੀਂ ਮੰਨਦਾ ਹੁਣ ਤਾਂ ਚੂਰੀ ਨਾਲ।

ਕਲ-ਪੁਰਜ਼ਾ ਕੋਈ ਠੀਕ ਨਹੀਂ ਇਸ ਦਾ ਫਿਰ ਵੀ,
ਗੱਡੀ ਚੱਲੀ ਜਾਂਦੀ ਏ ਮਸ਼ਹੂਰੀ ਨਾਲ।

ਵਿਗੜੇ ਬੰਦੇ ਗੱਲਾਂ ਨਾਲ ਕਦੋਂ ਸੁਧਰੇ ?
ਬੱਚਾ ਵੀ ਨਹੀਂ ਡਰਦਾ ਹੁਣ ਤਾਂ ਘੂਰੀ ਨਾਲ।

ਧਰਤੀ ਉੱਤੇ ਲੱਗਣ ਪੈਰ ਕਿਵੇਂ ਉਸ ਦੇ ?
ਪਹੁੰਚ ਗਿਆ ਜੋ ਅੰਬਰ 'ਤੇ ਮਸ਼ਹੂਰੀ ਨਾਲ।

ਮੇਰੇ ਮਨ ਦੇ ਮੰਦਰ ਵਿਚ ਉਹ ਬੈਠ ਗਿਐ,
ਫ਼ਰਕ ਨਹੀਂ ਕੁਝ ਪੈਂਦਾ ਤਨ ਦੀ ਦੂਰੀ ਨਾਲ।

ਇਹ ਕਾਹਦਾ ਹੈ ਜੀਉਣਾ ਜਿਸ ਵਿਚ 'ਪੰਜਾਬੀ',
ਸਾਹ ਵੀ ਲੈਣਾ ਪੈਂਦਾ ਏ ਮਨਜ਼ੂਰੀ ਨਾਲ।

## 4

ਨਵਾਂ ਖ਼ੂਨ ਜਦ ਵੀ ਪਿਘਲਦਾ ਰਿਹਾ।
ਜ਼ਮਾਨਾ ਹਮੇਸ਼ਾਂ ਬਦਲਦਾ ਰਿਹਾ।

ਤਿਰਾ ਤੀਰ 'ਤੇ ਤੀਰ ਚਲਦਾ ਰਿਹਾ।
ਮਿਰਾ ਦਿਲ ਸਦਾ ਹੀ ਮਚਲਦਾ ਰਿਹਾ।

ਤਿਰਾ ਹੁਸਨ ਸੇਜਾਂ 'ਤੇ ਢਲਦਾ ਰਿਹਾ।
ਸਿਰਾ ਇਸ਼ਕ ਸੂਲ਼ਾਂ 'ਤੇ ਪਲਦਾ ਰਿਹਾ।

ਜੋ ਡਿਗਦਾ ਰਿਹਾ 'ਤੇ ਸੰਭਲਦਾ ਰਿਹਾ।
ਜ਼ਮਾਨੇ ਦੀ ਹਰ ਝਾਲ ਝਲਦਾ ਰਿਹਾ।

ਸਵਰਗਾਂ 'ਚ ਭੇਜੇ ਖ਼ੁਦਾ ਸ਼ੈਖ਼ ਨੂੰ,
ਜੋ ਸਭ ਨੂੰ ਸਵਰਗਾਂ 'ਚ ਘਲਦਾ ਰਿਹਾ।

ਹੁਸੀਨਾਂ ਦਾ ਲਾਰਾ ਅਜਬ ਚੀਜ਼ ਹੈ,
ਛਲਾਵੇ ਦੇ ਵਾਂਗੂੰ ਜੋ ਛਲਦਾ ਰਿਹਾ।

ਨਿਕਲਦੇ ਰਹੇ ਨੇ ਜੋ ਅੱਥਰੂ ਮਿਰੇ,
ਕਿ ਅਰਮਾਨ ਦਿਲ ਦਾ ਨਿਕਲਦਾ ਰਿਹਾ।

ਹਮੇਸ਼ਾਂ 'ਪੰਜਾਬੀ'! ਸਿਆਹ ਹਾਸ਼ੀਏ,
ਖ਼ੁਸ਼ੀ ਦੇ ਉਦਾਲੇ ਉਹ ਵਲਦਾ ਰਿਹਾ।



## 5

ਮੁਸ਼ਕਿਲਾਂ ਦਾ ਦਿਨ-ਬਦਿਨ ਜਦ ਤੌਖ਼ਲਾ ਵਧਦਾ ਗਿਆ।
ਜਾਣ ਲਈ ਮੰਜ਼ਲ 'ਤੇ ਸਾਡਾ ਹੌਸਲਾ ਵਧਦਾ ਗਿਆ।

ਚੁੱਕਿਆ ਝੰਡਾ ਅਸੀਂ ਜਦ ਹੱਕ 'ਤੇ ਇਨਸਾਫ਼ ਦਾ,
ਲੋਕ ਆ ਰਲਦੇ ਗਏ 'ਤੇ ਕਾਫ਼ਲਾ ਵਧਦਾ ਗਿਆ।

ਝੱਖੜਾਂ ਨੇ ਮੇਰੀਆਂ ਬਾਹਾਂ ਨੂੰ ਜਿੰਨਾ ਪਰਖਿਆ,
ਮੇਰੀਆਂ ਬਾਹਾਂ ਦਾ ਉੱਨਾ ਹੌਸਲਾ ਵਧਦਾ ਗਿਆ।

ਉਸ ਦੇ ਨੇੜੇ ਆਉਣ ਦਾ ਕੀਤਾ ਬੜਾ ਹੀ ਮੈਂ ਯਤਨ,
ਪਰ ਦਿਨੋ-ਦਿਨ ਹੋਰ ਵੀ ਇਹ ਫ਼ਾਸਲਾ ਵਧਦਾ ਗਿਆ।

ਇਕ ਮੁਹੱਬਤ ਦੀ ਨਜ਼ਰ ਮੰਗੀ ਜਦੋਂ ਵੀ ਓਸ ਤੋਂ,
ਹੋਰ ਵੀ ਉਸ ਦੇ ਕਹਿਰ ਦਾ ਸਿਲਸਿਲਾ ਵਧਦਾ ਗਿਆ।

ਕਰ ਲਿਆ ਇਨਸਾਨ ਨੇ ਭਾਵੇਂ ਪੁਲਾੜਾਂ ਨੂੰ ਫ਼ਤਹਿ,
ਪਰ ਦਿਨੋ- ਦਿਨ ਇਸ ਦੇ ਅੰਦਰ ਦਾ ਖ਼ਲਾ ਵਧਦਾ ਗਿਆ।

ਸਬਰ ਮੇਰਾ ਐ 'ਪੰਜਾਬੀ' ਪਰਖਣੋਂ ਉਹ ਨਾ ਹਟੇ,
ਗੱਲ ਨਾ ਮੁੱਕੀ ਕਿਤੇ ਵੀ ਮਾਮਲਾ ਵਧਦਾ ਗਿਆ।

## ਭਗਵਾਨ ਸਿੰਘ 'ਦੀਪਕ'

ਦਿਨ ਕਦੇ ਚੜ੍ਹਦਾ ਕਦੇ ਢਲ਼ਦਾ ਰਿਹਾ।
ਜ਼ਿੰਦਗੀ ਦਾ ਕਾਫ਼ਲਾ ਚਲਦਾ ਰਿਹਾ।

ਜੋ ਵੀ ਇਸ ਮਹਿਫ਼ਿਲ ਚ ਆਇਆ ਤੁਰ ਗਿਆ,
ਹਰ ਕੋਈ ਮਹਿਮਾਨ ਅਜ ਕਲ ਦਾ ਰਿਹਾ।

ਜ਼ਿੰਦਗੀ ਦਾਮਨ ਮੇਰਾ ਖਿਚਦੀ ਰਹੀ,
ਮੈਂ ਸੁਨੇਹੇ ਮੌਤ ਨੂੰ ਘਲਦਾ ਰਿਹਾ।

ਇਸ਼ਕ 'ਤੇ ਆਈਆਂ ਕਰੋੜਾਂ ਆਫ਼ਤਾਂ,
ਅੱਗ ਦੀ ਬੁੱਕਲ 'ਚ ਵੀ ਪਲ਼ਦਾ ਰਿਹਾ।

ਜ਼ਿੰਦਗੀ ਭਾਵੇਂ ਤੂਫ਼ਾਨਾਂ ਘੇਰ ਲਈ,
ਫਿਰ ਵੀ 'ਦੀਪਕ' ਆਸ ਦਾ ਬਲ਼ਦਾ ਰਿਹਾ।



## 2

ਬੜੀ ਅੱਖ ਲਾਈ ਤੇਰੇ ਜਾਣ ਪਿਛੋਂ।
ਨਾ ਮੁੜ ਨੀਂਦ ਆਈ ਤੇਰੇ ਜਾਣ ਪਿਛੋਂ।

ਜ਼ਮਾਨੇ ਨੇ ਤੇਰੇ ਦੀਵਾਨੇ ਨੂੰ ਅਕਸਰ,
ਸਮਝਿਆ ਸ਼ੁਦਾਈ ਤੇਰੇ ਜਾਣ ਪਿਛੋਂ।

ਤੇਰੇ ਨਾਲ ਹੀ ਜਾਨ ਗਈ ਜਾਨ ਮੇਰੀ,
ਨਾ ਮੁੜ ਜਾਨ ਆਈ ਤੇਰੇ ਜਾਣ ਪਿਛੋਂ।

ਕਈ ਵਾਰ ਦਿਲ ਨੇ ਖ਼ਿਆਲਾਂ ਦੀ ਦੁਨੀਆ,
ਬਣਾਈ 'ਤੇ ਢਾਈ ਤੇਰੇ ਜਾਣ ਪਿਛੋਂ।

ਕਿਵੇਂ ਯਾਦ ਤੇਰੀ ਮੈਂ 'ਦੀਪਕ' ਭੁਲਾਵਾਂ ?
ਨਾ ਜਾਂਦੀ ਭੁਲਾਈ ਤੇਰੇ ਜਾਣ ਪਿਛੋਂ।

## ਗਿਆਨ ਸਿੰਘ ਸੰਧੂ

ਬੈਠ ਗਏ ਅਸੀਂ ਦਿਲ ਨੂੰ ਫੜ ਕੇ।
ਪੀੜ ਵੀ ਹੋਈ ਦਰਦ ਵੀ ਰੜਕੇ।

ਅੱਧੀ ਰਾਤ ਪਹਿਰ ਦੇ ਤੜਕੇ।
ਬੈਠ ਗਏ ਅਸੀਂ ਦਿਲ ਨੂੰ ਫੜਕੇ।

ਅੱਧੀ ਰਾਤ ਪਹਿਰ ਦੇ ਤੜਕੇ।
ਪੀੜ ਵੀ ਹੋਈ ਦਰਦ ਵੀ ਰੜਕੇ।

ਤੇਰੇ ਬਾਝੋਂ ਜੀਅ ਨਈਂ ਹੋਣਾ,
ਤੱਕ ਲੈ ਬੇਸ਼ਕ ਦਿਲ ਵਿਚ ਵੜਕੇ।

ਮੇਰੇ ਸਾਹਵੇਂ ਕੌਣ ਖੜ੍ਹਾ ਹੈ ?
ਅਪਣੇ ਉੱਤੇ ਹੀਰੇ ਜੜ੍ਹ ਕੇ।

ਸਾਰੇ ਪਾਸੇ ਹੀ ਖ਼ੁਸ਼ਬੂਆਂ,
ਕੌਣ ਗਿਆ ਹੈ ਏਥੇ ਖੜ੍ਹਕੇ ?

ਦੁਨੀਆ ਕਮਲ਼ੀ ਕਰ ਛੱਡੀ ਹੈ,
ਕੀ ਕੀਤਾ ਤੈਨੂੰ ਰੱਬ ਨੇ ਘੜ ਕੇ।

ਦੀਵਾਨੇ ਨੂੰ ਖ਼ਬਰ ਨਾ ਹੋਈ,
ਲਹਿ ਗਿਆ ਪਾਣੀ ਸਿਰ ਤੋਂ ਚੜ੍ਹ ਕੇ।



### 2

ਕੁਝ ਸੱਜਣ ਮੈਥੋਂ ਦੂਰ ਜਹੇ ਕੁਝ ਮੈਂ ਸੱਜਣਾਂ ਤੋਂ ਦੂਰ ਜਿਹਾ।
ਉਹ ਆਵਣ ਤੋਂ ਮਜਬੂਰ ਜਹੇ ਮੈਂ ਜਾਵਣ ਤੋਂ ਮਜਬੂਰ ਜਿਹਾ।

ਜਦ ਚੜ੍ਹਦਾ ਝੱਲ ਪ੍ਰੀਤਾਂ ਦਾ ਰਹਿੰਦੀ ਨਈਂ ਹੋਸ਼ ਬੇਹੋਸ਼ੀ ਦੀ,
ਤਦ ਅਪਣੇ ਦਿਲ ਦਾ ਹਰ ਛਾਲਾ ਫੇਹ ਲੈਨਾਂ ਸਮਝ ਅੰਗੂਰ ਜਿਹਾ।

ਇਕਨਾਂ ਨੂੰ ਮੱਟ ਪਿਲਾ ਦਿੰਨੈ ਇਕਨਾਂ ਨੂੰ ਝਾਤ ਪੁਆਉਂਦਾ ਨਈਂ,
ਓ ਸਾਕੀ! ਤੇਰੀ ਮਹਿਫ਼ਲ ਦਾ ਦਸਤੂਰ ਹੈ ਬੇਦਸਤੂਰ ਜਿਹਾ।

ਕੀ ਇਹ ਗੱਲ ਦੁਨੀਆ ਜਾਣੂ ਨਾ ਕਿ ਪਿਆਰ ਕਿਸੇ ਨੂੰ ਕਰਦਾ ਹੈ,
ਜਦ ਦੇਖੂ ਮੇਰੇ ਚਿਹਰੇ ਨੂੰ ਹੋਇਆ ਨੂਰੋ-ਬੇ-ਨੂਰ ਜਿਹਾ।

ਨਾ ਆਖ ਪੈਗੰਬਰ ਤੂੰ ਮੈਨੂੰ ਮੈਂ ਤੇਰੇ ਵਰਗਾ ਬੰਦਾ ਹਾਂ,
ਬਦਨਾਮ ਬਹੁਤ ਹਾਂ ਫਿਰ ਵੀ ਮੈਂ ਕੁਝ ਸਿਫ਼ਤਾਂ ਲਈ ਮਸ਼ਹੂਰ ਜਿਹਾ।

## 3

ਇਕ ਪਲ ਦਾ ਸਾਥ ਤੇਰਾ, ਉਮਰਾਂ ਲਈ ਨਸ਼ਾ ਹੈ।
ਤੈਨੂੰ ਲਿਪਟ ਕੇ ਆਉਂਦੀ ਸੁਰਗਾਂ ਦੀ ਜੋ ਹਵਾ ਹੈ।

ਹੱਸਦੇ ਨੇ ਯਾਰ ਮੇਰੇ, ਮੇਰੇ ਨਸੀਬ ਉੱਤੇ,
ਐਨੇ ਕਰੀਬ ਹੋ ਕੇ ਫਿਰ ਭੀ ਇਹ ਫ਼ਾਸਲਾ ਹੈ।

ਰਹਿੰਦਾ ਹੈ ਸਾਥ ਹਰ ਦਮ ਫਿਰ ਭੀ ਹੈ ਭਾਲ਼ ਉਸ ਦੀ,
ਕਿੱਦਾਂ ਕਿਸੇ ਨੂੰ ਦੱਸਾਂ ਇਹ ਦਿਲ ਦਾ ਮਾਮਲਾ ਹੈ।

ਚਿੱਠੀ ਹੈ ਨਾ ਸੁਨੇਹਾ ਵਾਅਦਾ ਹੈ ਨਾ ਖ਼ਬਰ ਹੈ,
ਫਿਰ ਭੀ ਉਡੀਕ ਉਸਦੀ ਇਸ ਦਿਲ ਨੂੰ ਕਿਉਂ ਭਲਾ ਹੈ?

ਆਵਾਜ਼ ਦੇ ਲਵਾਂਗਾ ਕੰਢੇ ਝਨਾਂ ਦੇ ਖੜ੍ਹ ਕੇ,
ਉਠ ਜਾਗ ਸੋਹਣੀਏ! ਨੀ ਮੇਹੀਂਵਾਲ ਆ ਗਿਆ ਹੈ।



## 4

ਦੋਹਾਂ ਦੇ ਪੰਧ ਵੱਖਰੇ, ਕਿੱਦਾਂ ਮਿਲਾਪ ਹੋਣਾ?
ਆਸ਼ਕ ਕਿਸੇ ਨੇ ਸਾਨੂੰ, ਦਿੱਤਾ ਸਰਾਪ ਹੋਣਾ।

ਉਸ ਨੇ ਸੁਨੇਹਾ ਘੱਲਿਆ 'ਤੂੰ ਮੁਸਕਰਾ! ਤੂੰ ਖ਼ੁਸ਼ ਰਹਿ!'
ਏਹੋ ਸੁਨੇਹਾ ਘੱਲ ਕੇ, ਰੋਇਆ ਉਹ ਆਪ ਹੋਣਾ।

ਜੋਗੀ ਜੋ ਅੱਜ ਫਿਰਦੈ, ਮੇਰੀ ਗਲ਼ੀ 'ਚ ਆ ਕੇ,
ਪਿਛਲੇ ਜਨਮ ਨੇ ਉਸ ਨੂੰ ਦਿੱਤਾ ਸਰਾਪ ਹੋਣਾ।

ਅੱਖੀਆਂ ਨੂੰ ਬੰਦ ਕਰਕੇ, ਆਵਾਜ਼ ਸੁਣ ਰਿਹਾ ਜੋ,
ਜੋ ਗੀਤ ਮੈਂ ਸੀ ਗਾਇਆ ਉਸ ਦਾ ਅਲਾਪ ਹੋਣਾ।

ਪਰਖਣ ਨੂੰ ਤੇਰੀ ਰਹਿਮਤ ਸੁਰਗਾਂ 'ਚ ਰਹਿਣ ਵਾਲੇ,
ਰੱਬਾ! ਕਦੇ ਤਾਂ ਕਰਦੇ, ਕੋਈ 'ਤੇ ਪਾਪ ਹੋਣਾ।

ਜਿਸਦਾ ਹੈ ਮੁਖ ਸੂਰਜ, ਬੱਦਲ ਵਜੂਦ ਜੇਹਦਾ,
ਤੇਰੇ ਦਿਮਾਗ਼ ਕੋਲੋਂ ਉਹਨੂੰ ਨਹੀਂ ਮਾਪ ਹੋਣਾ।

ਕੀ ਦੇਖਕੇ ਕਰੇਂਗਾ ਅਣਭੋਲ਼ ਮੇਹਰਬਾਨਾ!
ਦਿਤਾ ਜੋ ਜ਼ਖ਼ਮ ਦਿਲ ਨੂੰ ਤੈਥੋਂ ਨਹੀਂ ਮਾਪ ਹੋਣਾ।

## 5

ਗੁੱਸੇ-ਗਿਲੇ ਭੁਲਾ ਦਿਉ ਕੁਝ ਯਾਦ ਨਾ ਕਰੋ।
ਬੀਤੇ ਸਮੇਂ ਦੀ ਹਿੱਕ 'ਤੇ, ਪੱਥਰ ਨੂੰ ਧਰ ਦਵੋ।

ਕਾਫ਼ੀ ਹੈ ਜਿੰਨਾ ਖਾ ਲਿਆ ਧੋਖਾ ਮੈਂ ਪਿਆਰ ਦਾ,
ਵਾਲ਼ਾਂ ਨੂੰ ਇੰਝ ਖਿਲਾਰ ਕੇ, ਹੁਣ ਕੋਲ ਨਾ ਖਲੋ।

ਜੁੱਗਾਂ ਪੁਰਾਣੀ ਸਾਂਝ ਹੈ, ਸੂਲ਼ੀ 'ਤੇ ਪਿਆਰ ਦੀ,
ਐਨਾ ਕੁ ਰਿਸ਼ਤਾ ਠੀਕ ਹੈ, ਕੁਝ ਹੋਰ ਨਾ ਕਹੋ।

ਘੁੰਮਦੇ ਨੇ ਜ਼ਹਿਰੀ ਨਾਗ ਹੁਣ ਰਾਹਾਂ 'ਚ ਸ਼ੂਕਦੇ,
ਰਾਹੀਓ! ਹਨੇਰੀ ਰਾਤ ਵਿਚ ਕੁਛ ਸੋਚ ਕੇ ਚਲੋ।

ਕੀ ਹੋ ਗਿਆ ਹਰ ਮੋੜ 'ਤੇ, ਜੇ ਮੌਤ ਹੈ ਖੜ੍ਹੀ,
ਮੰਜ਼ਲ ਤੇ ਪਹੁੰਚਣ ਵਾਲਿਓ! ਮਰਨੇ ਤੋਂ ਨਾ ਡਰੋ।

ਦਿਲ ਨਾ ਪਸੀਜਿਆ ਤੱਕ ਮਰਦੀ ਹੋਈ ਆਤਮਾ,
ਐਵੇਂ ਨਾ ਅਣਖਾਂ ਵਾਲਿਓ! ਹੱਥਾਂ ਨੂੰ ਹੁਣ ਮਲੋ।

ਮੇਰਾ ਜਲਾ ਕੇ ਆਲ੍ਹਣਾ ਚਾਨਣ 'ਤੇ ਕਰ ਲਿਆ,
ਹੁਣ ਬਾਗ ਸੜ੍ਹਦਾ ਦੇਖ ਕੇ ਅਫ਼ਸੋਸ ਕਿਉਂ ਕਰੋ?

ਨਿਕਲੂ ਹਨੇਰਾ ਚੀਰ ਕੇ ਸੂਰਜ ਅਖ਼ੀਰ ਨੂੰ,
ਹੁਣ ਖੌਫ਼ ਕਾਲ਼ੀ ਰਾਤ ਦਾ ਕੁਛ ਹੋਰ ਜਰ ਲਵੋ।



## ਐੱਲ.ਡੀ. 'ਪ੍ਰਦੇਸੀ'

ਜੇ ਸਾਡੇ ਹੀ ਅਪਣੇ ਬਿਗਾਨੇ ਨਾ ਹੁੰਦੇ।
ਤਾਂ ਬਦਨਾਮ ਅਸੀਂ ਵਿਚ ਜ਼ਮਾਨੇ ਨਾ ਹੁੰਦੇ।

ਇਹ ਬਾਹਰ ਦੀ ਲੋਅ ਨੂੰ ਕੋਈ ਵੀ ਨਾ ਪੁੱਛਦਾ,
ਜੇ ਨੈਣਾਂ ਦੇ ਲੋਕੀਂ ਦੀਵਾਨੇ ਨਾ ਹੁੰਦੇ।

ਕਦੇ ਕੋਈ ਸਾਡਾ ਨਾ ਮਜ਼ਬੂਨ ਬਣਦਾ,
ਜੇ ਗਲ਼ੀਆਂ 'ਚ ਸਾਡੇ ਫ਼ਸਾਨੇ ਨਾ ਹੁੰਦੇ।

ਅਸੀਂ ਕਦੇ ਗੱਲ ਨਾ ਬਹਾਰਾਂ ਦੀ ਕਰਦੇ,
ਚਮਨ ਸਾਡੇ ਜੇਕਰ ਬਿਗਾਨੇ ਨਾ ਹੁੰਦੇ।

ਕਦੇ ਵੀ ਸੁਗੰਧੀ ਫੁੱਲਾਂ ਦੀ ਨਾ ਜਾਂਦੀ,
ਜੇ ਤੋੜਨ ਦੇ ਕੋਈ ਬਹਾਨੇ ਨਾ ਹੁੰਦੇ।

ਨਾ ਰੁਲ਼ਦੀ ਜਵਾਨੀ ਨਾ ਆਉਂਦਾ ਬੁਢਾਪਾ,
ਜੇ ਪੀੜਾਂ ਦੇ ਦਿਲ ਵਿਚ ਖ਼ਜ਼ਾਨੇ ਨਾ ਹੁੰਦੇ।

ਮੈਂ ਲਿਖਦਾ ਨਾ ਕੋਈ ਗ਼ਜ਼ਲ ਜ਼ਿੰਦਗੀ 'ਤੇ,
ਜੇ ਗਾਏ ਗ਼ਮਾਂ ਦੇ ਤਰਾਨੇ ਨਾ ਹੁੰਦੇ।

## 2.

ਕੀ ਦੱਸਾਂ ਹੁਣ ਮੇਰੇ ਦਿਲ 'ਤੇ ਕੀ-ਕੀ ਬੀਤਦੀਆਂ?
ਸੁਰ ਤਾਰਾਂ ਦੇ ਟੁੱਟਣ 'ਤੇ ਵੀ ਗੱਲਾਂ ਕਰਾਂ ਸੰਗੀਤ ਦੀਆਂ।

ਬਿਰਹਾ ਦੇ ਜਦ ਗੀਤ ਕੋਈ ਗਾਵੇ, ਦਿਲ ਨੂੰ ਝੋਰਾ ਵੱਢ-ਵੱਢ ਖਾਵੇ,
ਵੇਲੇ ਪ੍ਰਭਾਤਾਂ ਦੇ ਯਾਦਾਂ ਆਉਂਦੀਆਂ ਵਿਛੜੇ ਮੀਤ ਦੀਆਂ।

ਸਾਉਣ ਮਹੀਨੇ ਸੌਣਾ ਮੁਸ਼ਕਿਲ ਹੁਣ ਕਿਧਰੇ ਇਹ ਲਗਦਾ ਨਹੀਂ ਦਿਲ,
ਕੌਣ ਕਰੇਗਾ ਕਦਰ ਅਸਾਡੀ ਸੱਚੀ-ਸੁੱਚੀ ਨੀਤ ਦੀਆਂ?

ਜੋ ਸਨ ਬਣੇ ਅਸਾਡੇ ਮਿੱਤਰ, ਉਹ ਇਕ ਦਮ ਹੋ ਗਏ ਵਚਿੱਤਰ,
ਡੁੱਬ-ਡੁੱਬ ਜਾਂਦਾ ਇਹ ਦਿਲ ਕਰਕੇ ਯਾਦਾਂ ਸਮੇਂ ਅਤੀਤ ਦੀਆਂ।

ਸੁੱਖ ਦੇਖੇ ਨੂੰ ਬੀਤੀਆਂ ਸਦੀਆਂ ਅੱਖੀਆਂ ਨੀਰ ਵਰਸਣੀਆਂ ਨਦੀਆਂ,
ਪਰ ਸੱਜਣਾਂ 'ਤੇ ਅਸਰ ਨਾ ਹੋਇਆ ਗੱਲਾਂ ਸੁਣ-ਸੁਣ ਪ੍ਰੀਤ ਦੀਆਂ।

'ਪ੍ਰਦੇਸੀ' ਨੂੰ ਸਬਰ ਨਾ ਆਵੇ, ਸੱਜਣਾਂ ਦੀ ਕੋਈ ਖ਼ਬਰ ਨਾ ਆਵੇ,
ਗੀਤ ਵੀ ਸਾਰੇ ਦੇਣ ਗਵਾਹੀਆਂ ਏਸ ਅਨੋਖੀ ਗੀਤ ਦੀਆਂ।



## 3

ਮੇਰੇ ਲੱਖ ਯਤਨਾਂ ਬਾਝੋਂ ਵੀ ਉੱਜੜ ਰਿਹਾ ਏ ਵਿਹੜਾ ਮੇਰਾ।
ਸਾਰੇ ਜੱਗ ਵਿਚ ਚੰਦ ਚੜ੍ਹਿਆ ਹੈ ਪਰ ਮੇਰੇ ਘਰ ਸਦਾ ਹਨੇਰਾ।

ਕੀ ਮੈਂ ਇਸਨੂੰ ਕਿਸਮਤ ਆਖਾਂ, ਉੱਗਣ ਧਤੂਰੇ ਬੀਜੀਆਂ ਦਾਖ਼ਾਂ,
ਮੈਨੂੰ ਇੰਜ ਲੱਗਦਾ ਹੈ ਏਥੇ ਮੇਰੇ ਲਈ ਹੈ ਰੈਣ-ਬਸੇਰਾ।

ਕਦੇ-ਕਦੇ ਮਨ ਉਕਤਾ ਜਾਂਦਾ, ਕੋਈ ਵੀ ਗੱਲ ਢੂੰਡ ਨਾ ਪਾਂਦਾ,
ਸਾਰੀ ਦੁਨੀਆ 'ਤੇ ਜਦ ਅਪਣਾ ਝਾਕ ਦੇਖਦਾਂ ਚਾਰ-ਚੁਫ਼ੇਰਾ।

ਇਹ ਵੀ ਕੋਈ ਜੀਣ ਹੈ ਜੀਣ, ਜਿੱਥੇ ਹਰ ਦਮ ਗਿੱਲਾ ਪੀਣੂ,
ਜਾਂ ਉਹਨਾਂ ਦੇ ਸੁਭਾਓ ਬਦਲਦੇ, ਜਾਂ ਵਧਾਦੇ ਮੇਰਾ ਜੇਰਾ।

ਜ਼ਿੰਦਗੀ ਦਾ ਕੰਮ ਰੁਸਣਾ-ਵਿਗੜਨਾ, ਜਿਸਮ ਨਾ ਚਾਹੁੰਦਾ ਉਸਤੋਂ ਨਿਖੜਨਾ,
ਜੇ ਰੱਬ ਉਸਨੂੰ ਅਕਲ ਦੇਵੇ ਤਾਂ ਫਿਰ ਨਈਂ ਉਜੜੂ ਸਾਡਾ ਡੇਰਾ।

'ਪ੍ਰਦੇਸੀ' ਦਾ ਕਾਹਦਾ ਜੀਣਾ, ਜੋ ਉੱਪਰੋਂ ਅੱਖੀਆਂ ਤੋਂ ਹੀਣਾ,
ਬਿਨਾਂ ਨਸੀਬੋਂ ਕੁਝ ਨਈਂ ਮਿਲਦਾ, ਰੱਬ ਦਿੱਤਾ ਭਾਵੇਂ ਰਿਜ਼ਕ ਬਥੇਰਾ।

## 4.

ਮੈਂ ਵੀ ਉਲਟੇ ਵਿਚਾਰ ਚਾਹੁੰਦਾ ਹਾਂ।
ਕੰਡਿਆਂ ਤੋਂ ਬਹਾਰ ਚਾਹੁੰਦਾ ਹਾਂ।

ਜਿਸਨੂੰ ਪਾਉਣਾ ਕਦੇ ਵੀ ਮੁਮਕਿਨ ਨਹੀਂ,
ਓਸਦਾ ਮੈਂ ਦੁਆਰ ਚਾਹੁੰਦਾ ਹਾਂ।

ਖ਼ੂਨ ਜਿਸ ਨੇ ਜਿਗਰ ਦਾ ਪੀਤਾ ਹੈ,
ਓਸ ਤੋਂ ਮੈਂ ਪਿਆਰ ਚਾਹੁੰਦਾ ਹਾਂ।

ਸਾਜ਼ ਖੋਹਿਆ ਹੈ ਸੁਰਾਂ ਦਾ ਜਿਸ ਨੇ,
ਉਹਦੇ ਦਿਲ ਦੀ ਸਿਤਾਰ ਚਾਹੁੰਦਾ ਹਾਂ।

ਉਹਦੇ ਆਉਣ ਦੀ ਕੋਈ ਉਮੀਦ ਨਹੀਂ,
ਫਿਰ ਵੀ ਇੰਤਜ਼ਾਰ ਚਾਹੁੰਦਾ ਹਾਂ।

ਭਾਵੇਂ ਮੈਂ ਉਸ ਨੂੰ ਨਾ ਸੁਧਾਰ ਸਕਾਂ,
ਮੈਂ ਤਾਂ ਅਪਣਾ ਸੁਧਾਰ ਚਾਹੁੰਦਾ ਹਾਂ।

ਜਿਸ ਤੋਂ ਵਾਅਦਾ ਕੋਈ ਵਫ਼ਾ ਨਾ ਹੋਇਆ,
ਤਾਂ ਵੀ ਉਸ ਤੋਂ ਕਰਾਰ ਚਾਹੁੰਦਾ ਹਾਂ।

ਮੈਂ ਹਾਂ 'ਪ੍ਰਦੇਸੀ' ਉਸਨੂੰ ਯਕੀਨ ਨਹੀਂ,
ਮੈਂ ਉਹਦਾ ਇਤਬਾਰ ਚਾਹੁੰਦਾ ਹਾਂ।



## 5.

ਚੱਲ ਓ ਸੱਜਣਾ! ਬੈਠ ਨਿਵੇਕਲੇ ਕਰ ਲਈਏ ਦੋ ਗੱਲਾਂ।
ਦਿਲ ਇਉਂ ਪਿਆ ਉਬਾਲ਼ੇ ਖਾਵੇ, ਜਿਉਂ ਸਾਗਰ ਦੀਆਂ ਛੱਲਾਂ।

ਜ਼ਰਾ ਕੁ ਮੈਨੂੰ ਦੇ ਧਰਵਾਸ, ਆ ਜਾਵੇ ਦਿਲ ਨੂੰ ਵਿਸ਼ਵਾਸ,
ਤਾਂ ਕਿ ਮੈਂ ਵੀ ਦਿਲ ਅਪਣੇ ਨੂੰ, ਕੁਝ ਕੁ ਪਲ ਲਈ ਠੱਲਾਂ।

ਜੇ ਤੂੰ ਮੇਰੇ ਨਾਲ ਨਈਂ ਜਾਣਾ, ਫਿਰ ਮੇਰਾ ਕੋਈ ਦੱਸ ਟਿਕਾਣਾ,
ਨਈਂ ਤਾਂ ਮੈਨੂੰ ਦੱਸ ਕੇ ਜਾਹ, ਮੈਂ ਕਿਹਦਾ ਦੁਆਰਾ ਮੱਲਾਂ?

ਕੌਲ-ਕਰਾਰ ਕਈਆਂ ਨੇ ਕੀਤੇ ਪਰ ਸਭ ਨੇ ਖਿੱਚ ਲਏ ਪਲੀਤੇ,
ਮੇਰੇ ਦਿਲ 'ਤੇ ਜੋ-ਜੋ ਬੀਤੇ, ਕਿਸ ਨੂੰ ਲਿਖ-ਲਿਖ ਘੱਲਾਂ।

ਇਹ ਦਿਲ ਕੁਝ ਕਹਿਣੋਂ ਨਈਂ ਝਕਦਾ, ਇਹ ਦੁੱਖ ਵੀ ਸਹਿਣੋਂ ਨਈਂ ਥੱਕਦਾ,
ਜੀਅ ਕਰਦਾ ਹੈ ਤੇਰੇ ਪਾਸੋਂ, ਇਕ ਘੜੀ ਨਾ ਹੱਲਾਂ।

ਤੂੰ ਵੀ ਜੇ ਬਣਿਆ ਨਾ ਅਪਣਾ, ਫਿਰ ਨਈਂ ਹੋਣਾ ਪੂਰਾ ਸਪਨਾ,
ਫਿਰ ਮੈਨੂੰ ਕੁਝ ਪਊ ਸੋਚਣਾ, ਕਿਹੜਾ ਪਾਸਾ ਮੱਲਾਂ।

ਹਰ ਕੋਈ ਗਿਆ ਪਿਆਰੇ ਪਾਸ, ਪੂਰੀ ਕਰਨ ਲਈ ਅਪਣੀ ਆਸ,
'ਪ੍ਰਦੇਸੀ' ਹਾਂ ਸਮਝ ਨਈਂ ਆਉਂਦੀ ਮੈਂ ਕਿੱਧਰ ਨੂੰ ਚੱਲਾਂ?

## ਸੋਮਨਾਥ ਭੱਟੀ

ਮਹਿਫ਼ਿਲਾਂ ਵਿਚ ਆਉਣ ਦਾ ਦਸਤੂਰ ਕੀ ਹੁੰਦਾ ਸੁਣੋ!
ਮੈਅਕਦੇ ਵਿਚ ਜਾਣ ਦਾ ਦਸਤੂਰ ਕੀ ਹੁੰਦਾ ਸੁਣੋ!

ਅਪਣੇ ਦਿਲ ਦੀ ਹਰ ਕਦੂਰਤ ਨੂੰ ਦਫ਼ਨ ਕਰਕੇ ਚਲੋ!
ਪਿਆਰ ਨੂੰ ਦਰਸਾਣ ਦਾ ਦਸਤੂਰ ਕੀ ਹੁੰਦਾ ਸੁਣੋ!

ਸ਼ਬਦ ਜਦ ਨਿਕਲੇ ਜ਼ੁਬਾਂ ਚੋਂ ਮਹਿਕ ਆਵੇ ਪਿਅਰ ਦੀ,
ਦਿਲਰੁਬਾ ਬਣ ਜਾਣ ਦਾ ਦਸਤੂਰ ਕੀ ਹੁੰਦਾ ਸੁਣੋ!

ਆਦਮੀ ਦਾ ਫ਼ਰਜ਼ ਇਹ ਹੈ ਆਦਮੀ ਬਣ ਕੇ ਰਹੇ,
ਇਕ ਭਲੇ ਇਨਸਾਨ ਦਾ ਦਸਤੂਰ ਕੀ ਹੁੰਦਾ ਸੁਣੋ!

ਨਿੰਦਿਆ, ਚੁਗਲੀ, ਬੁਰਾਈ, ਬਦਜ਼ਨੀ, ਹੈਵਾਨੀਅਤ,
ਹੋਰ ਇਕ ਸ਼ੈਤਾਨ ਦਾ ਦਸਤੂਰ ਕੀ ਹੁੰਦਾ ਸੁਣੋ!

ਜੋ ਕਿਸੇ ਮਜ਼ਲੂਮ ਦੀ ਹੈ ਜ਼ਿੰਦਗੀ ਸੰਗ ਖੇਡਦਾ,
ਇਕ ਨਿਰੇ ਹੈਵਾਨ ਦਾ ਦਸਤੂਰ ਕੀ ਹੁੰਦਾ ਸੁਣੋ!

ਜ਼ਿੰਦਗੀ ਅਪਣੀ ਲੁਟਾ ਕੇ ਜੋ ਬਚਾਵੇ ਜ਼ਿੰਦਗੀ,
ਇਕ ਸਹੀ ਬਲਵਾਨ ਦਾ ਦਸਤੂਰ ਕੀ ਹੁੰਦਾ ਸੁਣੋ!

ਦੀਨ ਦੁਖੀਆਂ 'ਤੇ ਰਹਿਮ ਖਾਵੇ 'ਤੇ ਸੁਖ ਵੰਡਦਾ ਰਹੇ,
ਧਰਮ 'ਤੇ ਈਮਾਨ ਦਾ ਦਸਤੂਰ ਕੀ ਹੁੰਦਾ ਸੁਣੋ!

ਖ਼ੂਨ ਮਾਸੂਮਾਂ ਦਾ ਪੀਂਦਾ ਬਣ ਦਰਿੰਦਾ ਖ਼ੂਨਖ਼ਾਰ,
'ਨਾਥ' ਬੇਈਮਾਨ ਦਾ ਦਸਤੂਰ ਕੀ ਹੁੰਦਾ ਸੁਣੋ!



### 2

ਰਹਿਮ ਕਰ ਮੇਰੇ ਖ਼ੁਦਾਇਆ ਅਪਣੀ ਮਖ਼ਲੂਕਾਤ 'ਤੇ।
ਕਿਉਂ ਖ਼ਫ਼ਾ ਤੂੰ ਹੋ ਗਿਆ ਏਂ ਆਦਮੀ ਦੀ ਜ਼ਾਤ 'ਤੇ?

ਕਿਸ ਕਦਰ ਹਾਲਾਤ ਬਦਤਰ ਹੋ ਗਏ ਤੇਰੇ ਬਾਗ਼ ਦੇ,
ਕੁਝ ਤਰਸ ਕਰ ਬਾਗ਼ਵਾਨਾ! ਬਾਗ਼ ਦੇ ਹਾਲਾਤ 'ਤੇ।

ਬੇ-ਸੁਰੇ, ਬੇ-ਤਾਲ ਸਾਰੇ ਸਾਜ਼ ਹੀ ਜਦ ਹੋ ਗਏ,
ਜਾਪਦਾ ਜਿਉਂ ਆ ਗਈ ਸ਼ਾਮਤ ਹੁਸੀਂ ਨਗ਼ਮਾਤ 'ਤੇ।

ਇਹ ਮੇਰਾ ਪੰਜਾਬ ਜਿਹੜਾ ਜ਼ਿੰਦਗੀ ਹੈ ਦੇਸ਼ ਦੀ,
ਖੌਫ਼ ਮੰਡਲਾਂਦਾ ਪਿਆ ਹੈ ਏਸਦੀ ਹਰ ਰਾਤ 'ਤੇ।

ਇਸ ਕਦਰ ਦਰਜਾ ਹਰਾਰਤ ਆਦਮੀ ਦਾ ਵੱਧ ਗਿਆ,
ਕੁਝ ਭਰੋਸਾ ਨਾ ਰਿਹਾ ਇਸ ਨੂੰ ਇਹਦੀ ਔਕਾਤ 'ਤੇ।

ਤਰਸ ਨਾ ਆਵੇ ਰਤਾ ਵੀ ਬੇਤਰਸ ਇਨਸਾਨ ਨੂੰ,
ਹਰ ਜਿਗਰ ਘਬਰਾ ਰਿਹਾ ਹੈ ਹਰ ਨਏ ਸਦਮਾਤ 'ਤੇ।

ਦੇਸ਼ ਦੇ ਵੀਰਾਂ ਨੇ ਅਪਣੇ ਸੀਸ ਵਾਰੇ ਜਿਸ ਲਈ,
ਛਾ ਰਹੇ ਨ੍ਹੇਰੇ ਨੇ ਉਸ ਆਸਾਂ ਭਰੀ ਪਰਭਾਤ 'ਤੇ।

'ਨਾਥ' ਅੱਜ ਤੇਰੀ ਵੀ ਸਾਰੀ ਉਡ਼ ਗਈ ਦਾਨਿਸ਼ਵਰੀ,
ਆ ਰਿਹਾ ਹਾਸਾ ਬੜਾ ਮੈਨੂੰ ਤੇਰੀ ਹਰ ਬਾਤ 'ਤੇ।

3.

ਕਿੰਨਾ ਗਿਰਦਾ ਜਾ ਰਿਹਾ ਕਿਰਦਾਰ ਹੁਣ ਇਨਸਾਨ ਦਾ?
ਕਿਸ ਕਦਰ ਜਾਂਦਾ ਪਿਆ ਇਤਬਾਰ ਹੁਣ ਇਨਸਾਨ ਦਾ।

ਜਿਸ ਕਦਰ ਤਹਿਜ਼ੀਬ ਅਪਣਾਉਂਦਾ ਪਿਆ ਹੈ ਆਦਮੀ,
ਉਸ ਕਦਰ ਗਿਰਦਾ ਪਿਆ ਆਚਾਰ ਹੁਣ ਇਨਸਾਨ ਦਾ।

ਦੋਸਤੀ, ਚਾਹਤ, ਮੁਹੱਬਤ, ਬਣ ਗਈ ਸੌਦਾਗਿਰੀ,
ਪਿਆਰ ਬਣਦਾ ਜਾ ਰਿਹਾ ਵਿਓਪਾਰ ਹੁਣ ਇਨਸਾਨ ਦਾ।

ਸਾਰੀਆਂ ਕਸਮਾਂ 'ਤੇ ਵਾਅਦੇ ਹਨ ਪੁਲੰਦੇ ਝੂਠ ਦੇ,
ਹਰ ਨਵਾਂ ਧੋਖਾ ਹੈ ਹਰ ਇਕਰਾਰ ਹੁਣ ਇਨਸਾਨ ਦਾ।

ਹੈ ਬਨਾਵਟ ਜਾਪਦੀ ਤਰਜ਼ੇ-ਬਿਆਨੀ ਏਸ ਦੀ,
ਕੂੜ ਬਣਦਾ ਜਾ ਰਿਹਾ ਪਰਚਾਰ ਹੁਣ ਇਨਸਾਨ ਦਾ।

ਹੋ ਰਿਹਾ ਇਨਸਾਨੀਅਤ ਤੋਂ ਦੂਰ ਏਨਾ ਆਦਮੀ,
ਕੀ ਬਣੇਗਾ ਫ਼ੇਰ ਆਖ਼ਿਰਕਾਰ ਹੁਣ ਇਨਸਾਨ ਦਾ?

ਨੂਰ ਤੋਂ ਬਣਿਆ, ਪਵਿੱਤਰ ਆਤਮਾ ਸੀ ਏਸ ਦੀ,
ਪਰ ਵਿਗੜਦਾ ਜਾ ਰਿਹਾ ਆਕਾਰ ਹੁਣ ਇਨਸਾਨ ਦਾ।

'ਨਾਥ' ਇਸ ਤੋਂ ਮਾਤ ਸਭ ਖ਼ੂਨੀ ਦਰਿੰਦੇ ਖਾ ਗਏ,
ਕੱਪਟ ਹੁੰਦਾ ਜਾ ਰਿਹਾ ਸਾਕਾਰ ਹੁਣ ਇਨਸਾਨ ਦਾ।



4

ਏਕਤਾ ਦਿਲ ਵਿਚ ਲਿਆਵੋ! ਵਾਸਤਾ ਹੈ ਪਿਆਰ ਦਾ।
ਦੋਸਤੋ! ਇਕ ਮੁਠ ਹੋ ਜਾਵੋ! ਵਾਸਤਾ ਹੈ ਪਿਆਰ ਦਾ।

ਦੁਸ਼ਮਣੀ, ਨਫ਼ਰਤ, ਕਦੂਰਤ ਘਰ ਦੀ ਬਰਬਾਦੀ ਕਰੇ,
ਏਸ ਤੋਂ ਘਰ ਨੂੰ ਬਚਾਵੋ! ਵਾਸਤਾ ਹੈ ਪਿਆਰ ਦਾ।

ਸਾਂਝੀਆਂ ਤਾਨਾਂ 'ਤੇ ਸਾਂਝੇ ਵੈਣ ਸਾਂਝੇ ਗੀਤ ਨੇ,
ਬੇ-ਸੁਰੇ ਨਗ਼ਮੇ ਨਾ ਗਾਵੋ! ਵਾਸਤਾ ਹੈ ਪਿਆਰ ਦਾ।

ਸਿੱਕਿਆਂ ਬਦਲੇ ਧਰਮ ਈਮਾਨ ਵਿਕ ਸਕਦਾ ਨਹੀਂ,
ਅੱਗ ਨਾ ਪਾਣੀ ਨੂੰ ਲਾਵੋ! ਵਾਸਤਾ ਹੈ ਪਿਆਰ ਦਾ।

ਭਾਈ ਤੋਂ ਪਹਿਚਾਣ ਭਾਈ ਦੀ ਰਹੀ ਕੋਈ ਨਹੀਂ,
ਨੀਝ ਤੋਂ ਪਰਦਾ ਹਟਾਵੋ! ਵਾਸਤਾ ਹੈ ਪਿਆਰ ਦਾ।

ਗੁਲਸਿਤਾਂ ਵਿਚ ਫੁੱਲ ਹਸਦੇ 'ਤੇ ਬਹਾਰਾਂ ਗਾਉਂਦੀਆਂ,
ਬਰਕ ਨਾ ਇਸ 'ਤੇ ਗਿਰਾਵੋ! ਵਾਸਤਾ ਹੈ ਪਿਆਰ ਦਾ।

'ਨਾਥ' ਸੱਭਨਾਂ ਦੇ ਦਿਲਾਂ ਵਿਚ ਜੋ ਸਦਾ ਜਗਦੀ ਰਹੇ,
ਪਿਆਰ ਦੀ ਜਿਉਤੀ ਜਗਾਵੋ! ਵਾਸਤਾ ਹੈ ਪਿਆਰ ਦਾ।

## ਮਹਿੰਦਰ ਦੀਵਾਨਾ

ਸਾਰੇ ਚਿਹਰੇ ਨਵੇਂ, ਹਰ ਨਜ਼ਰ ਓਪਰੀ,
ਕਿਹੜੀ ਬਸਤੀ 'ਚ ਮੈਂ ਆ ਗਿਆ ਦੋਸਤੋ!
ਘਰ ਵੀ ਜਲ਼ਦੇ ਪਏ, ਦਿਲ ਵੀ ਜਲ਼ਦੇ ਪਏ,
ਫਿਰ ਵੀ ਲਭਦਾ ਨਹੀਂ ਚਾਨਣਾ ਦੋਸਤੋ!

ਹਰ ਡਗਰ 'ਤੇ ਮਿਲੇ ਹਾਦਸੇ-ਹਾਦਸੇ,
ਜਿਸ ਡਗਰ 'ਤੇ ਵੀ ਮੇਰੇ ਕਦਮ ਨੇ ਉਠੇ,
ਹਾਦਸੇ ਜ਼ਿੰਦਗੀ ਦਾ ਮੁਕੱਦਰ ਬਣੇ,
ਜ਼ਿੰਦਗੀ ਬਣ ਗਈ ਹਾਦਸਾ ਦੋਸਤੋ!

ਆਇਆ ਕੈਸਾ ਸਮਾਂ, ਹਰ ਤਰਫ਼ ਬੇਰੁਖ਼ੀ,
ਨਾ ਗਗਨ ਆਪਣਾ, ਨਾ ਜ਼ਮੀਂ ਆਪਣੀ,
ਜਦ ਵੀ ਕਿਧਰੇ ਕਦੇ ਆਦਮੀਅਤ ਮਰੀ,
ਨਾਲ ਹੀ ਆਦਮੀ ਮਰ ਗਇਆ ਦੋਸਤੋ!

ਦੋਸਤੀ ਪਾਲਣੀ ਜੇ ਕਠਨ ਹੈ ਬੜੀ,
ਫੇਰ ਕਾਹਦੇ ਲਈ ਪਾਲ਼ੀਏ ਦੁਸ਼ਮਣੀ?
ਵਕਤ ਨਾਜ਼ੁਕ ਬੜਾ, ਘਰ ਦੇ ਬਾਹਰ ਖੜ੍ਹਾ,
ਇਸਨੂੰ ਸਮਝਾਓ ਘਰ ਦਾ ਪਤਾ ਦੋਸਤੋ!

ਹਰ ਨਗਰ ਦੀ ਗਲੀ ਦੇ ਹਰਿਕ ਮੋੜ 'ਤੇ,
ਜੋ ਵੀ ਚਿਹਰੇ ਖੜ੍ਹੇ ਨੇ ਉਦਾਸੇ ਬੜੇ,
ਬੀਜ ਖ਼ੁਸ਼ੀਆਂ 'ਦੀਵਾਨੇ' ਉਦਾਸੀ ਨੂੰ ਹੁਣ,
ਕਹਿ ਦਿਉ ਅਲਵਿਦਾ! ਅਲਵਿਦਾ!! ਦੋਸਤੋ!



### 2

ਜ਼ਿੰਦਗੀ ਨੂੰ ਮੌਤ ਦਾ ਬਸ ਆਸਰਾ ਰਹਿ ਜਾਏਗਾ।
ਤੂੰ ਗਿਆ ਤਾਂ ਜ਼ਿੰਦਗੀ ਵਿੱਚ ਕੀ ਭਲਾ ਰਹਿ ਜਾਏਗਾ?

ਬੇਵਫ਼ਾਈ, ਹਿਜਰ, ਪੀੜਾਂ, ਹੰਝੂ, ਹਾਵੇ, ਹਉਕੇ, ਗ਼ਮ,
ਜ਼ਿੰਦਗੀ ਤੋਂ ਮੌਤ ਤਕ ਇਹ ਸਿਲਸਿਲਾ ਰਹਿ ਜਾਏਗਾ।

ਉਸਦੀ ਖ਼ੁਸ਼ਬੂ ਭੋਰ ਦੀ ਵਾਯੂ ਉੜਾ ਲੈ ਜਾਏਗੀ,
ਤੜਪਦਾ ਵੀਰਾਨ ਖ਼ਾਲੀ ਬਿਸਤਰਾ ਰਹਿ ਜਾਏਗਾ।

ਆ ਰਿਹੈ ਉਹ ਵੀ ਜ਼ਮਾਨਾ ਜਦ ਤੇਰਾ ਬੰਦਾ ਖ਼ੁਦਾ!
ਰੌਸ਼ਨੀ ਹੱਥਾਂ 'ਚ ਲੈ ਕੇ ਭਟਕਦਾ ਰਹਿ ਜਾਏਗਾ।

ਰੇਤ ਵਾਂਗੂੰ ਕਿਰਦੀ-ਕਿਰਦੀ ਜ਼ਿੰਦਗੀ ਕਿਰ ਜਾਏਗੀ,
ਆਦਮੀ ਤਾਂ ਹੈ ਖਿਡਾਉਣਾ, ਵੇਖਦਾ ਰਹਿ ਜਾਏਗਾ।

ਹੌਲ਼ੀ-ਹੌਲ਼ੀ ਧੁੰਦਲਾ ਹੁੰਦਾ ਜਾਏਗਾ ਉਸਦਾ ਵਜੂਦ,
ਸ਼ਾਮ ਜਦ ਢਲ ਜਾਏਗੀ, ਇਕ ਧੁੰਦਲਕਾ ਰਹਿ ਜਾਏਗਾ।

ਰਸਤਿਆਂ ਨੂੰ ਬੰਨ੍ਹ ਕੇ ਪੈਰਾਂ ਨਾਲ 'ਦੀਵਾਨੇ' ਤੁਰੋ,
ਸੋਚਿਆ ਜਿਸ ਤੁਰਨ ਵੇਲੇ ਸੋਚਦਾ ਰਹਿ ਜਾਏਗਾ।

3

ਜੇ ਲੋਕਾਂ ਦੇ ਲੇਖਕ ਹੋ ਤਾਂ, ਲੋਕਾਂ ਦੀ ਹੀ ਬਾਤ ਕਹੋ।
ਸੂਰਜ ਨਿਕਲੇ ਤਾਂ ਦਿਨ ਆਖੋ, ਰਾਤ ਪਵੇ ਤਾਂ ਰਾਤ ਕਹੋ।

ਸਹਿਮ, ਦੁਚਿੱਤੀ, ਬੇਇਤਬਾਰੀ, ਬੰਦ ਦਰਵਾਜ਼ੇ ਹਰ ਘਰ ਦੇ,
ਜਿਸ ਘਰ 'ਚੋਂ ਵੀ ਚਾਨਣ ਆਵੇ ਓਸੇ ਘਰ ਨੂੰ 'ਡ਼ਾਤ' ਕਹੋ।

ਕੁਰਸੀ-ਯੁਧ ਜਾਂ ਧਰਮ-ਲੜਾਈ, ਲੋਕੀਂ ਬਸ! ਇਹ ਪੁਛਦੇ ਨੇ,
ਇਸ ਵਿਚ ਕਿਸਦੀ ਜਿੱਤ ਹੋਈ ਹੈ, ਕਿਸ ਖਾਧੀ ਹੈ ਮਾਤ, ਕਹੋ।

ਹੁਣ ਮੌਸਮ ਹੈ ਦਿਉ ਦਲੀਲਾਂ, ਲੇਕਿਨ ਇਹ ਵੀ ਯਾਦ ਰਹੇ,
ਕਦੇ-ਕਦਾਈਂ ਭਾਵੇਂ ਭੁੱਲਕੇ, ਕੀ ਕਹਿੰਦੇ ਜਜ਼ਬਾਤ, ਕਹੋ।

ਅਪਣੇ ਹੱਥੋਂ ਜੋ ਡੁੱਲ੍ਹਿਆ ਹੈ, ਅਪਣਾ ਖ਼ੂਨ ਪੁਕਾਰ ਰਿਹੈ,
ਖ਼ੂਨ ਹੈ ਆਖ਼ਰ ਖ਼ੂਨ, ਇਹਨੂੰ ਨਾ ਹੋਲੀ ਨਾ ਬਰਸਾਤ ਕਹੋ।

ਅਜ ਵੀ ਤਾਂ ਹਾਲਾਤ ਉਹੀ ਨੇ, ਅਜ ਵੀ ਤਾਂ ਹੈ ਸੋਚ ਉਹੀ,
ਕੌਣ ਪੀਏਗਾ ਜ਼ਹਿਰ-ਪਿਆਲਾ, ਕਿਹੜਾ ਹੈ ਸੁਕਰਾਤ, ਕਹੋ?

ਇਕ ਪਾਸੇ ਜਜ਼ਬਾਤ ਖੜ੍ਹੇ ਨੇ, ਇਕ ਪਾਸੇ ਹੈ ਸੋਚ ਖੜ੍ਹੀ,
'ਦੀਵਾਨੇ' ਜੇ ਕਹਿ ਸਕਦੇ ਹੋ, ਤਾਂ ਦੋਹਾਂ ਦੀ ਬਾਤ ਕਹੋ।



4

ਤੁਹਾਡੀ ਤਰਕ ਦੀ ਗਲ ਹੈ ਮੇਰੀ ਜਜ਼ਬਾਤ ਦੀ ਗਲ ਹੈ।
ਮਿਲੀ ਜੋ ਦੋਸਤਾਂ ਕੋਲੋਂ, ਇਹ ਉਸ ਸੌਗ਼ਾਤ ਦੀ ਗਲ ਹੈ।

ਅਜੇਹੇ ਹਾਦਸੇ ਤਾਂ ਜ਼ਿੰਦਗੀ ਭਰ ਵੀ ਨਹੀਂ ਭੁਲਦੇ,
ਤੁਸੀਂ ਕਿਉਂ ਭੁਲ ਗਏ ਹੋ ਜੋ ਅਜੇ ਕਲ੍ਹ ਰਾਤ ਦੀ ਗਲ ਹੈ।

ਨਾ ਤੂੰ ਅਨਜਾਣ ਹੈਂ ਮੈਥੋਂ, ਨਾ ਮੈਂ ਤੇਰੇ ਤੋਂ ਨਾਵਾਕਿਫ਼,
ਚੁਰਾਈਏ ਫੇਰ ਵੀ ਨਜ਼ਰਾਂ, ਅਜਬ ਹਾਲਾਤ ਦੀ ਗਲ ਹੈ।

ਸਮੁੰਦਰ ਵੀ ਹੈ ਤਰਹਾਇਆ 'ਤੇ ਰੇਗਿਸਤਾਨ ਵੀ ਪਿਆਸਾ,
ਕਹੋਗੇ ਇਸਨੂੰ ਕਿਸਮਤ ਦੀ ਕਿ ਇਹ ਔਕਾਤ ਦੀ ਗਲ ਹੈ?

ਜਦੋਂ ਈਮਾਨ ਮੋਇਆ ਸੀ, ਜਦੋਂ ਭਗਵਾਨ ਰੋਇਆ ਸੀ,
ਫ਼ਜ਼ਾ 'ਚੋਂ ਖ਼ੂਨ ਚੋਇਆ ਸੀ, ਇਹ ਉਸ ਬਰਸਾਤ ਦੀ ਗਲ ਹੈ?

ਇਹ ਦਿਲ ਖ਼ੁਸ਼ੀਆਂ ਤੋਂ ਭਰ ਜਾਏ, ਕਦੇ ਗ਼ਮ ਨੂੰ ਤਰਸਦਾ ਹੈ,
ਖ਼ੁਸ਼ੀ ਦੀ ਹੈ, ਨਾ ਗ਼ਮ ਦੀ ਹੈ, ਇਹ ਸਭ ਹਾਲਾਤ ਦੀ ਗਲ ਹੈ।

ਮੇਰੇ ਆਲੇ-ਦੁਆਲੇ ਉਸਦੀਆਂ ਦਾਤਾਂ ਹੀ ਦਾਤਾਂ ਹਨ,
ਮੇਰੀ ਦੀਵਾਨਗੀ? ਮੈਂ ਕੀ ਕਹਾਂ ਕਿਸ ਦਾਤ ਦੀ ਗਲ ਹੈ।

## 5

ਬਹਾਰਾਂ ਵਿਚ ਵੀ ਜੋ ਆਈਆਂ ਨਹੀਂ ਓਹਨਾਂ ਬਹਾਰਾਂ ਦਾ।
ਜੋ ਚਰਚਾ ਕਲ੍ਹ ਘਰਾਂ ਤਕ ਸੀ ਉਹ ਬਣਿਆ ਅੱਜ ਬਜ਼ਾਰਾਂ ਦਾ।

ਤੁਸੀਂ ਅਪਣੀ ਤਸੱਲੀ ਵਾਸਤੇ ਕੋਈ ਵੀ ਨਾਂ ਦੇਵੋ,
ਇਹ ਬਰਬਾਦੀ ਦਾ ਕਿੱਸਾ ਹੈ ਨਾ ਜਿੱਤਾਂ ਦਾ ਨਾ ਹਾਰਾਂ ਦਾ।

ਕਿ ਜਿਹੜੇ ਸ਼ਹਿਰ ਦੇ ਹਰ ਚੌਕ ਵਿੱਚ ਇਕ ਲਾਸ਼ ਟੰਗੀ ਹੈ,
ਭਲਾ ਉਸ ਸ਼ਹਿਰ ਨੂੰ ਕੀਕਣ ਕਹੋਗੇ ਗ਼ਮਗੁਸਾਰਾਂ ਦਾ।

ਖ਼ਬਰ ਜਿਹੜੀ ਕਿ ਅੱਜ ਅਖ਼ਬਾਰ ਦੀ ਸੁਰਖ਼ੀ ਬਣੇ ਨਿਤ ਦਿਨ,
ਉਹ ਕਲ੍ਹ ਇਤਿਹਾਸ ਬਣ ਸਕਦਾ ਹੈ ਸਿਵਿਆਂ ਦਾ ਮਜ਼ਾਰਾਂ ਦਾ।

ਕਿਸੇ ਇਕ ਵਾਸਤੇ ਤਾਂ ਕੋਈ ਵੀ ਗੁਲਸ਼ਨ ਨਹੀਂ ਖਿੜਦਾ,
ਕਿ ਇਕ ਫੁਲ ਵੀ ਤਾਂ ਹੋ ਸਕਦਾ ਹੈ ਲੱਖਾਂ ਦਾ, ਹਜ਼ਾਰਾਂ ਦਾ।

ਵਿਚਾਰਾਂ ਦੀ ਲੜਾਈ ਵਾਸਤੇ ਤਲਵਾਰ ਉਠਦੀ ਹੈ,
ਮਗਰ ਤਲਵਾਰ ਹੀ ਤੋਂ ਉਪਜਦੈ ਝਗੜਾ ਵਿਚਾਰਾਂ ਦਾ।

ਅਠੱਤਰ ਤੋਂ ਤੁਰੇ 'ਤੇ ਮੰਜ਼ਲਾਂ ਕਈ ਪਾਰ ਕਰ ਆਏ,
ਮਗਰ ਆਇਆ ਨਹੀਂ ਮੌਸਮ ਐ ਦੀਵਾਨੇ! ਬਹਾਰਾਂ ਦਾ।



## ਕਸ਼ਮੀਰਾ ਸਿੰਘ 'ਚਮਨ'

ਕਲ੍ਹ ਮੇਰੇ ਸਨ ਦਿਲਬਰ ਜਾਨੀ ਅੱਜ ਉਹ ਬਣੇ ਪਰਾਏ ਲੋਕ।
ਨਜ਼ਰ ਬਚਾ ਕੇ ਲੰਘ ਜਾਂਦੇ ਨੇ ਅਪਣੇ ਹੀ ਹਮਸਾਏ ਲੋਕ।

ਚੜ੍ਹਦੀ ਉਮਰੇ ਢਲਦੀ ਉਮਰੇ ਦੇਖੇ ਨੇ ਮੈਂ ਰੰਗ ਕਈ,
ਖ਼ੁਦਗ਼ਰਜ਼ੀ ਨੇ ਖੋਹ ਲਏ ਮੈਥੋਂ ਮਿੱਤਰ-ਯਾਰ ਬਣਾਏ ਲੋਕ।

ਕੀਤਾ ਸੀ ਇਕਰਾਰ ਜਿਹਨਾਂ ਨੇ ਹਰਦਮ ਸਾਥ ਨਿਭਾਣੇ ਦਾ,
ਹੌਲ਼ੀ-ਹੌਲ਼ੀ ਹੋ ਗਏ ਓਹਲੇ ਮੁੜ ਨਾ ਨਜ਼ਰੀਂ ਆਏ ਲੋਕ।

ਬਚਪਨ ਤੋਂ ਸੀ ਪੈ ਗਈ ਆਦਤ ਮੈਨੂੰ ਹਾਸੇ ਭਾਲਣ ਦੀ,
ਪਰ ਹੁਣ ਦਿਸਦੇ ਪੀਲ਼ੇ ਮੁਖੜੇ ਘਬਰਾਏ-ਘਬਰਾਏ ਲੋਕ।

ਚਾਰ ਚੁਫ਼ੇਰੇ ਫੈਲ ਰਹੀ ਏ ਯਾਰ! ਕੁੜੱਤਣ ਨਫ਼ਰਤ ਦੀ,
ਅੰਬਰ ਤਾਈਂ ਘੂਰ ਰਹੇ ਨੇ ਇਸ ਧਰਤੀ ਦੇ ਜਾਏ ਲੋਕ।

ਯੁੱਗਾਂ ਤੋਂ ਜੋ ਜੋਕਾਂ ਵਾਂਗੂੰ ਚੂਸਣ ਰੱਤ ਗ਼ਰੀਬਾਂ ਦੀ,
ਮਾਣਸ-ਖਾਣੇ ਸੰਗਦਿਲ ਪਾਪੀ ਜਾਂਦੇ ਨਹੀਂ ਮੁਕਾਏ ਲੋਕ।

ਕੂੜਾ ਲਾਲਚ ਝੂਠੀ ਮਾਇਆ ਤਜ ਮਨ ਦਾ ਅਭਿਮਾਨ ਦਿਲਾ!
ਆਕੜਖਾਨ ਸਿੰਕਦਰ ਲੱਖਾਂ ਧਰਤੀ ਹੇਠ ਸਮਾਏ ਲੋਕ।

'ਚਮਨ' ਬਹਾਰਾਂ ਮਾਣੇ ਦੁਨੀਆ ਮੇਰੇ ਦਿਲ ਦੀ ਚਾਹਤ ਏ,
ਜੀਵਨ ਨਰਕ ਬਣਾਵਣ ਵਾਲੇ ਕਾਹਤੋਂ ਰੱਬ ਬਣਾਏ ਲੋਕ।

2.

ਆਵੇਗੀ ਕਦ ਰੁੱਤ ਮਿਲਣ ਦੀ ਪਰਤਣਗੇ ਕਦ ਹਾਸੇ ?
ਬਿਰਹੋਂ ਕੁੱਠੀ ਜਿੰਦ ਨਿਮਾਣੀ ਜੀਵੇ ਕਿਹੜੀ ਆਸੇ।

ਸਾਰੀ ਦੁਨੀਆ ਲਾਈ ਬੈਠੀ ਫੇਰ ਮਿਲਣ ਦੀਆਂ ਆਸਾਂ,
ਸਾਵਣ ਦੀ ਰੁੱਤ ਮੁੜ-ਮੁੜ ਆਵੇ ਕੱਟੀਏ ਕਿਵੇਂ ਚੁਮਾਸੇ ?

ਦਿਲ ਦੀ ਧਰਤੀ ਸਾਂਭੀ ਬੈਠੀ ਪਿਆਰ ਤੇਰੇ ਦੀਆਂ ਪੈੜਾਂ,
ਦੀਦ ਤੇਰੇ ਦੀਆਂ ਮੰਗਣ ਖ਼ੈਰਾਂ ਦੋ ਨੈਣਾਂ ਦੇ ਕਾਸੇ।

ਤੇਰੇ ਕਦਮਾਂ ਦੀ ਪੈੜਚਾਲ ਦਾ ਪੈਂਦਾ ਜਦੋਂ ਭੁਲੇਖਾ,
ਪਲ-ਪਲ ਨਜ਼ਰ ਦੁੜਾਈ ਰੱਖਾਂ ਮੈਂ ਸੱਜਣਾਂ ਦੇ ਪਾਸੇ।

ਤੂੰ ਬਣਿਆ ਪਰਦੇਸੀ ਜਦ ਤੋਂ ਰੁੱਸੇ ਖ਼ੁਸ਼ੀਆਂ-ਖੇੜੇ,
ਇਸ ਘਰ ਦੇ ਸਭ ਖਰਲਾਂ-ਖੂੰਜੇ ਰਹਿੰਦੇ ਸਦਾ ਉਦਾਸੇ।

ਸਾਡੀ ਝੋਲ਼ੀ ਪਾ ਕੇ ਟੁਰ ਗਿਓਂ ਹੰਝੂ-ਹਉਕੇ-ਹਾਵੇ,
ਡਾਢਾ ਹੈ ਬੇਦਰਦ ਜ਼ਮਾਨਾ ਦੇਵੇ ਕੌਣ ਦਿਲਾਸੇ ?

ਨੈਣ ਉਡੀਕਾਂ ਕਰ-ਕਰ ਹਾਰੇ ਆਇਓਂ ਨਾ ਦਿਲਜਾਨੀ,
ਖ਼ੁਰਦਾ-ਖ਼ੁਰਦਾ ਖ਼ੁਰ ਜਾਣਾ ਏ ਜੋਬਨ ਵਾਂਗ ਪਤਾਸੇ।

'ਚਮਨ' ਬਹਾਰਾਂ ਦੀ ਰੁੱਤ ਅੰਦਰ ਕੋਇਲਾਂ ਕੂ-ਕੂ ਲਾਈ,
ਤੇਰੇ ਬਾਝੋਂ ਫਿੱਕੀਆਂ ਮਹਿਕਾਂ ਤਰਸਣ ਨੈਣ ਪਿਆਸੇ।



## ਗਿੱਲ ਮੋਰਾਂਵਾਲੀ

ਟੁਕੜੇ-ਟੁਕੜੇ ਜੇਰਾ ਹੈ।
ਤੇਰਾ ਹੈ ਕੁਝ ਮੇਰਾ ਹੈ।

ਮਨ ਦੇ ਸਾਥੀ ਘੱਟ ਮਿਲਦੇ,
ਤਨ ਦਾ ਵਣਜ ਵਧੇਰਾ ਹੈ।

ਚਾਨਣ ਦਿਸਦਾ ਹਰ ਪਾਸੇ,
ਸਾਡੇ ਕੋਲ ਹਨੇਰਾ ਹੈ।

ਜਨਮਾਂ ਤਕ ਹੀ ਮਾਣਾਂਗੇ,
ਤੇਰਾ ਗ਼ਮ ਵੀ ਮੇਰਾ ਹੈ।

ਡਰਨਾ ਕੀ 'ਗਿੱਲ' ਮਰਨੇ ਤੋਂ,
ਸਭ ਜੱਗ ਰੈਣ ਬਸੇਰਾ ਹੈ।

2.

ਇਹ ਵੀ ਕੈਸੀ ਦਾਤ ਮਿਲੀ ਹੈ।
ਨੈਣਾ ਨੂੰ ਬਰਸਾਤ ਮਿਲੀ ਹੈ।

ਇਕ ਤਾਂ ਸਾਡੇ ਲੇਖ ਨਿਮਾਣੇ,
ਦੂਜੇ ਸਾਨੂੰ ਮਾਤ ਮਿਲੀ ਹੈ।

ਜਿਸ ਦਾ ਕੋਈ ਸਾਥ ਕਰੇ ਨਾ,
ਜਿੰਦਗਾਨੀ ਕਮਜ਼ਾਤ ਮਿਲੀ ਹੈ।

ਡਰਕੇ ਪਾਸਾ ਪਰਤ ਗਈ ਸੀ,
ਮੌਤ ਅਸਾਂ ਨੂੰ ਰਾਤ ਮਿਲੀ ਹੈ।

ਹੁਣ ਤਾਂ ਜੀਣਾ ਮਰਨ ਬਰਾਬਰ,
ਅਣ-ਚਾਹੀ ਸੌਗ਼ਾਤ ਮਿਲੀ ਹੈ।



## ਸੁਖਪਾਲਵੀਰ ਸਿੰਘ 'ਹਸਰਤ'

ਰੰਗਾਂ ਦੇ ਨਾਲ ਭਰ ਗਿਆ ਜਾਮਾ ਸ਼ਬਾਬ ਦਾ।
ਪੌਣਾਂ ਨੇ ਰਾਗ ਛੇੜਿਆ ਅਜ਼ਲੀ ਰਬਾਬ ਦਾ।

ਰਿਸ਼ਮਾਂ ਦੇ ਨਾਲ ਖੇਡਦੇ ਮੰਜ਼ਲ ਦੇ ਕੁਲ ਪੜਾਅ,
ਆਓ! ਅਸੀਂ ਵੀ ਮੱਲੀਏ ਦਰ ਇਨਕਲਾਬ ਦਾ।

ਜੀਵਨ ਅਮਨ ਤੋਂ ਸੱਖਣਾ ਮੁਰਦੇ ਸਮਾਨ ਹੈ,
ਮਰਦਾਂ ਦੇ ਵਾਂਗ ਸਦਾ ਹੀ ਜੀਣਾ ਪੰਜਾਬ ਦਾ।

ਚੰਦਨ ਦੇ ਵਾਂਗ ਮਹਿਕਣਾ ਸਾਡਾ ਸੁਭਾਵ ਹੈ,
ਬਿਰਤਾਂਤ ਪ੍ਰੀਤ ਕਹਿ ਰਹੀ ਸੱਜਣਾਂ ਦੀ ਤਾਬ ਦਾ।

ਤੇਰੇ ਬਿਨਾਂ ਜਹਾਨ ਜਿਵੇਂ ਰੰਗਹੀਣ ਸ਼ਹਿਰ ਹੈ,
ਤੇਰਾ ਬਦਨ ਗਵਾਹ ਹੈ ਹਰ ਸੋਨ-ਖ਼ਾਬ ਦਾ।

ਚਮਕੌਰ ਦੀ ਗੜ੍ਹੀ ਤੋਂ ਆਉ! ਸਬਕ ਸਿੱਖੀਏ,
ਸਾਨੀ ਕੋਈ ਨਹੀਂ ਹੈ ਇਸ ਸਾਕੇ ਦੀ ਆਬ ਦਾ।

ਲੰਘਣਾ ਹਮੇਸ਼ ਹੱਸ ਕੇ ਮੁਸ਼ਕਿਲ ਮੁਕਾਮ ਤੋਂ,
ਪੀ ਲੈਣੀ ਵਿਹੁ ਸਮਝਕੇ ਪਿਆਲਾ ਸ਼ਰਾਬ ਦਾ।

## 2

ਜੋਬਨ ਦਾ ਫੁੱਲ ਤੇਰੀਆਂ ਮਹਿਕਾਂ ਤੋਂ ਵਾਰ ਕੇ।
ਅੱਜ ਤੇਰੇ ਦਰ 'ਤੇ ਆ ਗਏ ਜੰਨਤ ਵੀ ਹਾਰ ਕੇ।

ਦਿਲ ਦੀ ਤੂੰ ਸੀਤ ਲਹਿਰ ਵਿਚ ਸੂਰਜ ਉਤਾਰ ਕੇ।
ਮਾਰੂਥਲਾਂ 'ਚੋਂ ਗੁਜ਼ਰਿਆ ਅੰਮ੍ਰਿਤ ਫੁਹਾਰ ਕੇ।

ਜੀਵਨ ਦੇ ਹਰ ਅਣੂ 'ਚ ਨੇ ਮਰਦੰਗ ਵਜ ਰਹੇ,
ਹੁਣ ਕਿਸ ਤਰ੍ਹਾਂ ਨਾ ਨੱਚੀਏ ਜਜ਼ਬੇ ਉਭਾਰ ਕੇ?

ਅਜ ਹੋਂਦ ਕੁਲ ਜਹਾਨ ਦੀ ਸੰਗੀਤ ਹੈ ਬਣੀ,
ਕੁਲ ਕਾਇਨਾਤ ਗਾ ਰਹੀ ਜ਼ੁਲਫ਼ਾਂ ਖਿਲਾਰ ਕੇ।

ਦਰਿਆ ਦੇ ਉਤੇ ਕਈ ਸੌ ਰੰਗਾਂ ਦੀ ਪੀਂਘ ਹੈ,
ਹੂਰਾਂ ਨੇ ਜਿਸ ਨੂੰ ਝੂਟਿਆ ਬਸਤਰ ਉਤਾਰ ਕੇ।



## 3

ਜੁੱਗਾਂ ਤੋਂ ਝੁਲਦਾ ਰਿਹਾ ਪਰਚਮ ਹਨੇਰ ਦਾ।
ਜੁੱਗਾਂ ਤੋਂ ਸਹਿਕਦਾ ਰਿਹਾ ਤਾਰਾ ਸਵੇਰ ਦਾ।

ਜੁੱਗਾਂ ਤੋਂ ਤੇਰੇ ਹੁਸਨ ਦੀ ਚਰਚਾ ਬਣੀ ਰਹੀ,
ਹੰਝੂ ਰਿਹਾ ਜੁੱਗਾਂ ਤੋਂ ਮੇਰਾ ਇਸ਼ਕ ਕੇਰਦਾ।

ਜੁੱਗਾਂ ਦੀ ਰਾਤ ਵਿਚ ਰਹੇ ਕੰਡਿਆਂ ਨੂੰ ਹੂੰਝਦੇ,
ਹਿੰਮਤ ਨੇ ਲਾਹ ਮਾਰਿਆ ਪਰਦਾ ਉਸ਼ੇਰ ਦਾ।

ਜੁੱਗਾਂ ਤੋਂ ਆਦਮੀ ਦੀ ਕਿਸੇ ਬਾਤ ਨਾ ਸੁਣੀ,
ਕੀ ਮੁੱਲ ਪੈ ਸੀ ਸੱਕਣਾ ਮਿੱਟੀ ਦੇ ਢੇਰ ਦਾ?

ਜੁੱਗਾਂ ਤੋਂ ਬਿਰਖ ਹੋਂਦ ਦਾ ਪਤਝੜ ਦੇ ਵਿਚ ਰਿਹਾ,
ਜਿਸਨੂੰ ਨਹੀਂ ਸੀ ਗਿਆਨ ਕੁਝ ਰੁੱਤਾਂ ਦੇ ਫੇਰ ਦਾ।

## 4

ਸਾਥੋਂ ਲੰਘ ਗਿਆ ਜੋਬਨ ਬਹਾਰ ਵਾਂਗਰਾਂ।
ਸਾਨੂੰ ਯਾਦ ਤੇਰੀ ਚੜ੍ਹੀ ਹੈ ਖ਼ੁਮਾਰ ਵਾਂਗਰਾਂ।

ਤੇਰੇ ਬਾਝ ਅਸਾਂ ਜ਼ਿੰਦਗੀ ਗੁਜ਼ਾਰ ਹੀ ਲਈ,
ਨਾਲੇ ਦੱਘਦੇ ਰਹੇ ਹਾਂ ਅੰਗਿਆਰ ਵਾਂਗਰਾਂ।

ਤੇਰੇ ਮੇਲ ਨਾਲੋਂ ਬਿਰਹਾ ਦੀ ਚੀਸ ਦਾ ਮਜ਼ਾ,
ਤੇਰੇ ਮੇਲ ਪਿਛੋਂ ਬਿਰਹਾ ਹੈ ਖ਼ਾਰ ਵਾਂਗਰਾਂ।

ਸਾਡੀ ਦੋਖੀਆਂ ਦੇ ਨਾਲ ਵੀ ਅਜੀਬ ਸਾਂਝ ਹੈ,
ਸਾਨੂੰ ਰੱਖਦੇ ਨੇ ਯਾਦ ਸਦਾ ਯਾਰ ਵਾਂਗਰਾਂ।

ਸਾਡੇ ਪਿਆਰ ਵਾਲੀ ਕਥਾ ਦੀ ਅਨੰਤ ਹੋਂਦ ਹੈ,
ਰਹੀ ਵਧਦੀ ਇਹ ਲਹਿਰਾਂ ਦੇ ਉਭਾਰ ਵਾਂਗਰਾਂ।



## 5

ਦਿਲ ਨਾਲ ਦਿਲ ਵਟਾ ਲਿਆ ਹੱਸਕੇ ਜਾਂ ਯਾਰ ਨਾਲ।
ਇਉਂ ਜਾਪਿਆ ਜਿਉਂ ਮੁੱਢ ਤੋਂ ਨਾਤਾ ਬਹਾਰ ਨਾਲ।

ਉਹਦੀ ਲਿਟਾ 'ਤੇ ਨੂਰ ਦੇ ਮੋਤੀ ਜੜੇ ਰਹੇ,
ਉਹਦੇ ਲਬਾਂ 'ਤੇ ਕੰਬਣੀ ਮਹਿਕਾਂ ਦੇ ਭਾਰ ਨਾਲ।

ਅੱਜ ਹੁਸਨ ਦਾ 'ਤੇ ਪ੍ਰੀਤ ਦਾ ਐਸਾ ਹੈ ਵਾਸਤਾ,
ਜੀਕਣ ਸਮੁੰਦ ਝੂਮਦਾ ਚੰਨ ਦੇ ਉਭਾਰ ਨਾਲ।

ਉਸ ਦੀ 'ਤੇ ਮੇਰੀ ਪ੍ਰੀਤ ਦੀ ਜੁੱਗਾਂ ਦੀ ਦਾਸਤਾਂ,
ਅਜ ਸਿਦਕ ਪਰਖੇ ਜਾਣਗੇ ਖੰਡੇ ਦੀ ਧਾਰ ਨਾਲ।

ਜੀਵਨ ਦੀ ਕਹਿਕਸ਼ਾਂ ਦੇ ਵਿਚ ਲੱਖਾਂ ਹੀ ਨਗ ਜੜੇ,
ਇਕ ਘਾਟ ਸੀ ਜੋ ਪੁਰ ਹੋਈ ਤੇਰੀ ਨੁਹਾਰ ਨਾਲ।

## ਮੋਹਨ ਸਿੰਘ ਬੈਰੀ

ਮਹਿਫ਼ਿਲ ਲੁਟਾ ਕੇ, ਹੋਸ਼ ਹੁਣ ਆਈ ਤਾਂ ਕੀ ਭਲਾ ?
ਹੱਸਦੇ ਰੁਆ ਕੇ, ਹੋਸ਼ ਹੁਣ ਆਈ ਤਾਂ ਕੀ ਭਲਾ ?

ਮੇਰੇ ਚਮਨ ਚੋਂ ਮਹਿਕਦੇ ਫੁੱਲਾਂ ਨੂੰ ਤੋੜਕੇ,
ਮਿੱਟੀ ਮਿਲਾ ਕੇ, ਹੋਸ਼ ਹੁਣ ਆਈ ਤਾਂ ਕੀ ਭਲਾ ?

ਹਾਸੇ ਚੁਰਾ ਕੇ ਤੂੰ ਮਿਰੇ, ਹੰਝੂ ਹੈਂ ਦੇ ਗਿਐਂ,
ਘਰ ਨੂੰ ਜਲਾ ਕੇ, ਹੋਸ਼ ਹੁਣ ਆਈ ਤਾਂ ਕੀ ਭਲਾ ?

ਕੀਤੀ ਕਮਾਈ ਨੂੰ ਸਦਾ ਰੱਖਿਆ ਮੈਂ ਸਾਂਭਕੇ,
ਐਵੇਂ ਗੁਆ ਕੇ, ਹੋਸ਼ ਹੁਣ ਆਈ ਤਾਂ ਕੀ ਭਲਾ ?

ਇਸ਼ਕ ਤੇਰੇ ਦੀ ਸਜ਼ਾ ਤਾਂ ਭਾਵੇਂ ਮੌਤ ਸੀ,
ਐਵੇਂ ਤੜਪਾ ਕੇ, ਹੋਸ਼ ਹੁਣ ਆਈ ਤਾਂ ਕੀ ਭਲਾ ?

ਦੁਨੀਆ 'ਚ 'ਬੈਰੀ' ਠੋਕਰਾਂ ਖਾਂਦਾ ਹੈ ਦੇਰ ਤੋਂ,
ਸ਼ਮ੍ਹਾ ਬੁਝਾ ਕੇ, ਹੋਸ਼ ਹੁਣ ਆਈ ਤਾਂ ਕੀ ਭਲਾ ?



### 2

ਤੂੰ ਰਿਹਾ ਦਿੰਦਾ ਜੋ ਲਾਰੇ, ਯਾਦ ਆਉਂਦੇ ਨੇ ਸਦਾ।
ਨਰਮ ਬਾਹਾਂ ਦੇ ਸਹਾਰੇ, ਯਾਦ ਆਉਂਦੇ ਨੇ ਸਦਾ।

ਰੋਜ਼ ਮਿਲਕੇ ਜੋ ਅਸਾਂ, ਰਾਤਾਂ ਬਿਤਾਈਆਂ ਦੋਸਤਾ!
ਰਾਤ ਦਿਨ ਹੁਣ ਉਹ ਨਜ਼ਾਰੇ, ਯਾਦ ਆਉਂਦੇ ਨੇ ਸਦਾ।

ਤੂੰ ਕਹਾਣੀ ਪਿਆਰ ਦੀ, ਪਾਕੇ ਸੁਣਾਈ ਸੀ ਕਦੇ,
ਮੈਂ ਭਰੇ ਸੀ ਜੋ ਹੁੰਘਾਰੇ,ਯਾਦ ਆਉਂਦੇ ਨੇ ਸਦਾ।

ਤੂੰ ਚੜ੍ਹਾਕੇ ਅਰਸ਼ ਮੈਨੂੰ, ਹੈ ਗਿਰਾਇਆ ਫ਼ਰਸ਼ 'ਤੇ,
ਅਰਸ਼ ਦੇ ਹੁਣ ਉਹ ਸਿਤਾਰੇ, ਯਾਦ ਆਉਂਦੇ ਨੇ ਸਦਾ।

ਰੋਜ਼ 'ਬੈਰੀ' ਨੂੰ ਸੀ ਕਰਦਾ ਤੂੰ ਇਸ਼ਾਰੇ ਮਿਲਣ ਦੇ,
ਹੁਣ ਤੇਰੇ ਉਹ ਹੀ ਇਸ਼ਾਰੇ, ਯਾਦ ਆਉਂਦੇ ਨੇ ਸਦਾ।

## ਰਕਸ਼ਪਾਲ

ਇਸ ਤਰ੍ਹਾਂ ਫੁੱਲਾਂ ਦੀ ਖ਼ੁਸ਼ਬੂ ਜ਼ਿੰਦਗੀ ਵਿਚ ਭਰ ਲਈ।
ਹਰ ਗ਼ਮੀ ਬਾਗਾਂ ਦਾ ਹੀ ਕੰਡਾ ਸਮਝ ਕੇ ਜਰ ਲਈ।

ਇਕ ਖਲੋਤੀ ਭੀੜ ਦੇ ਵਿਚੋਂ ਨਿਕਲ ਆਇਆ ਹਾਂ ਮੈਂ,
ਜ਼ਿੰਦਗੀ ਦੀ ਬਹੁਤ ਹੀ ਵੱਡੀ ਕਮਾਈ ਕਰ ਲਈ।

ਦੇਖਣਾ ਅਪਣੀ ਨਜ਼ਰ ਥੀਂ ਵਰਤਣਾ ਅਪਣਾ ਦਿਮਾਗ਼,
ਇਹ ਸਹੀ ਪੂਜਾ ਹੈ ਬਾਕੀ ਜੋ ਵੀ ਕੁਝ ਹੈ ਡਰ ਲਈ।

ਜ਼ਿੰਦਗੀ ਜੀਵਨ ਹੈ ਜੀਉਣਾ ਦੂਜਿਆਂ ਦੇ ਵਾਸਤੇ,
ਉਹ ਕੋਈ ਜੀਉਣਾ ਨਹੀਂ ਜੀਉਣਾ ਹੈ ਜਿਹੜਾ ਘਰ ਲਈ।

ਹੋਰ ਕੁਛ ਤਰਨੇ ਲਈ ਬਚਿਆ ਨਹੀਂ ਹੈ 'ਰਕਸ਼ਪਾਲ',
ਜ਼ਿੰਦਗੀ ਦੀ ਹਰ ਨਦੀ ਅਪਣੀ ਹੀ ਬਾਹੀਂ ਤਰ ਲਈ।



## ਸੋਹਨ ਲਾਲ 'ਦਰਦੀ'

ਘੁੰਗਟ ਵਿਚ ਲੁਕਾਇਆ ਮੂੰਹ।
ਸਾਥੋਂ ਕਿਉਂ ਛੁਪਾਇਆ ਮੂੰਹ।

ਜਦ ਸੀ ਰਾਤ ਮੁਸੀਬਤ ਦੀ,
ਸਾਨੂੰ ਕਿਸੇ ਨਾ ਲਾਇਆ ਮੂੰਹ ?

ਔਗੁਣ ਭਾਲ਼ੇਂ ਲੋਕਾਂ ਦੇ,
ਅਪਣਾ ਕਿਉਂ ਭੁਲਾਇਆ ਮੂੰਹ ?

ਕਲ੍ਹ ਜੋ ਸ਼ਾਨਾਂ ਵਾਲੇ ਸਨ,
ਉਹਨਾਂ ਅੱਜ ਲਟਕਾਇਆ ਮੂੰਹ।

ਪੈਸੇ ਵਾਲੇ ਬੰਦੇ ਨੂੰ,
ਨਹੀਂ ਕਿਸੇ ਦਾ ਭਾਇਆ ਮੂੰਹ ?

'ਦਰਦੀ' ਕੋਰੇ ਬੰਦੇ ਨੂੰ,
ਵੇਖ ਕਿਸੇ ਨਾ ਲਾਇਆ ਮੂੰਹ।

## 2

ਜੁਆਨੋ! ਜੁਆਨੀ ਸੁਆਰੋ! ਜ਼ਰਾ।
ਨਵੀਂ ਕੌਮ ਫਿਰ ਤੋਂ ਉਸਾਰੋ! ਜ਼ਰਾ।

ਮਿਲ਼ੀ ਹੈ ਅਜ਼ਾਦੀ ਬੜੀ ਕੀਮਤੀ,
ਨਾ ਹੱਥੋਂ ਗੁਆਓ! ਪਿਆਰੋ! ਜ਼ਰਾ।

ਮਿਲੇ ਮਾਣ ਹਰ ਥਾਂ ਮੇਰੇ ਦੇਸ਼ ਨੂੰ,
ਸੁਆਰੋ! ਪਿਆਰੋ! ਉਸਾਰੋ! ਜ਼ਰਾ।

ਕਿਵੇਂ ਲੋਕ ਜਾਂਦੇ ਪਿਆਸੇ ਮੁੜੇ,
ਵਧੋ ਆਪ ਅੰਮ੍ਰਿਤ ਦੇ ਧਾਰੋ! ਜ਼ਰਾ।

ਸ਼ਰਾਰਤ ਬੁਰੀ ਧਰਮ ਦੇ ਨਾਮ 'ਤੇ,
ਮੇਰੇ ਯਾਰ ਮਿਲ਼ ਕੇ ਵਿਚਾਰੋ! ਜ਼ਰਾ।

ਸ਼ੁਕਰ ਕਰ ਨਿਸ਼ੁਕਰੇ ਖ਼ੁਦਾ ਦਾ ਸਦਾ,
ਕਿ ਹਰ ਹਾਲ ਅੰਦਰ ਪੁਕਾਰੋ! ਜ਼ਰਾ।

ਨਿਰਾ ਝੂਠ ਚੱਲੇ ਅਦਾਲਤ 'ਚ ਕਿਉਂ?
ਜ਼ਰਾ ਆਪ ਮਿਲ ਕੇ ਵਿਚਾਰੋ! ਜ਼ਰਾ।



## 3

ਏਥੇ ਕਰਦੇ ਪਿਆਰ ਬੜੇ ਨੇ।
ਇਸ਼ਕੇ ਵਿਚ ਹੁਸ਼ਿਆਰ ਬੜੇ ਨੇ।

ਮੇਰੇ ਗ਼ਮ ਵਿਚ ਵਾਧਾ ਕਰਦੇ,
ਵੇਖਣ ਨੂੰ ਗ਼ਮਖ਼ਾਰ ਬੜੇ ਨੇ।

ਦੁੱਖਾਂ ਭਰਿਆ ਸਾਡਾ ਜੀਵਨ,
ਉਂਜ ਏਥੇ ਜ਼ਰਦਾਰ ਬੜੇ ਨੇ।

ਸਾਧਾਂ ਨੂੰ ਨਾ ਟੁੱਕੜ ਲੱਭੇ,
ਆਸ਼ਿਕ ਖਾਂਦੇ ਮਾਰ ਬੜੇ ਨੇ।

ਚਤੁਰ ਸਿਆਸਤਦਾਨ ਅਸਾਡੇ,
ਚਤੁਰਾਂ ਦੇ ਸਰਦਾਰ ਬੜੇ ਨੇ।

ਰਲ਼-ਮਿਲ਼ ਬੇੜੀ ਡੋਬਣ ਲੱਗੇ,
ਦੇਸ਼ ਦੇ ਠੇਕੇਦਾਰ ਬੜੇ ਨੇ।

'ਦਰਦੀ' ਸਭ 'ਤੇ ਸ਼ੱਕ ਨਾ ਕਰਨ,
ਬੰਦੇ ਬੇ-ਇਤਬਾਰ ਬੜੇ ਨੇ।

## 4

ਤੇਰੇ ਨਾਲ ਮਿਲਾਇਆ ਹੱਥ,
ਤੇਰਾ ਮੋੜ ਲਿਆਇਆ ਹੱਥ।

ਮੰਜ਼ਿਲ ਆਈ ਕਦਮਾਂ ਵਿਚ,
ਅਪਣਾ ਆਪ ਵਧਾਇਆ ਹੱਥ।

ਵੇਲਾ ਹੱਥੋਂ ਜਾਂਦਾ ਹੈ,
ਜੇ ਮੁੜ ਕੇ ਨਾ ਆਇਆ ਹੱਥ।

ਕਿਉਂ ਕਿਸਮਤ ਨੂੰ ਰੋਨਾਂ ਏ ?
ਕੰਮ ਵਲੋਂ ਉਕਤਾਇਆ ਹੱਥ।

ਮੁਲ ਦੇ ਟਿਕਟ ਖ਼ਰੀਦੇ ਸਨ,
ਪੈਸਾ ਇਕ ਨਾ ਆਇਆ ਹੱਥ।

'ਦਰਦੀ' ਸੋਚ ਸੁਚੱਜੀ ਨੇ,
ਹਰ ਪਾਸੇ ਵਡਿਆਇਆ ਹੱਥ।



## 5

ਜਿਸ ਨੇ ਤੇਰੀ ਪਾਈ ਗੱਲ।
ਉਸ ਨੇ ਯਾਰ ! ਛੁਪਾਈ ਗੱਲ।

ਕੌਣ ਕਿਸੇ ਦੀ ਸੁਣਦਾ ਹੈ ?
ਆਪੋ-ਅਪਣੀ ਭਾਈ ਗੱਲ।

ਬੰਦਾ ਦਾਰੂ ਬੰਦੇ ਦਾ,
ਬਣਦੀ ਲੱਖ ਦੁਆਈ ਗੱਲ ।

ਗੱਲੀਂ-ਬਾਤੀਂ ਗਲ਼ ਪੈਣਾ,
ਤੈਨੂੰ ਕਿਨ੍ਹੇ ਸਿਖਾਈ ਗੱਲ ?

ਜੋ ਵੇਲਾ ਹੀ ਬੀਤ ਗਿਆ,
ਉਸ ਦੀ ਕਿਉਂ ਚਲਾਈ ਗੱਲ ?

ਅਮਨਾਂ ਦੀ ਗੱਲ ਚੰਗੀ ਹੈ,
'ਦਰਦੀ' ਆਖ ਸੁਣਾਈ ਗੱਲ।

## ਕੁਲਤਾਰ

ਸੱਧਰਾਂ ਜੁਆਨ ਰੱਖ ਕੇ, ਅਪਣਾ ਖ਼ਿਆਲ ਰੱਖੀਂ।
ਨੈਣਾਂ ਦੀ ਸਿੱਪ 'ਚ ਤਰਦੇ, ਸੁਪਨੇ ਸੰਭਾਲ ਰੱਖੀਂ।

ਸ਼ਾਹਾਂ ਦਾ ਖ਼ੂਨ ਭਾਵੇਂ, ਕਿਤਨਾ ਸਫ਼ੈਦ ਹੋਇਐ,
ਅਪਣੇ ਲਹੂ ਦਾ ਕਣ-ਕਣ, ਤੂੰ ਸੁਰਖ਼ ਲਾਲ ਰੱਖੀਂ।

ਭੁਖ-ਨੰਗ 'ਤੇ ਬੇਕਾਰੀ, ਇਹੋ ਹੀ ਹੈ ਆਜ਼ਾਦੀ,
ਤੂੰ ਹਾਕਮਾਂ ਦੇ ਸਾਹਵੇਂ, ਇਹੋ ਸੁਆਲ ਰੱਖੀਂ।

ਨਾ ਗੁੰਮ ਜਾਣ ਕਿਧਰੇ, ਸੁਪਨੇ ਹਨੇਰਿਆਂ ਵਿਚ,
ਤੂੰ ਚੇਤਨਾ ਦੀ ਦਿਲ ਵਿਚ, ਬਲਦੀ ਮਸ਼ਾਲ ਰੱਖੀਂ।

ਸ਼ਕਤੀ ਦੇ ਨੇ ਸਮੁੰਦਰ, ਤਕਦੀਰ ਦੇ ਵਿਧਾਤਾ,
ਧੜਕਣ ਤੂੰ ਅਪਣੀ ਸਾਂਝੀ, ਕਿਰਤੀ ਦੇ ਨਾਲ ਰੱਖੀਂ।

ਪਰਚਮ ਬੁਲੰਦ ਕਰਕੇ, ਇਕ ਮੋੜ 'ਤੇ ਮਿਲਾਂਗੇ,
ਓਦੋਂ ਤੂੰ ਅਪਣੇ ਹੱਥ ਵਿਚ, ਸੂਹਾ ਰੁਮਾਲ ਰੱਖੀਂ।

ਸਮਿਆਂ ਦੀ ਮੰਗ ਹੈ ਅਜ, ਲੋਕਾਂ ਦੇ ਦਰਦ ਲਿੱਖੀਂ,
'ਕੁਲਤਾਰ' ਕਲ੍ਹ ਲਈ ਵੀ, ਜਜ਼ਬਾਤ ਪਾਲ ਰੱਖੀਂ।



### 2

ਹਮਦਰਦੀ ਨਹੀਂ ਹਮਦਰਦੀ ਦਾ ਨਾਟਕ ਹੈ?
ਯਾਰਾ! ਤੈਨੂੰ ਤੇਰੀ ਸੋਚ ਮੁਬਾਰਕ ਹੈ!

ਪੱਥਰ ਦੀ ਮੂਰਤ ਹੈ ਇਸ ਨੂੰ ਮੈਂ ਘੜਿਐ,
ਕੀ ਕਹਿੰਦੇ ਹੋ! ਕੀ ਇਹ ਜਗ ਦਾ ਮਾਲਕ ਹੈ?

ਮੈਥੋਂ ਪੁੱਛਦੇ ਹੋ ਮੈਂ ਗ਼ਜ਼ਲਾਂ ਕਿਉਂ ਲਿਖਦਾਂ?
ਮੇਰੇ ਲਈ ਇਹ ਮੇਰੇ ਰੂਹ ਦੀ ਟਾਨਿਕ ਹੈ।

ਜਿਸ ਦਾ ਘੇਰਾ ਅਪਣੇ ਤਕ ਹੀ ਹੈ ਸੀਮਿਤ,
ਸਾਗਰ ਦਾ ਨਹੀਂ ਉਹ ਤਾਂ ਖੂਹ ਦਾ ਮੇਂਢਕ ਹੈ।

ਮਿਟ ਕੇ ਵੀ ਮੈਂ ਲਾਟ ਬੁਝਾਉਣੀ ਦੀਵੇ ਦੀ,
ਉਫ਼ ਸੋਚੋ! ਇਹ ਨਿਰਣਾ ਕਿਤਨਾ ਘਾਤਕ ਹੈ।

ਸ਼ਾਲਾ! ਕਦੇ ਤਾਂ ਖ਼ੁਸ਼ਖ਼ਬਰੀ ਦੀ ਖ਼ਬਰ ਮਿਲੇ,
ਸੁਰਖ਼ੀ ਛਾਪਾਂ ਸੋਚਾਂ ਵਿਚ ਸੰਪਾਦਕ ਹੈ।

ਸ਼ਾਮਾਂ ਵੇਲੇ ਆ ਕੁਝ ਚੇਤਨ ਕਿਰਨਾਂ ਨੇ,
ਵੇਖੋ! ਬੂਹੇ ਆਣ ਲਗਾਈ ਦਸਤਕ ਹੈ।

ਸਿਰਜਣਗੇ ਇਤਿਹਾਸ ਅਸਾਡੇ ਵਾਰਸ ਵੀ,
ਇਹ ਨਾ ਸਮਝੋ ਇਹ ਯੁਧ ਹੀ ਨਿਰਨਾਇਕ ਹੈ।

ਸੁਹਜ ਨਹੀਂ ਜਦ ਤੈਨੂੰ ਗ਼ਜ਼ਲਾਂ ਆਖਣ ਦੀ,
ਕਿਉਂ 'ਕੁਲਤਾਰ' ਲਗਾਈ ਐਵੇਂ ਬਕ-ਬਕ ਹੈ।

### 3

ਤੜਫੜਾਉਂਦੇ ਰਹੇ ਪਰਿੰਦੇ, ਆਹਲਣਾ ਜਲਦਾ ਰਿਹਾ।
ਜ਼ਿੰਦਗੀ ਦਾ ਇਸ ਤਰ੍ਹਾਂ ਕੁਝ, ਸਿਲਸਿਲਾ ਚਲਦਾ ਰਿਹਾ।

ਝੁਲਸਿਆ ਪਿੰਡਾ ਹਵਾ ਦਾ, ਫੁੱਲ-ਫਲ ਮੁਰਝਾ ਗਏ,
ਕਰ ਨਾ ਸਕਿਆ ਕੁਝ ਵੀ ਮੌਸਮ, ਹੱਥ ਹੀ ਮਲਦਾ ਰਿਹਾ।

ਸਹਿਮ ਦੇ ਸਾਏ ਅਤੇ ਇਸ ਮੌਤ ਵਰਗੀ ਚੁੱਪ ਵਿਚ,
ਗੋਲ਼ੀਆਂ ਦਾ ਸ਼ੋਰ ਵਾਤਾਵਰਣ ਨੂੰ ਸਲ੍ਹਦਾ ਰਿਹਾ।

ਤੜਪਦੇ ਨੂੰ ਵੇਖ ਕੇ ਮੂੰਹ ਮੋੜ ਕੋਲੋਂ ਲੰਘ ਗਿਆ,
ਰੇਡੀਓ 'ਤੇ ਰੋਜ਼ ਜੋ ਹਮਦਰਦੀਆਂ ਘਲਦਾ ਰਿਹਾ।

ਰੌਸ਼ਨੀ ਦੇ ਕੇ ਸਦਾ ਹੀ ਰਾਹ ਵਿਖਾਇਆ ਓਸ ਨੇ,
ਹਿੱਕ 'ਚ ਸੂਰਜ ਦੀ ਤਰ੍ਹਾਂ ਜੋ ਤਪਸ਼ ਨੂੰ ਝਲਦਾ ਰਿਹਾ।

ਸਿਰਜਣਾ ਕੀਤੀ ਹਮੇਸ਼ਾ ਸੱਚ ਦੀ ਨਵਯੁੱਗ ਨੇ,
ਕੂੜ੍ਹ ਲੱਖਾਂ ਵਾਰ ਭਾਵੇਂ ਸੱਚ ਨੂੰ ਛਲਦਾ ਰਿਹਾ।

ਜੀਣਗੇ 'ਕੁਲਤਾਰ' ਅਪਣੇ ਹੀ ਭਰੋਸੇ ਜੀਣਗੇ,
ਲੋਕਤਾ ਨੂੰ ਜੇ ਗ਼ਜ਼ਲ 'ਚੋਂ ਹੌਸਲਾ ਮਿਲਦਾ ਰਿਹਾ।



### 4

ਸੋਚ ਚਿੰਤਾ ਫ਼ਿਕਰ ਦੇ, ਝੱਖੜ ਹਨੇਰੀ ਗਹਿਰ ਵਿਚ।
ਢਲ ਗਿਆ ਜੀਵਨ ਮੇਰਾ, ਪਹਿਲੇ ਤੋਂ ਤੀਜੇ ਪਹਿਰ ਵਿਚ।

ਨਾ ਚਲੇ ਜਦ ਤੱਕ ਨਿੱਘੇ, ਸ਼ਾਂਤ ਬੁਲ੍ਹੇ ਪਿਆਰ ਦੇ,
ਛਾਈ ਰਹਿਣੀ ਨਫ਼ਰਤਾਂ ਦੀ ਧੁੰਦ ਮੇਰੇ ਸ਼ਹਿਰ ਵਿਚ।

ਖ਼ੂਬ ਮਿਲਿਆ ਸੀ ਅਸਾਂ ਨੂੰ ਸੱਚ ਬੋਲਣ ਦਾ ਸਿਲਾ,
ਕਸਰ ਨਾ ਛੱਡੀ ਰਤਾ ਵੀ ਹਾਕਮਾਂ ਨੇ ਕਹਿਰ ਵਿਚ।

ਸ਼ਾਇਦ ਅੰਦਰੋਂ ਜ਼ਹਿਰ ਤੋਂ ਵੀ ਵੱਧ ਜ਼ਹਿਰੀ ਹੋ ਗਿਆਂ,
ਜਾਂ ਮਿਲਾਵਟ ਹੈ ਬਜ਼ਾਰੋਂ ਕਲ੍ਹ ਲਿਆਂਦੀ ਜ਼ਹਿਰ ਵਿਚ।

ਨ੍ਹੇਰਿਆਂ ਵਿਚ ਰਾਹ ਵਿਖਾਉਂਦੀ ਤਾਰਿਆਂ ਦੀ ਰੌਸ਼ਨੀ,
ਨ੍ਹੇਰਿਆਂ ਦਾ ਕੰਮ ਭਲਾ ਕੀ ਸੂਰਜਾਂ ਦੇ ਸ਼ਹਿਰ ਵਿਚ।

ਇਨਕਲਾਬਾਂ ਵਾਸਤੇ ਚੰਦ ਸੂਰਮੇ ਕਾਫ਼ੀ ਨਹੀਂ,
ਲੋਕ-ਰੋਹ ਨੂੰ ਰਲ਼ ਕੇ ਆਪਾਂ, ਬਦਲਣਾ ਹੈ ਲਹਿਰ ਵਿਚ।

ਲਿਖ ਦਿਓ 'ਕੁਲਤਾਰ' ਨੂੰ ਹੁਣ ਦਾਜ ਦਾ ਨਾ ਫ਼ਿਕਰ ਕਰ,
ਲਾਡਲੀ ਧੀ ਓਸ ਦੀ ਕਲ੍ਹ ਡੁੱਬ ਮਰੀ ਏ ਨਹਿਰ ਵਿਚ।

ਕਿਉਂ ਗ਼ਜ਼ਲ ਲਿਖਦੇ ਹੋ ਰਾਤਾਂ ਜਾਗ ਕੇ 'ਕੁਲਤਾਰ ਜੀ',
ਜਦ ਗ਼ਜ਼ਲ ਲਿਖਣੀ ਨਹੀਂ ਆਉਂਦੀ ਤੁਹਾਨੂੰ ਬਹਿਰ ਵਿਚ।

## 5

ਆਉਂਦੀ ਏ ਪੋਲੇ-ਪੋਲੇ, ਮੇਰੀ ਹੁਸੀਨ ਕਵਿਤਾ।
ਹਰ ਇਕ ਦਾ ਦਿਲ ਟਟੋਲੇ, ਮੇਰੀ ਹੁਸੀਨ ਕਵਿਤਾ।

ਪਾ ਕੇ ਪੰਜੇਬ ਛਮ-ਛਮ, ਤੁਰਦੀ ਮਟਕ-ਮਟਕ ਕੇ,
ਕੰਨਾਂ 'ਚ ਸ਼ਹਿਦ ਘੋਲੇ, ਮੇਰੀ ਹੁਸੀਨ ਕਵਿਤਾ।

ਰਾਹਾਂ 'ਚੋਂ ਚੁਗ ਕੇ ਸੂਲ਼ਾਂ, ਕਲੀਆਂ ਵਿਛਾਈ ਜਾਵੇ,
ਮਹਿਕੇ ਕਪਾਟ ਖੋਲ੍ਹੇ, ਮੇਰੀ ਹੁਸੀਨ ਕਵਿਤਾ।

ਨਿਰਛੱਲ ਮਨ ਹੈ ਇਸ ਦਾ, ਸਾਦਾ ਮਾਸੂਮ ਚਿਹਰਾ,
ਇਦ੍ਹੇ ਨੈਣ ਭੋਲੇ-ਭੋਲੇ, ਮੇਰੀ ਹੁਸੀਨ ਕਵਿਤਾ।

ਕੀ ਹੈ ਮਜਾਲ ਕੋਈ ਇਸ ਨਾਜ਼ਨੀਨ ਸਾਹਵੇਂ,
ਨਾ ਦਿਲ ਦਾ ਭੇਦ ਖੋਲ੍ਹੇ ਮੇਰੀ ਹੁਸੀਨ ਕਵਿਤਾ।

ਅਬਲਾ ਲਈ ਹਮੇਸ਼ਾਂ ਧਰਵਾਸ ਬਣ ਕੇ ਆਵੇ,
ਦੁਖੀਆਂ ਦੇ ਦਰਦ ਫੋਲੇ, ਮੇਰੀ ਹੁਸੀਨ ਕਵਿਤਾ।

ਕੋਈ ਚਰਖੜੀ 'ਤੇ ਚਾੜ੍ਹੇ, ਦੇਗਾਂ 'ਚ ਵੀ ਉਬਾਲ਼ੇ,
ਸੱਚ ਬੋਲਣੋਂ ਨਾ ਡੋਲੇ, ਮੇਰੀ ਹੁਸੀਨ ਕਵਿਤਾ।

ਵਤਨਾਂ 'ਤੇ ਭੀੜ ਜਦ ਵੀ ਆਈ ਤਾਂ ਰੋਹ 'ਚ ਆਵੇ,
ਅਮਨਾਂ 'ਚ ਗਾਉਂਦੀ ਢੋਲੇ, ਮੇਰੀ ਹੁਸੀਨ ਕਵਿਤਾ।

ਜਾਬਰ ਦਾ ਜਬਰ ਤਕ ਕੇ, ਤਾਂਡਵ ਦਾ ਨਾਚ ਨੱਚੇ,
ਨੇਤਰ ਇਹ ਤੀਜਾ ਖੋਲ੍ਹੇ, ਮੇਰੀ ਹੁਸੀਨ ਕਵਿਤਾ।

ਵੰਡੇ ਪਿਆਰ ਸਭ ਨੂੰ, 'ਕੁਲਤਾਰ' ਇਹ ਹਮੇਸ਼ਾਂ,
ਅਪਣੇ 'ਚ ਦੁੱਖ ਸਮੋਅ ਲਏ, ਮੇਰੀ ਹੁਸੀਨ ਕਵਿਤਾ।



## ਜਗਜੀਤ ਸਿੰਘ ਕੋਮਲ

ਕਿਓਂ ਪਤੰਗਾ ਲਾਟ ਉੱਤੇ ਸੜ੍ਹ ਗਿਆ।
ਨਾ ਸ਼ਮ੍ਹਾ ਨਾ ਹੀ ਪਤੰਗੇ ਦੱਸਿਆ।

ਅੱਖੀਆਂ ਤੱਕਿਆ ਕੀ ਦਿਲ ਮਹਿਸੂਸਿਆ।
ਜਿਸਮ ਪਰ ਥੱਰ੍ਹਾ ਗਿਆ ਲਰਜ਼ਾ ਗਿਆ।

ਰੋਗ ਕੀ ਹੈ ਜਾਣ ਨਾ ਸਕਿਆ ਕੋਈ,
ਰੋਗ ਹੈ ਕੋਈ ਹੋਰ ਇਕ ਮਹਿਸੂਸਿਆ।

ਫੁੱਲ ਨੂੰ ਤੱਕਿਆ ਸਿਰਫ਼ ਇਕੋ ਵਾਰ ਹੀ,
ਪਰ ਨਜ਼ਰ ਵਿਚ, ਹੁਣ ਵੀ ਓਹ ਫੁਲ ਹੱਸ ਰਿਹਾ।

ਆਇਆ ਜਾ ਪਰਵਾਨਿਆਂ ਦਾ ਵਾਰ-ਫੇਰ,
ਮੋਮਬੱਤੀ ਦਾ ਜਿਸਮ ਇੰਜ ਪਿਘਲਿਆ।

ਇਹ ਤਾਂ ਮੇਰੇ ਦਿਲ ਦੀ ਹੀ ਆਵਾਜ਼ ਸੀ,
ਮੈਂ ਸਮਝ ਲੀਤਾ ਤੇਰਾ ਦਿਲ ਧੜਕਿਆ।

ਮਚਲਿਆਂ ਖ਼ਾਤਰ ਗੁਆਓਨਾ ਏਂ ਸਮਾਂ,
ਜਾਗਦੇ ਨੂੰ ਜਾਗ ਲਾਓ ਜਾਗ ਦਾ।

ਜੇਰਿਆਂ ਵਿਚ ਛੇਕ ਲੱਖਾਂ ਪਾ ਗਿਆ,
ਟਿਮਟਿਮਾਉਂਦੇ ਜੁਗਨੂੰਆਂ ਦਾ ਹੌਸਲਾ।

ਕੱਲਿਆਂ, ਤੁਰਨਾ ਪਵੇ ਤਾਂ, ਤਾਂ ਵੀ ਤੁਰ,
'ਕੋਮਲਾ' ਤੁਰਿਆਂ ਹੀ ਬਣਦਾ ਕਾਫ਼ਲਾ।

## ਸੁਖਦੇਵ ਕੌਰ 'ਚਮਕ'

ਗੁਜ਼ਰੇ ਪਲਾਂ ਦੀ ਯਾਦ ਨੇ, ਮੈਨੂੰ ਰੁਲਾਇਆ ਹੋਰ ਵੀ।
ਸੜ ਗਿਆ ਹੈ ਦਿਲ ਮਿਰਾ, ਉਸ ਲਾਂਬੂ ਲਾਇਆ ਹੋਰ ਵੀ।

ਮੈਂ ਵਫ਼ਾ ਜਿਸ ਨਾਲ ਕੀਤੀ, ਨਿਕਲਿਆ ਉਹ ਬੇਵਫ਼ਾ,
ਗ਼ੈਰ ਹੱਥੀਂ ਚੜ੍ਹ ਕੇ ਉਸ ਨੇ, ਦਿਲ ਦੁਖਾਇਆ ਹੋਰ ਵੀ।

ਉਂਜ ਤਾਂ ਸੀ ਮਹਿਰਮ ਮਿਰਾ, ਪਰ ਪੀੜ ਨਾ ਜਾਣੀ ਮਿਰੀ,
ਲੰਘ ਗਏ ਉਹ ਮੁਸਕਰਾ ਕੇ, ਕਹਿਰ ਢਾਇਆ ਹੋਰ ਵੀ।

ਪਿਆਰ ਦਾ ਮੌਸਮ ਗਵਾਚਾ, ਉੱਡ ਗਈ ਕਿਧਰੇ ਵਫ਼ਾ,
ਬੁਝ ਗਿਆ ਆਸਾਂ ਦਾ ਦੀਪਕ, ਨ੍ਹੇਰ ਪਾਇਆ ਹੋਰ ਵੀ।

ਹਾਲ ਸਾਡਾ ਪੁੱਛਦੇ, ਰਹਿ ਗਏ ਦਰ 'ਤੇ ਖੜ੍ਹੇ,
ਚਮਕਦੇ ਆਕਾਸ਼ 'ਤੇ, ਬੱਦਲ ਸੀ ਛਾਇਆ ਹੋਰ ਵੀ।



### 2

ਰੀਝਾਂ ਵੀ ਨਵੀਆਂ ਨੇ, ਮੇਰੇ ਸੁਪਨੇ ਨਵੇਂ-ਨਵੇਂ।
ਇਸ ਸੌਣ ਮਹੀਨੇ ਵਿਚ, ਸਭ ਲੱਗਦੇ ਨਵੇਂ-ਨਵੇਂ।

ਮੈਂ ਪ੍ਰੇਮ ਵਿਹੂਣੀ ਹਾਂ, ਮਾਹੀ ਨੂੰ ਲੱਭਦੀ ਹਾਂ,
ਇਸ ਤੜਪ ਮੇਰੀ ਦੇ ਨੇ, ਕੁਝ ਰਸਤੇ ਨਵੇਂ-ਨਵੇਂ।

ਮੈਂ ਤੜਪ ਰਹੀ ਏਦਾਂ, ਜਿਉਂ ਪਾਣੀ ਬਿਨ ਮਛਲੀ,
ਮੇਰੇ ਦਿਲ ਦੀ ਹਾਲਤ ਦੇ, ਹਨ ਜਲਵੇ ਨਵੇਂ-ਨਵੇਂ।

ਇਕ ਸਵਾਂਤੀ ਬੂੰਦ ਲਈ, ਜਿਉਂ ਚਾਤ੍ਰਿ ਤੜਪ ਰਿਹੈ,
ਮੈਂ ਸੱਜਣ ਲੱਭਦੀ ਹਾਂ, ਲੈ ਜਜ਼ਬੇ ਨਵੇਂ-ਨਵੇਂ।

ਉਹ ਘਰ ਤੋਂ ਤੁਰਿਆ ਸੀ, ਕੁਝ ਵਫ਼ਾ ਦਿਖੌਣ ਲਈ,
ਪਰ ਰਸਤਾ ਭੁੱਲ ਗਿਆ, ਤੱਕ ਸੁਫ਼ਨੇ ਨਵੇਂ-ਨਵੇਂ।

ਦਾਤੇ ਦੀ ਹੋਈ ਰਹਿਮਤ, ਸਾਥੀ ਨੂੰ ਵਫ਼ਾ ਬਖ਼ਸ਼ੀ,
ਉਹ ਖ਼ੁਸ਼ੀਆਂ ਲੈ ਆਇਆ, ਗਾ ਨਗ਼ਮੇ ਨਵੇਂ-ਨਵੇਂ।

ਅੰਬਰ ਵੀ 'ਚਮਕ' ਉੱਠਿਆ, ਸਾਵਨ ਨੇ ਝੜੀ ਲਾਈ,
ਮਨ ਮੇਰਾ ਪਰਚ ਗਿਆ, ਪਾ ਕੱਪੜੇ ਨਵੇਂ-ਨਵੇਂ।

## ਸੁਰਿੰਦਰ ਗਿੱਲ

ਲੰਮਾ ਜੇਰਾ ਕਰਕੇ ਤੈਨੂੰ ਫੇਰ ਬੁਲਾਵਣ ਲੱਗਿਆਂ।
ਭਖਦੇ ਹੋਏ ਅੰਗਿਆਰ ਨੂੰ ਮੈਂ ਹੱਥ ਪਾਵਣ ਲੱਗਿਆਂ।

ਘੁੱਟ ਕੇ ਸੀਨੇ 'ਚ ਦਰਦਾਂ ਦੀ ਕਹਾਣੀ ਦੋਸਤਾ!
ਫੇਰ ਕੋਮਲ-ਪ੍ਰੀਤ-ਭਿੰਨੇ ਗੀਤ ਗਾਵਣ ਲੱਗਿਆਂ।

ਫੇਰ ਮਾਨਣ ਦੇ ਲਈ ਲੱਖਾਂ ਬਹਾਰਾਂ ਦਾ ਨਸ਼ਾ,
ਸਰਘੀਆਂ ਤੋਂ ਨੇਰ੍ਹਿਆਂ ਦੇ ਘੁੰਡ ਚਾਵਣ ਲੱਗਿਆਂ।

ਪ੍ਰੀਤ ਸਾਂਝੀ, ਗੀਤ ਸਾਂਝੇ, ਸਾਂਝੀਆਂ ਨੇ ਧੜਕਣਾਂ,
ਇਕ ਵਾਰੀ ਜ਼ਿੰਦਗੀ ਦੀ ਸਾਂਝ ਪਾਵਣ ਲੱਗਿਆਂ।

ਇਸ਼ਕ ਸਾਡੇ 'ਤੇ ਸਮਾਜੀ-ਧਾੜ ਛਾਈ ਹੀ ਰਹੀ,
ਅੱਜ ਮੈਂ ਇਸ ਧਾੜ ਉੱਤੇ ਆਪ ਛਾਵਣ ਲੱਗਿਆਂ।



## ਆਦਰਸ਼ ਕੁਮਾਰ 'ਦਰਸ਼ੀ'

ਨਾ ਮਜਬੂਰ ਕਰਨਾ ਨਾ ਮਜਬੂਰ ਹੋਣਾ।
ਕਦੋਂ ਆਦਮੀ ਦਾ ਇਹ ਦਸਤੂਰ ਹੋਣਾ?

ਨਾ ਮਜਬੂਰ ਹੋਣਾ ਨਾ ਮਾਜ਼ੂਰ ਹੋਣਾ।
ਫ਼ਕਤ ਜਾਣਦੈ ਹੁਸਨ ਮਗ਼ਰੂਰ ਹੋਣਾ।

ਕੋਈ ਗੁੰਮਸ਼ੁਦਾ ਜ਼ਿੰਦਗੀ ਜੀਅ ਕੇ ਖ਼ੁਸ਼ ਹੈ,
ਕੋਈ ਸ਼ਖ਼ਸ ਚਾਹੁੰਦਾ ਹੈ ਮਸ਼ਹੂਰ ਹੋਣਾ।

ਮੇਰੀ ਜ਼ਿੰਦਗੀ ਮੌਤ ਦੀ ਕਸ਼ਮਕਸ਼ ਏ,
ਤੇਰਾ ਕੋਲ ਆਉਣਾ ਤੇਰਾ ਦੂਰ ਹੋਣਾ।

ਜ਼ਮਾਨੇ ਨੇ ਕਰਵਟ ਬਦਲਣੀ ਹੈ ਆਖ਼ਿਰ,
ਕਦੋਂ ਤੱਕ ਕਿਸੇ ਨੇ ਹੈ ਮਜਬੂਰ ਹੋਣਾ।

ਕਰੋ ਲੱਖ ਕੋਸ਼ਿਸ਼ ਨਹੀਂ ਹੋਣ ਵਾਲਾ,
ਨਹੀਂ ਹੈ ਜੋ ਕੁਦਰਤ ਨੂੰ ਮਨਜ਼ੂਰ ਹੋਣਾ।

ਕਿਹਦੀ ਆਸ ਵਿਚ ਹੱਕ ਦੀ ਆਵਾਜ਼ ਚੁੱਪ ਹੈ,
ਨਾ ਤਬਰੇਜ਼ ਆਉਣਾ ਨਾ ਮਨਸੂਰ ਹੋਣਾ।

ਖ਼ੁਦਾ-ਨਾਖ਼ੁਦਾ ਤੈਥੋਂ ਦੋਵੇਂ ਖ਼ਫ਼ਾ ਨੇ,
ਕਿਵੇਂ ਪਾਰ 'ਦਰਸ਼ੀ' ਤੇਰਾ ਪੂਰ ਹੋਣਾ।

## 2

ਆਪਸ ਚ ਇਸ ਤਰ੍ਹਾਂ ਦਾ ਆਪਾਂ ਵਿਹਾਰ ਕਰੀਏ।
ਨਾ ਬੇਕਰਾਰ ਹੋਈਏ ਨਾ ਬੇਕਰਾਰ ਕਰੀਏ।

ਫ਼ਿਤਰਤ ਨਹੀਂ ਬਦਲਦੀ ਕਿੰਨਾ ਵੀ ਪਿਆਰ ਕਰੀਏ।
ਗ਼ੈਰਾਂ ਦੇ ਨਾਲ ਉਲਫ਼ਤ ਭਾਵੇਂ ਹਜ਼ਾਰ ਕਰੀਏ।

ਕੀ ਹੁਸਨ ਵਾਲਿਆਂ ਦਾ ਕੋਈ ਕਰੇ ਭਰੋਸਾ?
ਬੇ-ਐਤਬਾਰਿਆਂ ਦਾ ਕੀ ਐਤਬਾਰ ਕਰੀਏ?

ਜਿਸਨੇ ਨਹੀਂ ਗੁਆਉਣਾ ਉਸਨੇ ਭਲਾ ਕੀ ਪਾਉਣਾ?
ਪਹਿਲੋਂ ਸ਼ਿਕਾਰ ਹੋਈਏ ਪਿੱਛੋਂ ਸ਼ਿਕਾਰ ਕਰੀਏ।

ਕਰੀਏ ਨਾ ਭੇਦ-ਭਾਓ ਮਿਟ ਜਾਣ ਸਭ ਤਨਾਓ,
ਟਕਰਾਓ ਵਾਲਾ ਰਸਤਾ ਨਾ ਅਖ਼ਤਿਆਰ ਕਰੀਏ।

ਸਾਡੀ ਵਿਚਾਰਧਾਰਾ ਕੀ ਗੁਲ ਖਿਲਾ ਰਹੀ ਹੈ,
ਕਿੱਧਰ ਨੂੰ ਜਾ ਰਹੀ ਹੈ ਇਸ 'ਤੇ ਵਿਚਾਰ ਕਰੀਏ।

ਤਲਕੀਨ ਕਰ ਰਹੇ ਨੇ ਇਕ ਦੂਸਰੇ ਨੂੰ ਸਾਰੇ,
ਕੋਈ ਨਹੀਂ ਇਹ ਕਹਿੰਦਾ ਅਪਣਾ ਸੁਧਾਰ ਕਰੀਏ।

ਉਸਨੇ ਨਹੀਂ ਹੈ ਆਉਣਾ ਇਹ ਜਾਣਦੇ ਹੋਇਆਂ ਵੀ,
'ਦਰਸ਼ੀ' ਅਸੀਂ ਕਿਸੇ ਦਾ ਕਿਉਂ ਇੰਤਜ਼ਾਰ ਕਰੀਏ।



# ਪਰਕਾਸ਼ ਰਾਮ 'ਖ਼ਾਮੋਸ਼'

ਮੁੱਕ ਜਾਣਾ ਹੈ ਤੇਰਾ ਹਿਸਾਬ ਏਦਾਂ।
ਖਿੜ੍ਹਿਆ ਰਹਿਣਾ ਸਦਾ ਨਾ ਗੁਲਾਬ ਏਦਾਂ।

ਟੁੱਟੀ ਡੋਰ ਪਤੰਗ ਹੇਠਾਂ ਆ ਡਿਗਣੀ,
ਦੇਣਾ ਪਵੇਗਾ ਤੈਨੂੰ ਜਵਾਬ ਏਦਾਂ।

ਸੁਪਨੇ ਵਾਂਗ ਸੰਸਾਰ ਹੈ ਗਾਫ਼ਲਾ ਸੁਣ!
ਟੁੱਟ ਜਾਵੇਗਾ ਤੇਰਾ ਖ਼ੁਆਬ ਏਦਾਂ।

ਜੀਵਨ ਆਉਣਾ 'ਤੇ ਆਣ ਕੇ ਚਲੇ ਜਾਣਾ,
ਵਗਦਾ ਪਾਣੀ ਹੈ ਜਿਵੇਂ ਚਨਾਬ ਏਦਾਂ।

ਕਰੇ ਦਇਆ ਜੋ ਹੱਕ ਹਲਾਲ ਖਾਵੇ,
ਵਧਦਾ ਉਸ ਦਾ ਸਦਾ ਸ਼ਬਾਬ ਏਦਾਂ।

ਜੱਗ ਵਿਚ ਕੀ ਵੇਚਿਆ-ਵੱਟਿਆ ਤੂੰ,
ਖੁੱਲ੍ਹ ਜਾਣੀ ਹੈ ਤੇਰੀ ਕਿਤਾਬ ਏਦਾਂ।

ਮੈਂ, ਮੇਰੀ ਵਿਚ ਭੁੱਲਿਆ ਰੱਬ ਫਿਰਦੈਂ,
ਬਣਿਆ ਫਿਰਦਾ ਏਂ ਜਿਵੇਂ ਨਵਾਬ ਏਦਾਂ।

ਮੰਦੇ ਕੰਮੀ ਤਾਂ ਸਦਾ ਹੀ ਹੋਊ ਮੰਦਾ,
ਤੇਰਾ ਹੋਣਾ ਹੈ ਖ਼ਾਨਾ-ਖ਼ਰਾਬ ਏਦਾਂ।

ਵੇਲਾ ਖੁੰਝਿਆ ਹੱਥੋਂ ਨਹੀਂ ਹੱਥ ਆਉਣਾ,
'ਖ਼ਾਮੋਸ਼' ਪਛਤਾਏਂਗਾ ਬੈਠਾ ਜਨਾਬ ਏਦਾਂ।

## 2

ਭਾਵੇਂ ਚਾਰ ਚੁਫ਼ੇਰੇ ਵਿਛਿਆ ਰੰਗਾਂ ਦਾ ਸੀ ਜਾਲ਼।
ਫਿਰ ਵੀ ਉਸ ਨੇ ਇਕ ਦਿਨ ਮਾਰੀ ਅੰਨ੍ਹੇ ਖੂਹ ਵਿੱਚ ਛਾਲ।

ਵਾਰੀ-ਵਾਰੀ ਮੇਲੇ ਵਿੱਚੋਂ ਤੁਰ ਗਏ ਜਦ ਸਭ ਲੋਕ,
ਪਹਿਨ ਲਈ ਮੈਂ ਅਪਣੇ ਤਨ 'ਤੇ ਇਕਲਾਪੇ ਦੀ ਢਾਲ਼।

ਸ਼ੌਰੇ! ਉਸ ਇਕ ਪਲ ਵਿੱਚ ਕਿੰਨੀ ਵਾਰੀ ਮੋੜੀ ਮੌਤ,
ਤੇਰੇ ਭਾਣੇ ਲੰਘ ਗਏ ਸਾਂ ਨੀਵੀਆਂ ਨਜ਼ਰਾਂ ਨਾਲ।

ਦਿਨ ਚੜ੍ਹਦਾ ਤਾਂ ਹੋਠਾਂ ਉੱਤੇ ਲੈ ਆਈਏ ਮੁਸਕਾਨ,
ਰੋਜ਼ ਹੀ ਰਾਤੀਂ ਰੋ-ਰੋ ਹੋਵਣ ਅੱਖੀਆਂ ਲਾਲੋ-ਲਾਲ।

ਅਪਣੇ-ਅਪਣੇ ਘਰ ਦੀ ਹੱਦ ਟਪਾ ਗਏ ਸਾਰੇ ਯਾਰ,
ਤਨਹਾਈ ਨੇ ਰਾਹ ਵਿੱਚ ਮੈਨੂੰ ਪੁੱਛੇ ਲੱਖ ਸਵਾਲ।

ਭਾਵੇਂ ਪੱਥਰਾਂ ਦੀ ਬਾਰਿਸ਼ 'ਚੋਂ ਲੰਘਣਾ ਪੈਂਦਾ ਰੋਜ਼,
ਇੱਕ ਤਸੱਲੀ ਹੈ ਕਿ ਦਿੱਤੇ ਬਚਨ ਰਹੇ ਹਾਂ ਪਾਲ਼।





ਜਾਪਦੈ ਕੰਨਾਂ 'ਚ ਮੇਰੇ ਕਹਿ ਰਹੀ ਹੈ ਕੁਛ ਹਵਾ।
ਤੇਰੀਆਂ ਗੁਸਤਾਖ਼ੀਆਂ ਦੀ ਮਿਲ ਗਈ ਤੈਨੂੰ ਸਜ਼ਾ।

ਮੈਂ ਕਿਹਾ ਉਸ ਨੂੰ ਨਾ ਐਵੇਂ ਥਾਂ-ਕੁ-ਥਾਂ ਮੱਥਾ ਘਸਾ।
ਉਸ ਕਿਹਾ ਇਸ ਸ਼ਖ਼ਸ ਨੂੰ ਹੈ ਹੋ ਗਿਆ ਜਾਪੇ ਸ਼ੁਦਾ।

ਸੁਹਲ ਕਲੀਆਂ ਨੂੰ ਜੇ ਮਸਲੀ ਜਾਣ ਰਾਖੇ ਬਾਗ਼ ਦੇ,
ਦੋਸ਼ ਫਿਰ ਦੇਈਏ ਤਾਂ ਕਿਸ ਨੂੰ ਕੱਢੀਏ ਕਿਸ ਦੀ ਖ਼ਤਾ?

ਕੀ ਕਹੇਗਾ ਸ਼ਖ਼ਸ ਉਹ ਜੋ ਹਰ ਸਮੇਂ ਇਹ ਆਖਦੈ;
'ਇੰਜ ਹੀ ਹੋਣਾ ਸੀ ਆਖ਼ਰ ਸੀ ਇਹੀ ਰੱਬ ਦੀ ਰਜ਼ਾ।'

ਮੁੱਦਤਾਂ ਹੋਈਆਂ ਡੁਬੋਈ ਸੀ ਜਿਨ੍ਹੇ ਕਿਸ਼ਤੀ ਮੇਰੀ,
ਓਸ ਜ਼ਾਲਮ ਨਾ-ਖ਼ੁਦਾ ਦਾ ਲੱਭਿਆ ਨਹੀਂ ਮੁੜ ਖੁਰਾ।

ਜਦ ਕਦੇ ਵੀ ਝੂਠ ਤੋਂ ਪਰਦਾ ਕਿਸੇ ਨੇ ਚੁੱਕਿਐ,
ਇਸ ਜ਼ਮਾਨੇ ਨੇ ਕਿਹਾ ਉਸ ਸ਼ਖ਼ਸ ਨੂੰ ਹੈ ਸਿਰ-ਫਿਰਾ।

ਕਿਸ਼ਨਪੁਰੀਆ! ਨਾਲ ਕਿਸਮਤ ਦੇ ਜਦੋਂ ਉਲਝੇਂਗਾ ਤੂੰ,
ਕਿੰਨੇ ਪਾਣੀ ਵਿਚ ਹੈਂ ਤੂੰ ਲੱਗ ਜੂ ਤੈਨੂੰ ਪਤਾ?

## ਸੱਜਾਦ ਮਿਰਜ਼ਾ

ਸੁਖ ਦਾ ਸਾਹ ਨਾ ਦਿੱਤਾ ਲੈਣ, ਖ਼ੁਆਬਾਂ ਦੀਆਂ ਜ਼ੰਜੀਰਾਂ ਨੇ।
ਅਪਣੀ ਜ਼ਾਤ ਦਾ ਮਾਤਮ ਕੀਤਾ ਰੋਜ਼ ਅਸੀਂ ਦਿਲਗੀਰਾਂ ਨੇ।

ਉੱਚੇ ਸ਼ਮਲੇ ਕਿੱਥੋਂ ਲਭੀਏ, ਕਿਸ ਦੀ ਏਥੇ ਚੌਧਰ ਏ ?
ਬੇ-ਵੱਸੇ ਨੇ ਸਾਰੇ ਲੋਕੀਂ, ਗਲ਼ਮੇ ਲੀਰਾਂ-ਲੀਰਾਂ ਨੇ।

ਮਿਲਣਾ-ਜੁਲਣਾ ਖੁਲ੍ਹਮ-ਖੁੱਲ੍ਹਾ ਕਿਸੇ 'ਤੇ ਵੀ ਪਾਬੰਦੀ ਨਹੀਂ,
ਇਸ਼ਕੇ ਨੂੰ ਬਦਨਾਮ ਹੈ ਕੀਤਾ, ਯੌਰਪ ਵਾਲੀਆਂ ਹੀਰਾਂ ਨੇ।

ਦਿਲ ਦਾ ਖ਼ੂਨ 'ਤੇ ਜ਼ਖ਼ਮ ਜਿਗਰ ਦੇ, ਹੰਝੂ-ਹਾਵੇ, ਸਾਰੇ ਦੁੱਖ,
ਕਿੰਨੇ ਸ਼ਾਹੂਕਾਰ ਅਸੀਂ ਹਾਂ, ਸਾਡੀਆਂ ਇਹ ਜਾਗੀਰਾਂ ਨੇ।

ਸਾਰੀ ਦੁਨੀਆ ਜਾਣ ਗਈ ਏ, ਗੱਲ ਛੁਪਾਵਣ ਵਾਲੀ ਨਹੀਂ,
'ਮਿਰਜ਼ੇ' ਨਾਲ ਸਲੂਕ ਜੋ ਕੀਤਾ, ਸਾਹਿਬਾਂ ਤੇਰੇ ਵੀਰਾਂ ਨੇ।



2.

ਹੁਸਨ ਦੀਆਂ ਸਰਕਾਰਾਂ ਵੇਖੋ !
ਬਿਜਲੀ ਭਰੀਆਂ ਤਾਰਾਂ ਵੇਖੋ !

ਸੂਰਜ ਨਿਕਲੇ ਕਦੇ ਕਦਾਈਂ,
ਯੌਰਪ ਦੀਆਂ ਬਹਾਰਾਂ ਵੇਖੋ !

ਨੇੜੇ ਹੋ ਕੇ ਕੀ ਲੈਣਾ ਜੇ,
ਦੂਰੋਂ ਨਸਦੀਆਂ ਕਾਰਾਂ ਵੇਖੋ !

ਮੈਨੂੰ ਕਰ ਛੱਡਿਆ ਏ ਰੁਸਵਾ,
ਮੇਰੇ ਅਪਣੇ ਯਾਰਾਂ ਵੇਖੋ !

ਖੱਜਲ਼ ਹੋਂਦਾ ਫਿਰਦਾ 'ਮਿਰਜ਼ਾ',
ਵੇਲੇ ਹੱਥ ਮੁਹਾਰਾਂ ਵੇਖੋ !

## ਗੁਰਚਰਨ ਸਿੰਘ 'ਅਰਸ਼ੀ'

ਸਿਤਮਗਰ ਦਾ ਹਰ ਸਿਤਮ ਰਹਿਮਤ ਸਮਝ ਜਰਦੇ ਰਹੇ।
ਰਫ਼ਤਾ-ਰਫ਼ਤਾ, ਲਮਹਾ-ਲਮਹਾ ਰੋਜ਼ ਹੀ ਮਰਦੇ ਰਹੇ।

ਦਿਲ ਮੇਰੇ ਨੂੰ ਬੇਮੁਰੱਵਤ ਦਾਗ਼ ਐਸੇ ਦੇ ਗਈ,
ਗ਼ਮ ਦੀ ਲੱਜ਼ਤ ਵਿਚ ਗੁਆਚੇ ਸ਼ੁਕਰੀਆ ਕਰਦੇ ਰਹੇ।

ਤਪ ਰਹੇ ਸਹਿਰਾ ਦੀ ਲੂ ਵੀ ਬਣ ਗਈ ਸੀਤਲ ਸਮੀਰ,
ਛਾਲਿਆਂ ਦੀ ਟੀਸ ਤੋਂ ਐਵੇਂ ਅਸੀਂ ਡਰਦੇ ਰਹੇ।

ਜਾਨਲੇਵਾ ਖ਼ੂਬ ਸਨ ਮਾਂਝੀ ਦੀਆਂ ਅਠਖੇਲੀਆਂ,
ਡਿੱਕੋ-ਡੋਲੇ, ਖਾਂਦੇ-ਖਾਂਦੇ ਡੁੱਬਦੇ ਤਰਦੇ ਰਹੇ।

ਜਜ਼ਬਿਆਂ ਉਤੇ ਹੋਏ ਹਿਮਪਾਤ ਦਾ ਕਿੰਨਾ ਕਮਾਲ,
ਰਾਤ ਦੇ ਆਗ਼ੋਸ਼ ਵਿਚ ਵੀ ਠੁਕਰਦੇ ਠਰਦੇ ਰਹੇ।

ਕਲਮ ਦੀ ਅੱਖ ਵਿਚ ਇਹ ਕੈਸੀ ਕਿਰਮਚੀ ਜਿਹੀ ਰੜਕ ਸੀ,
ਦਰਦ ਵਿਚ ਲਬਰੇਜ਼ ਨਗ਼ਮੇ ਸਿਸਕੀਆਂ ਭਰਦੇ ਰਹੇ।



### 2.

ਅਚਨਚੇਤੀ ਮਿਲ ਗਈ ਉਹ ਕੀ ਕਰਾਂ?
ਕਸਮਸਾਹਟ ਛਿੜ ਗਈ ਹੁਣ ਕੀ ਕਰਾਂ?

ਹੁਸਨ ਦਸਤਕ ਦੇ ਰਿਹਾ ਦਹਿਲੀਜ਼ 'ਤੇ,
ਇਸ਼ਕ ਦੀ ਸੌਗ਼ਾਤ ਕਿੰਜ ਚਰਨੀਂ ਧਰਾਂ।

ਸਿਤਮਗ਼ਰ ਦਾ ਹਰ ਸਿਤਮ ਤਾਂ ਯਾਦ ਹੈ,
ਸ਼ਿਕਵਿਆਂ ਦਾ ਸੇਕ ਹੁਣ ਕਿਤ ਬਿਧ ਜਰਾਂ?

ਹਿਜਰ-ਅੱਗ ਸੀ ਲੂਹਿਆ ਦਿਲ ਦਾ ਆਲ੍ਹਣਾ,
ਵਸਲ ਦੇ ਇਸ ਠਾਰ ਤੋਂ ਅੰਦਰੋਂ ਡਰਾਂ।

ਰੂਬਰੂ ਹੋਵੇ ਤਾਂ ਮਹਿਕੇ ਜ਼ਿੰਦਗੀ,
ਬਾਝ ਉਸ ਦੇ ਹਰ ਲਮਹਾ ਤਿਲ-ਤਿਲ ਮਰਾਂ।

ਸ਼ਾਂਤ ਸੁੱਤੇ ਜਲ ਦੇ ਵਿਚ ਖਲਬਲ ਜਿਹੀ,
ਤਿਸ਼ਨਗੀ ਦੀਆਂ ਤਰਨ ਮੱਛੀਆਂ ਵਿਚ ਸਰਾਂ।

ਓਸ ਦੇ ਨਸ਼ਿਆਵਲੇ ਨੈਣਾਂ 'ਚੋਂ ਅੱਜ,
ਸੁਰਮਈ ਮਦਿਰਾ ਦਾ ਸੁਰਗੀ ਘੁੱਟ ਭਰਾਂ।

ਸੰਦਲੀ ਸਾਹਾਂ 'ਚ ਆਪਾ ਘੋਲ਼ ਕੇ,
ਝਿਲਮਿਲਾਉਂਦੀਆਂ ਰੰਗਲੀਆਂ ਰੀਝਾਂ ਵਰਾਂ।

## ਗੁਰਬਖ਼ਸ਼ ਡੋਗਰਾ

ਦੁਨੀਆ ਬਹੁਤ ਹਲੂਣੀ ਏਂ।
ਹਰ ਇਕ ਗੱਲ ਹੀ ਊਣੀ ਏਂ।

ਤੱਕਲੇ ਤੋਂ ਤੰਦ ਟੁੱਟ ਗਈ,
ਹੱਥ 'ਚ ਰਹਿ ਗਈ ਪੂਣੀ ਏਂ।

ਸਾਡੀ ਝੋਲੀ ਖ਼ਾਰ ਪਏ,
ਹਰ ਇਕ ਸ਼ਾਖ਼ ਹਲੂਣੀ ਏਂ।

ਲੱਖ ਖ਼ਜ਼ਾਨੇ ਭਰ ਕੇ ਵੀ,
ਚਾਹਤ ਅੱਜ ਵੀ ਊਣੀ ਏਂ।

ਖ਼ੂਨ-ਖ਼ਰਾਬਾ ਥਾਂ-ਥਾਂ 'ਤੇ,
ਧਰਤੀ ਕਿਸ ਨੇ ਟੂਣੀ ਏਂ?

ਫੂਕਾਂ ਨਾਲ ਤਾਂ ਬੁਝਣੀ ਨਈਂ,
ਧੂਣੀ ਆਖ਼ਰ ਧੂਣੀ ਏਂ।



### 2

ਹੁਣ ਨਹੀਂ ਹੋਣੀ ਕਦੇ ਬਰਸਾਤ ਹੰਝੂਆਂ ਦੀ।
ਮੁੱਕ ਗਈ ਏ ਕਾਲ਼ੀ-ਕਾਲ਼ੀ ਰਾਤ ਹੰਝੂਆਂ ਦੀ।

ਲੈ ਕੇ ਹੈ ਆਈ ਪੌਣ ਹੁਣ ਸੰਦੇਸ਼ ਜ਼ਿੰਦਗੀ ਦਾ,
ਮੁਸਕਰਾਈ ਹੈ ਕਿਤੇ ਪ੍ਰਭਾਤ ਹੰਝੂਆਂ ਦੀ।

ਹਰ ਕਿਸੇ ਦੇ ਦਰਦ ਨੂੰ ਅਪਣਾ ਬਣਾ ਹੀ ਲੈਂਦੇ,
ਹੁੰਦੀ ਨਹੀਂ ਹੈ ਕੋਈ ਵੀ ਜਾਤ ਹੰਝੂਆਂ ਦੀ।

ਪਲਕਾਂ ਦੇ ਬੂਹੇ ਉੱਤੇ ਵਿਛੜੇ ਸੀ ਜਿਹੜੇ ਹੰਝੂ,
ਫਿਰ ਹੋ ਗਈ ਹੈ ਮੁੜਕੇ ਗੱਲਬਾਤ ਹੰਝੂਆਂ ਦੀ।

ਏਹੋ ਹੈ ਮੇਰੀ ਚਾਹਤ, ਏਹੋ ਦੁਆ ਹੈ ਮੇਰੀ,
ਘਰ-ਘਰ ਕਦੇ ਨਾ ਹੋਵੇ ਹੁਣ ਬਾਤ ਹੰਝੂਆਂ ਦੀ।

## 3

ਭਿੰਨੀ-ਭਿੰਨੀ ਆਵੇ ਖ਼ੁਸ਼ਬੂ ਪੀੜਾਂ ਦੀ।
ਦਿਲ ਨੂੰ ਭਰ-ਭਰ ਜਾਵੇ ਖ਼ੁਸ਼ਬੂ ਪੀੜਾਂ ਦੀ।

ਰਾਤ ਪਈ ਤਾਂ ਸਾਰੀ ਖ਼ਲਕਤ ਸੌਂ ਜਾਵੇ,
ਮੈਨੂੰ ਗੀਤ ਸੁਣਾਵੇ ਖ਼ੁਸ਼ਬੂ ਪੀੜਾਂ ਦੀ।

ਮੰਦਿਰ-ਮਸਜਿਦ ਵਿੱਚ ਖੜ੍ਹੀਆਂ ਦੀਵਾਰਾਂ ਦੇ,
ਸਾਰੇ ਭੇਦ ਮਿਟਾਵੇ ਖ਼ੁਸ਼ਬੂ ਪੀੜਾਂ ਦੀ।

ਖ਼ੂਨ-ਖ਼ਰਾਬਾ, ਕਤਲੋ-ਗ਼ਾਰਤ ਮਿਟ ਸਕਦੀ,
ਹਰ ਦਿਲ ਨੂੰ ਜੇ ਭਾਵੇ ਖ਼ੁਸ਼ਬੂ ਪੀੜਾਂ ਦੀ।

ਜਦ ਕੋਈ ਹੰਝੂ ਮਿੱਟੀ ਦੇ ਵਿਚ ਮਿਲਦਾ ਏ,
ਜੀਉਂਦੇ ਜੀਅ ਮਰ ਜਾਵੇ ਖ਼ੁਸ਼ਬੂ ਪੀੜਾਂ ਦੀ।

ਏਦਾਂ ਦੀ ਕੋਈ ਬਾਤ ਸੁਣਾਵੋ! ਹੁਣ ਯਾਰੋ!
ਮਨ ਅੰਦਰ ਭਰ ਜਾਵੇ ਖ਼ੁਸ਼ਬੂ ਪੀੜਾਂ ਦੀ।

ਕੀ ਗੁਲਸ਼ਨ, ਕੀ ਮਹਿਫ਼ਿਲ, ਹਰ ਥਾਂ ਤਨਹਾਈ,
ਤੇਰੀ ਯਾਦ ਦਿਵਾਵੇ ਖ਼ੁਸ਼ਬੂ ਪੀੜਾਂ ਦੀ।



## 4

ਚੁਪ-ਚਪੀਤੇ ਜਾ ਰਹੀ ਵੀਹਵੀਂ ਸਦੀ।
ਮੁੜ ਕੇ ਇਹਨੇ ਵੀ ਨਹੀਂ ਆਉਣਾ ਕਦੀ।

ਇਸ ਦੀਆਂ ਯਾਦਾਂ 'ਚ ਰੋਇਆ ਕਰਨਗੇ,
ਗੀਤ ਵੀ ਗਾ-ਗਾ ਕਹਾਣੀ ਦਰਦ ਦੀ।

ਇਹ ਜੁਦਾਈ ਦਾ ਸਫ਼ਰ ਮੁੱਕਦਾ ਨਹੀਂ,
ਨਾ ਹੀ ਮੁੱਕਦੀ ਹੈ ਤਲਬ ਦੀਦਾਰ ਦੀ।

ਹਾਸਿਆਂ ਵਿਚ ਗ਼ਮ ਮਿਲਾ ਕੇ ਪੀ ਲਏ,
ਆਈ ਜਦ ਵੀ ਯਾਦ ਹੈ ਦਿਲਦਾਰ ਦੀ।

ਰਾਤ ਦਿਨ ਦਾ ਮੇਲ ਹੋ ਸਕਿਆ ਨਹੀਂ,
ਰਹਿ ਗਈ ਏ ਸ਼ਾਮ ਵਿੱਚੇ ਸਹਿਕਦੀ।

'ਡੋਗਰੇ' ਦੇ ਦਰਦ ਦਾ ਨਾ ਕਰ ਹਿਸਾਬ,
ਗੁੰਮ ਗਈ ਏ ਫ਼ਰਦ ਇਸਦੇ ਦਰਦ ਦੀ।

5

ਸਾਗਰ ਖ਼ਾਰਾ, ਹੰਝੂ ਖ਼ਾਰਾ।
ਵਿਚ ਰੁਲ਼ਿਆ ਇਕ ਦਰਦ ਵਿਚਾਰਾ।

ਫਿਰ ਵੀ ਗ਼ਮ ਨੂੰ ਸਭ ਪੀ ਲੈਂਦੇ,
ਭਾਵੇਂ ਹੈ ਇਹ ਪਾਣੀ ਭਾਰਾ।

ਚੰਨ-ਸੂਰਜ ਵੀ ਭੈੜੇ ਲਗਦੇ,
ਡੁੱਬ ਜਾਂਦਾ ਜਦ ਆਸ ਦਾ ਤਾਰਾ।

ਸਾਰੀ ਆਯੂ ਜੀਅ ਨਹੀਂ ਲਗਦਾ,
ਲਾ ਜਾਂਦਾ ਜਦ ਕੋਈ ਲਾਰਾ।

ਕਦ ਤੱਕ ਤਨ ਨੂੰ ਲਿੱਪ-ਲਿੱਪ ਰੱਖਣਾ?
ਆਖ਼ਰ ਹੈ ਇਹ ਮਿੱਟੀ-ਗਾਰਾ।

ਕੱਖਾਂ ਵਾਂਗਰ ਉੱਡਣਾ ਪੈਣਾ,
ਹੁਣ ਨਾ ਦਿਸਦਾ ਕੋਈ ਚਾਰਾ।



## ਦੀਦਾਰ ਸਿੰਘ 'ਦੀਦਾਰ'

ਕੋਠਿਆਂ 'ਤੇ ਧੁੱਪ ਹੈ ਨਾ ਰੁੱਖਾਂ ਹੇਠ ਛਾਂ ਹੈ।
ਕਿਹੋ ਜਿਹੇ ਥਾਂ ਸਾਡਾ ਵੱਸਿਆ ਗਰਾਂ ਹੈ।

ਮੰਦਰਾਂ, ਮਸੀਤਾਂ, ਗੁਰਦੁਆਰੇ ਅਤੇ ਗਿਰਜਿਆਂ ਤੋਂ,
ਰੱਬ ਦਾ ਦੁਆਰਾ ਅਜੇ ਹੋਰ ਵੀ ਅਗ੍ਹਾਂ ਹੈ।

ਹੋਸ਼ ਕਰ! ਉੱਚਿਆਂ ਮਹੱਲਾਂ ਦਿਆ ਮਾਲਕਾ!
ਕੁੱਲੀਆਂ ਦੇ ਕੱਖਾਂ ਤੇਰਾ ਕਰਨਾ ਨਿਆਂ ਹੈ।

ਖ਼ੌਰੇ! ਧੁੱਪਾਂ ਤਿੱਖੀਆਂ ਨੂੰ ਰੁੱਖ ਕਿਵੇਂ ਸਹਿੰਦੇ ਨੇ,
ਪੈਰਾਂ ਵਿਚ ਸਹਿਮੀ ਹੋਈ ਸੋਚ ਰਹੀ ਛਾਂ ਹੈ।

ਓਨਾ ਚਿਰ ਮੌਤ ਦਾ ਨਈਂ ਡਰ ਮੈਨੂੰ ਜਿੰਨਾਂ ਚਿਰ,
ਸੀਨੇ ਵਿਚ ਯਾਦ ਤੇਰੀ ਬੁੱਲ੍ਹੀਆਂ 'ਤੇ ਨਾਂ ਹੈ।

ਸੱਸੀਆਂ 'ਤੇ ਸੋਹਣੀਆਂ ਨਾ ਮੌਤ ਗ਼ਲ਼ ਪੈਣ ਹੁਣ,
ਮਾਰੂਥਲਾਂ ਵਿਚ ਅਸੀਂ ਫੂਕਣੀ ਝਨਾਂ ਹੈ।

ਪੈਰ ਮੇਰੇ ਚੁੰਮ ਗਏ ਨੇ ਅੰਬਰਾਂ ਦੇ ਸਿਰਾਂ ਤਾਈਂ,
ਪਰ ਮੇਰਾ ਸਿਰ ਅਜੇ ਧਰਤੀਓਂ ਪਿਛ੍ਹਾਂ ਹੈ।

ਜਿਹੋ ਜਿਹੇ ਚੰਦਰੇ 'ਦੀਦਾਰ' ਤੇਰੇ ਲੇਖ ਨੇ,
ਉਹੋ ਜਿਹਾ ਚੰਦਰਾ 'ਦੀਦਾਰ' ਤੇਰਾ ਨਾਂ ਹੈ।

## 2

ਸਾਰੀ ਰਾਤ ਹੀ ਨਾ ਅਸੀਂ ਬੂਹੇ ਅੱਖੀਆਂ ਦੇ ਢੋਏ।
ਤੇਰੀ ਯਾਦ ਬਹਿ ਕੇ ਰੋਈ ਸਾਡੇ ਹੰਝੂਆਂ ਦੀ ਲੋਏ।

ਦਿਲਾ! ਭੁੱਲ ਕੇ ਵੀ ਜ਼ੁਲਫ਼ਾਂ ਦਾ ਕਰੀਂ ਨਾ ਵਿਸਾਹ,
ਕਈ ਪੁੰਨਿਆਂ ਦੇ ਚੰਨ ਇਨ੍ਹਾਂ ਬੱਦਲ਼ਾਂ ਲੁਕੋਏ।

ਮੈਨੂੰ ਮਾਣੀਆਂ ਬਹਾਰਾਂ ਦਾ ਜ਼ਮਾਨਾ ਯਾਦ ਆਉਂਦੈ,
ਮੈਥੋਂ ਪਰ੍ਹਿਓਂ ਦੀ ਲੰਘ ਫੁੱਲਾਂ ਦੀਏ ਖ਼ੁਸ਼ਬੋਏ।

ਦਿਲਾਂ ਵਾਲਿਆਂ ਨੂੰ ਹੁੰਦੀ ਦਿਲਾਂ ਵਾਲਿਆਂ ਦੀ ਪੀੜ,
ਉਹਨੂੰ ਪੀੜ ਕੀ ਪਰਾਈ ਜਿਹੜਾ ਕਿਸੇ ਦਾ ਨਾ ਹੋਏ।

ਅਸੀਂ ਕਾਹਦਾ ਹੁਣ ਕਰਨਾ ਬਿਗਾਨਿਆਂ 'ਤੇ ਗਿਲਾ,
ਜਦੋਂ ਆਪਣੇ ਵੀ ਸਾਡੇ, ਸਾਡੇ ਆਪਣੇ ਨਾ ਹੋਏ।

ਅਸੀਂ ਕਿਸੇ ਨੂੰ ਕੀ ਦੱਸਣਾ 'ਤੇ ਪੁੱਛਣਾ 'ਦੀਦਾਰ',
ਜਿਵੇਂ ਸਾਡੇ ਨਾਲ ਹੋਈ ਕਿਸੇ ਨਾਲ ਵੀ ਨਾ ਹੋਏ।



## 3

ਅਸੀਂ ਜਿਨ੍ਹਾਂ ਨੂੰ ਸੀ ਪਿਆਰ ਕੀਤਾ ਹਾਣੀਆਂ ਦੇ ਵਾਂਗ।
ਸਾਡੇ ਕੋਲੋਂ ਦੀ ਉਹ ਲੰਘੇ ਅੱਜ ਪਾਣੀਆਂ ਦੇ ਵਾਂਗ।

ਤੁਰੇ ਜਾਂਦੇ ਰਾਹੀਆਂ ਕੋਲੋਂ ਗੱਲਾਂ ਸੁਣੀਆਂ ਸੀ ਜੋ,
ਸਾਨੂੰ ਜਾਪੀਆਂ ਉਹ ਸਾਡੀਆਂ ਕਹਾਣੀਆਂ ਦੇ ਵਾਂਗ।

ਹੰਝੂ ਅੱਖੀਆਂ 'ਚੋਂ ਤਰੇ ਜਿਵੇਂ ਮੱਖਣਾਂ ਦੇ ਪੇੜੇ,
ਪੀੜਾਂ ਸੀਨੇ ਵਿਚ ਘੁੰਮੀਆਂ ਮਧਾਣੀਆਂ ਦੇ ਵਾਂਗ।

ਰੁਲਣ ਗੋਲੀਆਂ ਦੇ ਵਾਂਗ ਪਹਿਲ-ਪੂਣੀ ਦੀਆਂ ਆਸਾਂ,
ਆਹਾਂ ਬੁੱਲ੍ਹਾਂ ਉੱਤੇ ਬੈਠੀਆਂ ਨੇ ਰਾਣੀਆਂ ਦੇ ਵਾਂਗ।

ਤੂੰ ਵੀ ਸੋਚ ਕੇ 'ਦੀਦਾਰ' ਕਰੀਂ ਕਿਸੇ ਨਾਲ ਪਿਆਰ,
ਗੱਲਾਂ ਕਰਦੇ ਨੇ ਲੋਕ ਹੱਟਬਾਣੀਆਂ ਦੇ ਵਾਂਗ।

## 4

ਇੰਜ ਗ਼ਮਾਂ ਨੇ ਕੀਤੀ ਜਿੰਦ ਇਕੱਲੀ ਨਾਲ਼।
ਜਿੱਦਾਂ ਤੋਤੇ ਕਰਦੇ ਕੱਚੀ ਛੱਲੀ ਨਾਲ਼।

ਰੱਬਾ! ਹੁਣ ਤੂੰ ਰਹਿਮ ਕਰੀਂ ਨਾ ਸਾਡੇ 'ਤੇ,
ਹੁਣ ਤੂੰ ਕਰ ਲੈ ਅਪਣਾ ਕੰਮ ਤਸੱਲੀ ਨਾਲ਼।

ਲੱਖ ਚਾਹਾਂ ਮੈਂ ਭੀੜ 'ਚੋਂ 'ਕੱਲਾ ਲੰਘ ਜਾਵਾਂ,
ਰਲ ਜਾਂਦੈ ਪਰ ਕੋਈ ਮੱਲੋ-ਮੱਲੀ ਨਾਲ਼।

ਪੀਹ-ਪੀਹ ਕੇ ਵੀ ਖਾਵਾਂ ਪੀੜ ਤਾਂ ਮੁੱਕਣੀ ਨਈਂ,
ਮੇਰੇ ਰੱਬ ਨੇ ਰਾਸ ਬਥੇਰੀ ਘੱਲੀ ਨਾਲ਼।

ਹਰ ਇਕ ਨੂੰ ਜੇ ਅਪਣਾ-ਅਪਣਾ ਕਹਿਣਾ ਸੀ,
ਏਦਾਂ ਹੀ ਸੀ ਹੋਣਾ ਜਿੰਦੜੀ ਝੱਲੀ ਨਾਲ਼।

ਵਰ੍ਹਿਆਂ ਤੋਂ ਮੈਂ ਮੌਤ ਨੂੰ ਡਾਹੀ ਦਿੱਤੀ ਨਾ,
ਪਰ ਅੱਜ ਔਂਤਰਜਾਣੀ ਹੈ ਰਲ ਚੱਲੀ ਨਾਲ਼।



## 5

ਪਹਿਲਾਂ ਤੇਰੇ ਘਰ ਛੱਡੇ ਫੇਰ ਤੇਰੇ ਦਰ ਛੱਡੇ
ਫੇਰ ਤੇਰਾ ਛੱਡਿਆ ਗਿਰਾਂ।
ਫੇਰ ਕਿਤੇ ਚਿਰਾਂ ਪਿੱਛੋਂ ਅੱਖੀਆਂ ਦੇ ਥਲਾਂ ਵਿਚ
ਹੰਝੂਆਂ ਦੀ ਵਗ ਪਈ ਝਨਾਂ।

ਫੇਰ ਸਾਡੇ ਪੈਰਾਂ ਨਾਲ ਸਾਕ ਜੁੜੇ ਛਾਲਿਆਂ ਦੇ
ਫੇਰ ਸਾਡਾ ਟੁੱਟਿਆ ਹਿਆਂ।
ਫੇਰ ਪਾ ਕੇ ਬਗ਼ਲੀ ਉਦਾਸਿਆਂ ਵਣਾਂ ਦੇ ਵਿਚ
ਪੈੜ ਤੇਰੀ ਲੱਭਦੀ ਫਿਰਾਂ।

ਧਰਤੀ ਆਕਾਸ਼ ਤੇਰੇ ਖੇਡਣੇ ਦੀ ਥਾਂ ਚੰਨਾਂ!
ਝੂਟਣੇ ਨੂੰ ਕਾਲ਼ੀਆਂ ਘਟਾਂ।
ਅਸੀਂ ਕਿਹੜੇ ਪੱਤਣੀਂ ਬਣਾਈਏ ਝੁੱਗੀ ਸ਼ੌਕ ਵਾਲੀ
ਸਾਨੂੰ ਕਿਤੇ ਲੱਭਦੀ ਨਾ ਥਾਂ।

ਅੰਬਰਾਂ ਤੋਂ ਵਰ੍ਹੇ ਨਾ ਕੋਈ ਬੂੰਦ ਤੇਰੇ ਦੇਸ ਵਿਚ
ਰੁੱਖਾਂ ਹੇਠ ਲੱਭਦੀ ਨਾ ਛਾਂ।
ਡਿਗੂੰ-ਡਿਗੂੰ ਕਰਦੇ ਇਹ ਸਾਹਾਂ ਦੇ ਪੰਖੇਰੂਆਂ ਨੂੰ
ਕਿਵੇਂ ਦੱਸ ਹੌਸਲਾ ਦਿਆਂ?

ਦੇਸ ਤੇਰੇ ਦੇਖੇ ਅਸੀਂ ਹੰਸਾਂ ਨੂੰ ਰੋੜ ਮਿਲੇ
ਮੋਤੀ ਏਥੇ ਚੁਗ ਲੈਂਦੇ ਕਾਂ।
ਜਾਬਰਾਂ ਦੇ ਰਾਜ ਵਿਚ ਲੇਖਾਂ ਦੇ ਅਦਾਲਤੀ ਵੀ
ਦੇਖੇ ਅਸਾਂ ਮੰਗਦੇ ਨਿਆਂ।

ਕਾਲ਼ੀਆਂ ਘਟਾਵਾਂ ਉੱਡ ਗਈਆਂ ਕੇਸਾਂ ਕਾਲ਼ਿਆਂ 'ਚੋਂ
ਮੱਲੀ ਜਾਂਦੇ ਬਗ਼ਲੇ ਇਹ ਥਾਂ।
ਕਿੱਥੋਂ ਤੂੰ 'ਦੀਦਾਰ' ਸਾਨੂੰ ਉਂਗਲੀ ਲਾ ਤੋਰਿਆ ਸੀ
ਕਿੱਥੇ ਸਾਡੀ ਛੱਡ ਗਇਉਂ ਬਾਂਹ?

## ਤਰਸੇਮ ਸਿੰਘ 'ਸ.ਫਰੀ'

ਇਸ਼ਕ ਦਾ ਵੀ ਅਸੂਲ ਹੁੰਦਾ ਏ।
ਰੋਈ ਜਾਣਾ ਫ਼ਜ਼ੂਲ ਹੁੰਦਾ ਏ।

ਦਿਲ ਖ਼ੁਸ਼ੀ ਵਿਚ ਮਚਲ-ਮਚਲ ਜਾਂਦੈ,
ਤੇਰਾ ਖ਼ਤ ਜਦ ਵਸੂਲ ਹੁੰਦਾ ਏ।

ਜੋ ਵੀ ਹੋਣੈਂ ਜ਼ਰੂਰ ਹੋਣਾ ਏਂ,
ਐਵੇਂ ਡਰਨਾ ਫ਼ਜ਼ੂਲ ਹੁੰਦਾ ਏ।

ਇਸ਼ਕ ਵਿਚ ਤੜਫ਼ਦੇ ਹੀ ਮਰ ਜਾਣਾ,
ਆਸ਼ਿਕਾਂ ਨੂੰ ਕਬੂਲ ਹੁੰਦਾ ਏ।

ਜਿਹੜੀ ਥਾਂ ਤੋਂ ਮਿਲੇ ਕੋਈ ਸਿੱਖਿਆ,
'ਸਫ਼ਰੀ' ਓਹੀ ਸਕੂਲ ਹੁੰਦਾ ਏ।



### 2

ਐ ਦੋਸਤ! ਪਲ ਵੀ ਕੱਟਣੈ ਮੁਸ਼ਕਿਲ ਤੇਰੇ ਬਗ਼ੈਰ।
ਆਵੇ ਨਜ਼ਰ ਨਾ ਪਿਆਰ ਦੀ ਮੰਜ਼ਿਲ ਤੇਰੇ ਬਗ਼ੈਰ।

ਕੀਤਾ ਹੈ ਤੂੰ ਹੀ ਮੇਰੀਆਂ ਸੱਧਰਾਂ ਦਾ ਆਪ ਖ਼ੂਨ,
ਫਿਰ ਹੋਰ ਕੌਣ ਹੈ ਮੇਰਾ ਕਾਤਿਲ ਤੇਰੇ ਬਗ਼ੈਰ।

ਇੱਕੋ ਨਜ਼ਰ ਹੈ ਪਿਆਰ ਦੀ ਮੁਸ਼ਕਿਲ ਮੇਰੀ ਦਾ ਹੱਲ,
ਕਿਹੜਾ ਕਰੂ ਹੱਲ ਮੇਰੀ ਮੁਸ਼ਕਿਲ ਤੇਰੇ ਬਗ਼ੈਰ।

ਤੂੰ ਨਾਲ ਹੈਂ, ਭੰਵਰ ਵੀ ਹੈ ਸਾਹਿਲ ਮੇਰੇ ਲਈ,
ਐਪਰ ਭੰਵਰ ਦੇ ਵਾਂਗ ਹੈ ਸਾਹਿਲ ਤੇਰੇ ਬਗ਼ੈਰ।

ਤੇਰੀ ਮਜੂਦਗੀ ਤੇਰੇ ਬਿਸਮਿਲ ਦੀ ਜਦ ਹੈ ਜਾਨ,
ਕਿੱਦਾਂ ਬਚੂਗਾ ਫਿਰ ਤੇਰਾ ਬਿਸਮਿਲ ਤੇਰੇ ਬਗ਼ੈਰ?

ਤੇਰੇ ਬਗੈਰ ਲਗਦੀ ਹੈ ਦੁਨੀਆ ਵੀ ਇਕ ਉਜਾੜ,
ਲਗਦਾ ਨਹੀਂ ਪਲ ਵੀ ਮੇਰਾ ਹੁਣ ਦਿਲ ਤੇਰੇ ਬਗ਼ੈਰ।

'ਸਫ਼ਰੀ' ਅਨੇਕ ਸਾਜ਼ ਨੇ ਮਹਿਫ਼ਿਲ 'ਚ ਵਜ ਰਹੇ,
ਵਜਦੀ ਨਹੀਂ ਹੈ ਪਿਆਰ ਦੀ ਪਾਇਲ ਤੇਰੇ ਬਗ਼ੈਰ।

## 3

ਕਿੱਦਾਂ ਦੇ ਦਿਨ ਆਏ ਨੇ ?
ਹੋਏ ਦੂੱਖ ਸਵਾਏ ਨੇ।

ਯਾਦ ਜਦੋਂ ਉਹ ਆਏ ਨੇ।
ਸਾਡੇ ਚਾਅ ਕੁਰਲਾਏ ਨੇ।

ਕਦ ਉਹ ਭੁੱਲਣੇ ਹਨ ਸਾਨੂੰ ?
ਜ਼ੁਲਮ ਉਨ੍ਹਾਂ ਜੋ ਢਾਏ ਨੇ।

ਕਿਸ ਨੇ ਸਾਂਝਾ ਕੀਤੈ ਗ਼ਮ ?
ਕਿਸ ਨੇ ਦਰਦ ਵੰਡਾਏ ਨੇ ?

ਲੋਕੀਂ ਕਹਿਣ ਬਹਾਰ ਆਈ,
ਫੁੱਲ-ਕਲੀਆਂ ਕੁਮਲਾਏ ਨੇ।

ਦੁਨੀਆ ਭਰ ਦੇ ਸਾਰੇ ਦੁੱਖ,
ਮੇਰੇ ਹਿੱਸੇ ਆਏ ਨੇ।

ਉਸ ਦੀ ਯਾਦ 'ਚ ਐ 'ਸਫ਼ਰੀ'!
ਖ਼ੂਨ ਦੇ ਦੀਪ ਜਲਾਏ ਨੇ।



## 4

ਅਪਣੇ ਜਦ ਬੇਗ਼ਾਨੇ ਹੋਏ।
ਗੀਤ ਲਬਾਂ 'ਤੇ ਆ ਕੇ ਰੋਏ।

ਕਿਹਦੀ ਭਾਲ 'ਚ ਗੁੰਮ ਗਏ ਹੋ ?
ਕਿਉਂ ਫਿਰਦੇ ਹੋ ? ਖੋਏ-ਖੋਏ।

ਸਾਡੇ ਦਿਲ ਦੀ ਦੁਨੀਆ ਅੰਦਰ,
ਦਿਲ ਦੇ ਜਜ਼ਬੇ ਜਿਉਂਦੇ ਮੋਏ।

ਦੂਰ ਨਜ਼ਰ ਤੋਂ ਉਹ ਨਾ ਹੋਇਆ,
ਲੱਖ ਪਲਕਾਂ ਦੇ ਬੂਹੇ ਢੋਏ।

ਬੀਤੀਆਂ ਗੱਲਾਂ ਚੇਤੇ ਕਰ-ਕਰ,
ਦਿਲ ਵਿਚ ਪੈਂਦੇ ਗ਼ਜ਼-ਗ਼ਜ਼ ਟੋਏ।

ਬੂਹੇ ਆਈ ਯਾਦ ਕਿਸੇ ਦੀ,
ਤੇਲ ਕੋਈ ਸ਼ਗਨਾਂ ਦਾ ਚੋਏ।

## 5

ਪਿਆਰਾਂ ਦੇ ਵਿਚ ਭਿੱਜੀ ਰਾਤ।
ਰੋ-ਰੋ ਕੇ ਅੱਜ ਬੀਤੀ ਰਾਤ।

ਚਾਨਣ ਦੇ ਵਿਚ ਨ੍ਹਾਤੀ ਰਾਤ।
ਫਿਰ ਵੀ ਕਾਲ਼ੀ-ਕਾਲ਼ੀ ਰਾਤ।

ਮੁੜ-ਮੁੜ ਕੇ ਨਾ ਆਉਣੀ ਫੇਰ,
ਅੱਜ ਹੈ ਪਿਆਰਾਂ ਵਾਲੀ ਰਾਤ।

ਮਰ ਕੇ ਲੰਘਿਐ ਇੱਕੋ ਪਹਿਰ,
ਕਿੰਜ ਬੀਤੇਗੀ ਬਾਕੀ ਰਾਤ?

ਕਾਹਤੋਂ ਲਾਇਆ ਦਿਲ ਦਾ ਰੋਗ?
ਸੋਚਾਂ ਦੇ ਵਿਚ ਲੰਘੀ ਰਾਤ।

ਤੇਰੀ ਯਾਦ 'ਚ ਤੜਫ਼ੀ ਜਿੰਦ,
ਨੀਂਦ ਨਾ ਆਈ ਸਾਰੀ ਰਾਤ।

'ਸਫ਼ਰੀ' ਜਾਂ ਤਾਂ ਆਵੇ ਚੈਨ,
ਜਾਂ ਬੀਤੇ ਇਹ ਗ਼ਮ ਦੀ ਰਾਤ।



## ਇਸਤਮੁੱਲਾ ਸਾਕੀ

ਜਿੰਦੜੀ ਮੈਨੂੰ ਰਾਸ ਨਾ ਆਈ।
ਗਲ਼ ਵਿਚ ਇਸ਼ਕ ਦੀ ਫਾਹੀ ਪਾਈ।

ਧੁੱਪ ਹੁਸਨ ਦੀ ਰੱਜ ਨਾ ਸੇਕੀ,
ਕੇਡੀ ਛੇਤੀ ਸ਼ਾਮ ਹੈ ਆਈ।

ਅੱਜ ਦੇ ਰਾਂਝੇ ਹਵਸ ਪੁਜਾਰੀ,
ਹਿਰਸ ਦੀ ਚੂਰੀ ਹੀਰ ਲਿਆਈ।

ਲੋਕਾਂ ਦੇ ਮੂੰਹ ਖੌਫ਼ ਨੇ ਸੀਤੇ,
ਵੜ ਗਈ ਕਬਰਾਂ ਵਿਚ ਸੱਚਾਈ।

ਮੈਂ ਹਾਂ ਉਹਦਾ ਕੈਦੀ 'ਸਾਕੀ',
ਵੇਲੇ ਜਿਸ ਹੱਥ ਵਾਗ ਫੜਾਈ।

## ਅਮਰੀਕ ਡੋਗਰਾ

ਇਸ਼ਕ ਵਿਚ ਮੈਂ ਮਰ ਵੀ ਜਾਵਾਂ ਤਾਂ ਇਹਦਾ ਕੁਝ ਗ਼ਮ ਨਹੀਂ।
ਗ਼ਮ ਹੈ ਮੋਇਆਂ ਬਾਅਦ ਵੀ ਮਿਲਣਾ ਉਹੋ ਹਮਦਮ ਨਹੀਂ।

ਇਹ ਨਾ ਸਮਝੋ ਮਰ ਗਿਆਂ ਦਾ ਦਿਲ ਦੇ ਵਿਚ ਮਾਤਮ ਨਹੀਂ।
ਦਰਦ ਤਾਂ ਸਿਖਰਾਂ 'ਤੇ ਹੈ ਪਰ ਅੱਖੀਆਂ ਹੀ ਨਮ ਨਹੀਂ।

ਮੈਂ ਹਵਾ ਦੇ ਵਾਂਗ ਇਸ ਧਰਤੀ ਦੇ ਹਰ ਕੋਣੇ 'ਚ ਹਾਂ,
ਮੇਰੀ ਹਸਤੀ ਨੂੰ ਮਿਟਾ ਦੇਵੇ ਕਿਸੇ ਵਿਚ ਦਮ ਨਹੀਂ।

ਪਿੰਜਰੇ ਨੂੰ ਤੋੜਦਾ ਹੀ ਪੰਛੀਆ! ਦਮ ਤੋੜ ਦੇ,
ਇਹ ਬਗ਼ਾਵਤ ਦਾ ਹੈ ਮੌਸਮ ਰੋਣ ਦਾ ਮੌਸਮ ਨਹੀਂ।

ਰਾਤ ਭਰ ਗੁਲਸ਼ਨ ਦੀ ਹਾਲਤ 'ਤੇ ਇਹ ਫੁੱਲ ਰੋਂਦੇ ਰਹੇ,
ਬਾਗ਼ਬਾਨਾ! ਸ਼ਰਮ ਕਰ ਹੰਝੂ ਨੇ ਇਹ ਸ਼ਬਨਮ ਨਹੀਂ।

ਦਿਲ 'ਚ ਦਰਦਾਂ ਦੇ ਪਰਿੰਦੇ ਰਾਤ ਦਿਨ ਹਨ ਚਹਿਕਦੇ,
ਕਿਸ ਤਰ੍ਹਾਂ ਕਹੀਏ ਕਿ ਹੁਣ ਅਪਣਾ ਕੋਈ ਮਹਿਰਮ ਨਹੀਂ?

ਮੈਨੂੰ ਅਪਣੇ ਗ਼ਮ ਦੀ ਛਾਵੇਂ ਬੈਠ ਕੇ ਮੁਕਤੀ ਮਿਲੂ,
ਜੀ ਹਾਂ! ਮੈਂ 'ਅਮਰੀਕ' ਹੀ ਹਾਂ ਮੈਂ ਕੋਈ ਗੌਤਮ ਨਹੀਂ।



## 2.

ਦੁਸ਼ਮਣ ਮੇਰੇ ਹੀ ਆਪਣੇ ਜਜ਼ਬਾਤ ਬਣ ਗਏ ਨੇ।
ਇਹ ਕਿਸ ਤਰ੍ਹਾਂ ਦੇ ਅੱਜ ਕਲ੍ਹ ਦਿਨ-ਰਾਤ ਬਣ ਗਏ ਨੇ?

ਚੜ੍ਹਦਾ ਸੀ ਤਾਪ ਇਕ ਨੂੰ 'ਤੇ ਹੂੰਗਦਾ ਸੀ ਦੂਸਰਾ,
ਕਿੱਸੇ ਇਹ ਬੀਤੇ ਵਕਤਾਂ ਦੀ ਅੱਜ ਬਾਤ ਬਣ ਗਏ ਨੇ।

ਹੁਣ ਜ਼ਹਿਰ ਦੀ ਥਾਂ ਗੋਲ਼ੀ, ਪਿਸਟਲ, ਸਟੇਨ-ਗੰਨਾਂ,
ਇਸ ਮੁਲਕ ਵਿਚ ਹਜ਼ਾਰਾਂ ਸੁਕਰਾਤ ਬਣ ਗਏ ਨੇ।

ਪੱਤੀ ਗੁਲਾਬ ਦੀ ਸਾਂ ਤੁਪਕਾ ਤਰੇਲ ਦਾ ਸਾਂ,
ਪੱਥਰ ਪਿਆ ਹੈ ਬਣਨਾ ਹਾਲਾਤ ਬਣ ਗਏ ਨੇ।

ਪਹਿਲੇ ਸੀ ਸ਼ੁਭ-ਇੱਛਾਵਾਂ ਮਾਵਾਂ ਦੀਆਂ ਦੁਆਵਾਂ!
ਹੁਣ ਕਾਗ਼ਜ਼ਾਂ ਦੇ ਫੁੱਲ ਹੀ ਸੌਗ਼ਾਤ ਬਣ ਗਏ ਨੇ।

ਖ਼ੁਸ਼ਬੂ, ਦੁਪਹਿਰ, ਬੱਦਲ਼ੀ, ਧੁੱਪ, ਛਾਂ, ਹਵਾ 'ਤੇ ਬਿਜਲੀ,
ਉਹ ਸਭ ਮਿਲਾ ਕੇ ਅੱਲਾ ਦੀ ਇਕ ਦਾਤ ਬਣ ਗਏ ਨੇ।

'ਅਮਰੀਕ' ਇਹ ਕਰਿਸ਼ਮਾ ਜੰਗਲ ਦੇ ਰਾਜ ਦਾ ਹੈ,
ਕੁਝ ਜ਼ਹਿਰੀ ਸੱਪ ਆਦਮੀ ਦੀ ਜ਼ਾਤ ਬਣ ਗਏ ਨੇ।

## 3

ਬੜਾ ਚਾਅ ਸੀ ਕੋਈ ਮਿਲ਼ਦਾ ਮਸ਼ੂਕਾ ਦੀ ਵਫ਼ਾ ਵਰਗਾ।
ਮਗਰ ਇਕ ਯਾਰ ਮਿਲਿਆ ਹੈ ਸ਼ਰੀਕਾਂ ਦੀ ਜਫ਼ਾ ਵਰਗਾ।

ਜੇ ਮੈਨੂੰ ਪਿਆਰ ਵੀ ਮਿਲਿਆ ਤਾਂ ਮਿਲਿਆ ਹੈ ਕਜ਼ਾ ਵਰਗਾ।
ਮੈਂ ਜੀਵਨ ਜੀ ਰਿਹਾਂ ਯਾਰੋ! ਕਿਸੇ ਦੀ ਬਦਦੁਆ ਵਰਗਾ।

ਮਿਰਾ ਤਾਂ ਇਹ ਅਕੀਦਾ ਹੈ ਕਿ ਬੰਦਾ, ਬੰਦਾ ਬਣ ਜਾਵੇ,
ਉਹ ਬੰਦਾ ਹੈ ਨਿਰਾ ਪੱਥਰ ਜੋ ਬਣ ਬੈਠੇ ਖ਼ੁਦਾ ਵਰਗਾ।

ਮੈਂ ਅਪਣਾ ਆਪ ਜਦ ਸ਼ੀਸ਼ੇ 'ਚ ਤੱਕਿਆ ਤਾਂ ਇਵੇਂ ਲੱਗੇ,
ਮਿਰਾ ਚਿਹਰਾ ਹੈ ਹੰਝੂਆਂ ਦੇ ਭਰੇ ਹੋਏ ਤਲਾਅ ਵਰਗਾ।

ਮਿਰੇ ਸੀਨੇ 'ਚ ਥਲ ਤਪਦੇ ਮਿਰੇ ਨੈਣਾਂ 'ਚ ਸਾਗਰ ਹੈ,
ਮੁਕੰਮਲ ਇਕ ਸਰਿਸ਼ਟੀ ਹਾਂ ਮੈਂ ਫਿਰ ਵੀ ਹਾਂ ਖ਼ਲਾਅ ਵਰਗਾ।

ਵਫ਼ਾ, ਮਮਤਾ, ਮੁਹੱਬਤ, ਦੋਸਤੀ, ਸਭ ਕੱਚੀਆਂ ਤੰਦਾਂ,
ਕੋਈ ਰਿਸ਼ਤਾ ਨਹੀਂ ਸਾਲਮ 'ਤੇ ਜੀਵਨ ਹੈ ਕਜ਼ਾ ਵਰਗਾ।

ਕਦੇ ਸੂਰਜ, ਕਦੇ ਲਾਵਾ, ਕਦੇ ਹਉਕਾ, ਕਦੇ ਧੂੰਆਂ,
ਕਿਸੇ ਦੀ ਯਾਦ ਵਿਚ 'ਅਮਰੀਕ' ਹੈ ਧੁਖ਼ਦੀ ਚਿਤਾ ਵਰਗਾ।



## 4.

ਮਹਿਕ, ਚਾਨਣ, ਬਰਫ਼ ਫਿਰ ਅੰਗਿਆਰ ਬਣ ਕੇ ਰਹਿ ਗਈ।
ਇਸ਼ਕ ਵਿਚ ਕੀ-ਕੀ ਨਾ ਉਹ ਮੁਟਿਆਰ ਬਣ ਕੇ ਰਹਿ ਗਈ।

ਸ਼ਿਅਰ ਮੈਂ ਪੜ੍ਹਿਆ ਹੀ ਸੀ ਬਸ! ਉਹ ਤੜਪ ਕੇ ਤੁਰ ਗਏ,
ਯਾ ਖ਼ੁਦਾ! ਸੱਚਾਈ ਵੀ ਹੁਣ ਖ਼ਾਰ ਬਣ ਕੇ ਰਹਿ ਗਈ।

ਮੈਂ ਗ਼ਜ਼ਲ ਲਿਖਦਾ ਸਾਂ ਪਰ ਜਾਣੇ ਖ਼ੁਦਾ ਕੀ ਹੋ ਗਿਆ,
ਮੇਰੇ ਹੱਥ ਵਿਚਲੀ ਕਲਮ, ਤਲਵਾਰ ਬਣ ਕੇ ਰਹਿ ਗਈ।

ਮੇਰੀਆਂ ਮਾਸੂਮ ਸੱਧਰਾਂ ਇਸ ਦੀ ਨੀਂਹ ਵਿਚ ਦਫ਼ਨ ਹਨ,
ਜ਼ਿੰਦਗੀ ਸਰਹੰਦ ਦੀ ਦੀਵਾਰ ਬਣ ਕੇ ਰਹਿ ਗਈ।

ਸੱਤ ਪੱਤਣਾਂ ਦਾ ਉਹ ਤਾਰੂ ਨੈਣਾ ਅੰਦਰ ਡੁੱਬ ਗਿਆ,
ਅਕਲ, ਗੌਰਵ, ਮਾਣ, ਸ਼ੇਖ਼ੀ ਭਾਰ ਬਣ ਕੇ ਰਹਿ ਗਈ।

ਉਹ ਅਚਾਨਕ ਮਿਲ ਗਿਆ 'ਅਮਰੀਕ' ਨੂੰ ਤਾਂ ਜ਼ਿੰਦਗੀ,
ਰੇਤ, ਸਾਗਰ, ਲਹਿਰ ਫਿਰ ਮੰਝਧਾਰ ਬਣ ਕੇ ਰਹਿ ਗਈ।

## 5

ਲੋਕ ਬਲਾਉਂਦੇ ਮੈਨੂੰ ਕਿੰਨੇ ਨਾਵਾਂ ਨਾਲ਼।
ਮਾਣ ਇਹ ਮੈਨੂੰ ਮਿਲਿਆ ਲੱਖ ਦੁਆਵਾਂ ਨਾਲ਼।

ਏਹੋ ਤਾਂ ਇਤਿਹਾਸ ਨੇ ਮੇਰੇ ਜੀਵਨ ਦਾ,
ਕਿਉਂ ਨਾ ਜ਼ਖ਼ਮਾਂ ਨੂੰ ਮੈਂ ਰੋਜ਼ ਸੁਲਾਵਾਂ ਨਾਲ਼।

ਆਖ਼ਰਕਾਰ ਤਾਂ ਬੰਦਾ ਥੱਕ ਹੀ ਜਾਂਦਾ ਹੈ,
ਕਿੰਨਾ ਕੋਈ ਦੌੜ ਲਊ ਦਰਿਆਵਾਂ ਨਾਲ਼।

ਤੂੰ ਹੋਇਓਂ ਬੇਗਾਨਾ ਇਹਦਾ ਰੋਸ ਨਹੀਂ,
ਨ੍ਹੇਰੇ ਵਿਚ ਤਾਂ ਰਹਿੰਦਾ ਨਈਂ ਪਰਛਾਵਾ ਨਾਲ਼।

ਰੁੱਖਾਂ ਵਰਗੀ ਅੱਜ ਕਲ੍ਹ ਜੂਨ ਹੰਢਾਉਂਦੇ ਹਾਂ,
ਭੁੱਲ ਕੇ ਹੇਜ ਜਤਾਇਆ ਧੁੱਪਾਂ-ਛਾਵਾਂ ਨਾਲ਼।

ਚੋਗ ਚੁਗਣਗੇ ਉਡ ਜਾਵਣਗੇ ਰੋਵੇਂਗਾ,
ਕਦ ਨਿਭਦੀ ਹੈ ਘੁੱਗੀਆਂ- ਚਿੜੀਆਂ- ਕਾਵਾਂ ਨਾਲ਼।

ਤੇਰਾ ਖ਼ਤ ਮਿਲਿਆ ਮੈਂ ਸਦਕੇ ਲਖ ਵਾਰੀ,
ਚੰਗਾ ਸੀ ਜੇ ਲਿਖ ਦਿੰਦਾ ਸਿਰਨਾਵਾਂ ਨਾਲ਼।

ਏਥੇ ਬੰਦਾ ਅੱਜ ਕਲ੍ਹ ਜੀਉਂਦਾ ਮਰਿਆ ਹੈ,
ਏਥੇ ਕਿਹੜਾ ਮਰਦਾ ਇਨ੍ਹਾਂ ਅਦਾਵਾਂ ਨਾਲ਼।

ਜਿੱਥੇ ਡੁੱਲ੍ਹੇ ਸਨ 'ਅਮਰੀਕ' ਦੇ ਕੁਝ ਹੰਝੂ,
ਲੋਕੀਂ ਸਿਜਦਾ ਕਰਦੇ ਓਥੇ ਚਾਵਾਂ ਨਾਲ਼।



## ਗੁਰਬਖਸ਼ ਜੱਸ

ਫ਼ਿਰਕੂ ਨ੍ਹੇਰੀ ਨੇ ਕੀ ਕੀਤਾ ਇਸ ਨਗਰੀ ਦਾ ਹਾਲ ਵੇ ਲਾਲੋ!
ਹਰ ਦਮ ਇਸ ਨੂੰ ਖਾਈ ਜਾਵੇ ਸੰਗੀਨਾਂ ਦਾ ਖ਼ਿਆਲ ਵੇ ਲਾਲੋ!

ਬਹੁਤ ਸਮੇਂ ਤੱਕ ਇਸ ਨਗਰੀ ਦੇ ਲੋਕੀਂ ਉਲਝੇ ਰਹਿਣੇ ਨੇ,
ਚੱਲ ਗਿਆ ਹੈ ਵਕਤ ਦਾ ਨਾਰਦ, ਐਸੀ ਕੋਈ ਚਾਲ ਵੇ ਲਾਲੋ!

ਆਦਮਖਾਣੇ ਇਸ ਜੰਗਲ ਵਿਚ, ਕਿਸਨੂੰ ਕਹੀਏ ਹੁਣ ਅਪਣਾ?
ਪੂਜਾ ਦੇ ਅਸਥਾਨ ਬਣੇ ਹਥਿਆਰਾਂ ਦੀ ਟਕਸਾਲ ਵੇ ਲਾਲੋ!

ਮਜ਼ਲੂਮਾਂ ਦੇ ਕਤਲਾਂ ਨੂੰ ਜੋ ਇਨਕਲਾਬ ਦਾ ਨਾਂ ਦਿੰਦੇ ਨੇ,
ਉਹ ਹਿਟਲਰ ਦੇ ਯਾਰ ਨੇ ਸਾਰੇ ਜ਼ਾਰ ਦੇ ਭਾਈਵਾਲ ਵੇ ਲਾਲੋ!

ਰੱਬ ਦੇ ਬੂਹੇ ਅੱਗੇ ਕਿਉਂ ਨੇ ਸੰਗੀਨਾਂ ਦੇ ਪਹਿਰੇ ਲੱਗੇ,
ਗੌਤਮ ਦੀ ਇਹ ਧਰਤੀ ਸਾਨੂੰ ਕਰਦੀ ਪਈ ਸਵਾਲ ਵੇ ਲਾਲੋ!

## 'ਤਾਲਿਬ' ਹੁਸ਼ਿਆਰਪੁਰੀ

ਵੇਖਕੇ ਇਕ ਵਾਰ ਜਿਸਨੂੰ ਦਿਲ ਦੀਵਾਨਾ ਹੋ ਗਿਆ।
ਓਸਦੇ ਦੀਦਾਰ ਨੂੰ ਹੁਣ ਇਕ ਜ਼ਮਾਨਾ ਹੋ ਗਿਆ।

ਮੁਸਕਰਾਉਂਦੇ ਤੱਕਿਆ ਸੀ ਓਸਨੇ ਇਕ ਵਾਰ ਹੀ,
ਉਸ ਨਜ਼ਰ ਦੇ ਤੀਰ ਦਾ ਇਹ ਦਿਲ ਨਿਸ਼ਾਨਾ ਹੋ ਗਿਆ।

ਦਿਲ 'ਚ ਸੂਰਤ ਹੈ ਸਨਮ ਦੀ ਅੱਖੀਆਂ ਵਿਚ ਨੂਰ ਹੈ,
ਓਸਨੂੰ ਮਿਲ ਕੇ ਤਸੱਵਰ ਆਸ਼ਕਾਨਾ ਹੋ ਗਿਆ।

ਹਰ ਘੜੀ ਦਿਲਦਾਰ ਦੇ ਦੀਦਾਰ ਨੂੰ ਦਿਲ ਤੜਫ਼ਦਾ,
ਉਮਰ ਭਰ ਦਾ ਰੋਣਾ ਉਸਦਾ ਮੁਸਕਰਾਨਾ ਹੋ ਗਿਆ।

ਜਾਨ ਜਾਣੀ ਸੀ ਗਈ, ਹੈ ਖੇਲ੍ਹ ਜਾਣੀ-ਜਾਣ ਦਾ,
ਓਸਦਾ ਮਿਲਣਾ ਮਰਨ ਦਾ ਬਸ! ਬਹਾਨਾ ਹੋ ਗਿਆ।

ਦਿਲ ਮੇਰੇ ਨੇ ਸ਼ੌਕੀਆ ਜੋ ਗੀਤ ਗਾਇਆ ਪਿਆਰ ਦਾ,
ਜੱਗ ਵਿਚ ਮਸ਼ਹੂਰ ਯਾਰੋ! ਉਹ ਤਰਾਨਾ ਹੋ ਗਿਆ।

ਹੋ ਗਈ ਨਜ਼ਰੇ-ਇਨਾਇਤ ਜਿਸ ਜਗ੍ਹਾ ਵੀ ਆਪ ਦੀ,
ਪਲ ਘੜੀ ਵਿਚ ਬਾਗ਼ ਗੁਲਸ਼ਨ ਉਹ ਵੀਰਾਨਾ ਹੋ ਗਿਆ।

ਜੋ ਰਿਹਾ ਰੱਬ ਦੀ ਰਜ਼ਾ ਵਿਚ ਰੋਜ਼ ਰਾਜ਼ੀ ਦੋਸਤੋ!
ਲਾਜ਼ਮੀ ਲਜਪਾਲ ਜੱਗ 'ਤੇ ਉਹ ਘਰਾਨਾ ਹੋ ਗਿਆ।

ਸ਼ਬਦ ਆਵਾਗੌਣ 'ਤਾਲਿਬ' ਆਖਿਆ ਰਿੰਦਾਂ ਜਦੋਂ,
ਫੇਰ ਚਾਲੂ ਜਾਮ ਦਾ ਚਲਨਾ-ਚਲਾਨਾ ਹੋ ਗਿਆ।



## ਜਸਵੀਰ ਸਿੰਘ ਧੀਮਾਨ

ਦੁੱਖਾਂ ਭਰੀ ਕਹਾਣੀ ਦੇ ਦੋ ਪਾਤਰ ਹਾਂ।
ਸੱਜਣੀ! ਤੂੰ ਏਂ ਅੱਵਲ 'ਤੇ ਮੈਂ ਆਖ਼ਰ ਹਾਂ।

ਓੜਕ ਜਿਸ ਨੇ ਤੇਰੀ ਪਿਆਸ ਬੁਝਾਉਣੀ ਏਂ,
ਸੱਜਣੀ! ਪਿਆਰ ਦਾ ਭਰਿਆ ਮੈਂ ਉਹ ਸਾਗਰ ਹਾਂ।

ਤੇਰੀ ਪੁਸਤਕ ਦੇ ਵਿਚ ਜਿਸ ਨੇ ਰਹਿਣਾ ਏਂ,
ਪਿਆਰ ਦੇ ਰੁੱਖ ਤੋਂ ਟੁੱਟਿਆ ਮੈਂ ਉਹ ਪੱਤਰ ਹਾਂ।

ਮੇਰੇ ਬਾਝੋਂ ਤੂੰ ਵੀ ਕਦੋਂ ਮੁਕੰਮਲ ਏਂ?
ਤੇਰੇ ਨਾਂ ਦਾ ਮੈਂ ਹੀ ਪਹਿਲਾ ਅੱਖਰ ਹਾਂ।

ਜਿੱਥੇ ਵੀ ਇਹ ਡਿਗਿਆ ਨਗ਼ਮਾ ਬਣ ਜਾਣਾ,
ਤੇਰੀ ਸੋਚ ਦੇ ਰੁੱਖ ਦਾ ਮੈਂ ਉਹ ਪੱਤਰ ਹਾਂ।

## 2

ਕਿਸ ਚੰਦਰੇ ਨੇ ਕਿਹੜੇ ਵੇਲੇ ਕਿਸ ਦਾ ਨਾਮ ਲਿਆ?
ਪਲ ਭਰ ਦੇ ਵਿਚ ਚੜ੍ਹ ਆਏ ਨੇ ਅੱਖਾਂ ਦੇ ਦਰਿਆ।

ਤੇੜਾਂ ਦੇ ਅੰਦਰ ਕੋਈ ਵੀ ਅਕਸ ਨਾ ਉੱਭਰਿਆ।
ਭਾਵੇਂ ਜੀਵਨ ਸ਼ੀਸ਼ੇ ਸਾਹਵੇਂ ਸਭ ਕੁਝ ਆਏ ਵਿਖਾ।

ਰੰਗ ਲਿਆਵੇਗੀ ਕੁਰਬਾਨੀ ਸਿਰਲੱਥਾਂ ਦੀ ਇਕ ਦਿਨ,
ਸਭ ਕੁਝ ਜਿਹੜੇ ਭੁੱਲ-ਭੁਲਾ ਕੇ ਆਪਾ ਰਹੇ ਲੁਟਾ।

ਜਦ ਵੀ ਕਿਧਰੇ ਪਿਆਰ ਕਿਸੇ ਦਾ ਯਾਰੋ! ਸੂਲ਼ੀ ਚੜ੍ਹਿਆ,
ਵਿਚ ਥਲਾਂ ਦੇ ਰੌਲ਼ਾ ਪਾਉਂਦੀ ਫਿਰਦੀ ਰਹੀ ਹਵਾ।

ਭੁੱਲ-ਭੁਲਾ ਕੇ ਉਸ ਨੂੰ ਆਪਾਂ ਦਿਨ ਕੱਟੀ ਹਾਂ ਕਰਦੇ,
ਜਦ ਵੀ ਆਵੇ ਯਾਦ ਸੱਜਣ ਦੀ ਲੈ ਜਾਵੇ ਭਰਮਾ।



## 3

ਜਿੰਨੀ ਕੀਤੀ ਹਾਏ-ਹਾਏ!
ਓਨੇ ਅਪਣੇ ਦਰਦ ਵਧਾਏ।

ਪੀੜ ਗਏ ਰੂਹਾਂ ਦੀਆਂ ਨਾੜਾਂ,
ਚੰਗੀ ਪੀੜ ਵੰਡਾਵਣ ਆਏ।

ਉਸ ਦਿਨ ਤੋਂ ਕੁਝ ਵੀ ਨਾ ਦਿਸਦਾ,
ਜਿਸ ਦਿਨ ਦੇ ਉਹ ਨਜ਼ਰੀਂ ਆਏ।

ਜਿਹੜੇ ਪਾਣੀ ਸਮਤਲ ਰਹਿੰਦੇ,
ਭੇਤ ਉਹਨਾਂ ਦਾ ਕਿਹੜਾ ਪਾਏ?

ਮੇਰੀ ਸੋਚ 'ਚ ਮੇਰੀ ਕਲਪਣ,
ਕਲਪਣ ਅੰਦਰ ਤੇਰੇ ਸਾਏ।

ਕਫ਼ਨ ਜਿਹਨਾਂ ਦੇ ਸਿਰ 'ਤੇ ਬੱਧੇ,
ਮੌਤ ਉਹਨਾਂ ਦੇ ਪੈਰ ਦਬਾਏ।

## 4

ਬਿਰਹਾ ਦੇ ਜੋ ਬੋਲ ਲਬਾਂ 'ਤੇ ਆਏ ਹਨ।
ਮਨ ਦੀ ਧਰਤੀ ਨੇ ਇਹ ਸਭ ਹੰਢਾਏ ਹਨ।

ਉਹਨਾਂ ਦੇ ਸਭ ਦੁੱਖ-ਸੁੱਖ ਸਾਡੇ ਵਰਗੇ ਹਨ,
ਫਿਰ ਦੱਸੋ ਉਹ ਲੋਕੀਂ ਕਿੰਝ ਪਰਾਏ ਹਨ?

ਲੋਕਾਂ ਦੇ ਲਈ ਆਪਾਂ ਫੁੱਲ ਉਗਾਉਂਦੇ ਰਹੇ,
ਸਾਡੇ ਹਿੱਸੇ ਖ਼ਾਰ ਭਲਾ ਕਿਉਂ ਆਏ ਹਨ?

ਉਹਨਾਂ ਬੋਲਾਂ ਨੇ ਹੀ ਸੱਚੇ ਰਹਿਣਾ ਏਂ,
ਅਮਲਾਂ ਦੀ ਭੱਠੀ ਵਿਚ ਜਿਹੜੇ ਤਾਏ ਹਨ।

ਉਹਨਾਂ ਦੇ ਦੁੱਖ ਅਪਣੇ ਕਿਉਂ ਹੁਣ ਲਗਦੇ ਨਹੀਂ,
ਉਹ ਵੀ ਤਾਂ ਆਖ਼ੀਰ ਕਿਸੇ ਦੇ ਜਾਏ ਹਨ।



## 5

ਆਪਾਂ ਕਵਿਤਾਵਾਂ 'ਚੋਂ ਲੱਭਦੇ ਬਹਿਰ ਗਏ।
ਅਰਥਾਂ ਦੀ ਜ਼ਦ ਗੱਲ ਤੁਰੀ ਤਾਂ ਠਹਿਰ ਗਏ।

ਸਾਡਾ ਆਪਾ ਸਾਨੂੰ ਛੱਡ ਕੇ ਦੂਰ ਗਿਆ,
ਆਪਾਂ ਯਾਰਾ! ਜਦ ਵੀ ਤੇਰੇ ਸ਼ਹਿਰ ਗਏ।

ਭੁਲ ਚੁੱਕੇ ਸਾਂ ਸੱਭੇ ਗੱਲਾਂ ਪਿਆਰ ਦੀਆਂ,
ਖਿੜਕੀ ਖੁਲ੍ਹੀ ਤੱਕੀ ਤਾਂ ਹੀ ਠਹਿਰ ਗਏ।

ਤੇਰਾ ਥਹੁ-ਟਿਕਾਣਾ ਕੋਈ ਲੱਭਿਆ ਨਾ,
ਆਪਾਂ ਤੈਨੂੰ ਲੱਭਦੇ ਸ਼ਹਿਰੋ-ਸ਼ਹਿਰ ਗਏ।

ਤਾਜ਼ੇ ਪਾਣੀ ਉਹੀਓ ਜਿਹੜੇ ਚਲਦੇ ਰਹਿਣ,
ਗੰਧਲਾਏ ਜੋ ਰਾਹਾਂ ਦੇ ਵਿਚ ਠਹਿਰ ਗਏ।

ਯਾਰਾਂ ਸਦਕਾ ਅਸੀਂ ਸਬੂਤੇ ਦਿਸਦੇ ਹਾਂ,
ਉਂਝ ਤਾਂ ਸਾਡੇ ਉਪਰੋਂ ਲੰਘ ਕਈ ਕਹਿਰ ਗਏ।

## ਜ਼ਾਹਿਦ ਨਵਾਜ਼

ਅਪਣੇ ਫੱਟ ਲੁਕਾ ਕੇ ਸੱਜਣਾ ਮੇਰਾ ਦਰਦ ਵੰਡਾਇਆ।
ਦੀਪਕ ਰਾਗ ਦੇ ਸੜ੍ਹਿਆਂ ਹੋਇਆਂ ਕਿੰਜ ਮਲਹਾਰ ਸੁਣਾਇਆ?

ਪੈਂਡੇ ਵੀ 'ਤੇ ਮਜ਼ਲੂਮਾਂ ਦੀ ਸਾਂਝ ਨੂੰ ਤੋੜ ਨਾ ਸੱਕੇ,
ਜਦ ਵੀ ਕੋਈ ਤਾਰਾ ਟੁੱਟਿਆ ਕੱਖਾਂ ਰੌਲ਼ਾ ਪਾਇਆ।

ਮੈਂ ਪੱਥਰਾਂ ਵਿਚ ਚਿਣਿਆ ਹੋਇਆ ਹਾਲੀ ਤੀਕ ਉਡੀਕਾਂ,
ਦਿਲ ਦਾ ਮਹਿਰਮ ਇਸ਼ਕ ਦੀ ਵੱਖਰੀ ਛਬ ਨਹੀਂ ਵੇਖਣ ਆਇਆ।

ਕੰਡਿਆਂ ਦੇ ਘੇਰੇ ਵਿਚ ਫੁੱਲ 'ਤੇ ਅਣਖ ਦੀ ਲਾਲੀ ਨੱਚੀ,
ਤੋੜ ਲਿਆ 'ਤੇ ਸ਼ੀਸ਼ੇ ਦੇ ਗੁਲਦਾਨਾਂ ਵਿਚ ਕੁਮਲ਼ਾਇਆ।

ਤੇਵਰ ਨਹੀਂ 'ਤੇ ਚੰਨ ਦੀ ਲਾਲੀ ਅੱਖਾਂ ਵਿਚ ਲੁਕਾ ਲਈ,
ਮੈਂ ਜਗਰਾਤਿਆਂ ਵਿੱਚੋਂ 'ਜ਼ਾਹਿਦ' ਕਿੰਨਾ ਕੁਝ ਕਮਾਇਆ।



2.

ਇੰਜ ਵੀ ਅਪਣੀ ਅਣਖ ਬਚਾ ਲਈ ਲੋਕਾਂ ਨੇ।
ਮੀਂਹ ਵਰ੍ਹਿਆ 'ਤੇ ਅੱਗ ਭੜਕਾ ਲਈ ਲੋਕਾਂ ਨੇ।

ਕਬਰ 'ਤੇ ਲੱਗੇ ਹੋਏ ਕੁਤਬੇ ਦਸਦੇ ਨੇ,
ਪੱਥਰਾਂ ਦੀ 'ਤੇ ਸਾਂਝ ਨਿਭਾ ਲਈ ਲੋਕਾਂ ਨੇ।

ਹੰਝੂਆਂ ਦੇ ਸੁੱਕਣ ਦਾ ਰੋਣਾ ਰੋਂਦਾ ਸਾਂ,
ਹੱਸਦੇ-ਹਸਦੇ 'ਵਾਜ ਗੁਆ ਲਈ ਲੋਕਾਂ ਨੇ?

ਦਿਨ ਦਾ ਚਾਨਣ ਵੀ 'ਤੇ ਭੇਤ ਲੁਕਾ ਸਕਦਾ,
ਕਿਉਂ ਨੇਰ੍ਹੇ ਦੀ ਕਫ਼ਣੀ ਪਾ ਲਈ ਲੋਕਾਂ ਨੇ?

ਮੰਗਵੇਂ ਅਥਰੂ ਡੋਲ੍ਹਣ ਤੋਂ 'ਤੇ ਚੰਗਾ ਏ,
ਜੋ ਅਰਥੀ ਦੀ ਜੰਞ ਬਣਾ ਲਈ ਲੋਕਾਂ ਨੇ।

ਸੁੱਤਿਆਂ ਨੂੰ 'ਤੇ ਫੇਰ ਸਹਾਰਾ ਖ਼ਾਬਾਂ ਦਾ,
ਜਾਗਦਿਆਂ ਦੀ ਸੋਚ ਵੀ ਖਾ ਲਈ ਲੋਕਾਂ ਨੇ।

ਗ਼ਰਜ਼ਾਂ ਦੀ ਸੂਲ਼ੀ 'ਤੇ ਚਾੜ੍ਹ ਕੇ 'ਜ਼ਾਹਿਦ' ਨੂੰ,
ਮੱਥਿਆਂ 'ਤੇ ਤਸਵੀਰ ਸਜਾ ਲਈ ਲੋਕਾਂ ਨੇ।

## ਨਜ਼ੀਰ ਕੈਸਰ

ਲੋਕ ਕਹਿੰਦੇ ਨੇ ਘਰ ਗਿਆ ਸੀ ਮੈਂ।
ਫੇਰ ਕਿਉਂ ਰਾਤ ਡਰ ਗਿਆ ਸੀ ਮੈਂ?

ਸੁੱਤੀ ਹੋਈ ਸੀ ਉਹ ਮੇਰੇ ਖ਼ਾਬਾਂ ਵਿਚ,
ਫੁੱਲ ਤਕੀਏ 'ਤੇ ਧਰ ਗਿਆ ਸੀ ਮੈਂ।

ਖੋਲ੍ਹ ਕੇ ਹੱਥ ਉਹਨੇ ਤੱਕਿਆ ਸੀ,
'ਵਾ ਚੱਲੀ ਸੀ ਤਾਂ ਖਿੱਲਰ ਗਿਆ ਸੀ ਮੈਂ।

ਅੱਗ ਲੱਗੀ ਸੀ ਦੂਰ ਇਕ ਘਰ ਨੂੰ,
ਨਾਲ ਧੂੰਏਂ ਦੇ ਭਰ ਗਿਆ ਸੀ ਮੈਂ।

ਕੋਈ ਪਰਛਾਵਾਂ ਰਾਤ ਬੱਤੀ ਨਾਲ,
ਗੱਲਾਂ ਕਰਦਾ ਸੀ, ਡਰ ਗਿਆ ਸੀ ਮੈਂ।



## 2.

ਕਾਲ਼ੀ ਬਦਲ਼ੀ ਕੰਧਾਂ ਪਈ ਉਸਾਰਦੀ ਸੀ।
ਕਦੇ-ਕਦੇ ਬਿਜਲੀ ਲਿਸ਼ਕਾਰੇ ਮਾਰਦੀ ਸੀ।

ਪੈਰਾਂ ਵਿਚ ਜ਼ੰਜੀਰ ਸੀ ਬੁੱਢੀ ਧਰਤੀ ਦੀ,
ਅੱਖਾਂ ਵਿਚ ਸੂਰਤ ਅਸਮਾਨੋਂ ਪਾਰ ਦੀ ਸੀ।

ਬੁੱਲਾਂ ਉੱਤੇ ਲਹੂ ਸੀ ਲਿਖਿਆ ਹਰਫ਼ ਜਿਹਾ,
ਜ਼ਖ਼ਮੀ ਹੱਥ ਵਿਚ ਫੁੱਲ ਨਿਸ਼ਾਨੀ ਪਿਆਰ ਦੀ ਸੀ।

ਮੈਂ ਚੁਪ-ਚਾਪ ਗਲ਼ੀ 'ਚੋਂ ਲੰਘਦਾ ਜਾਂਦਾ ਸਾਂ,
ਖੁੱਲ੍ਹੀ ਹੋਈ ਬਾਰੀ 'ਵਾਜਾਂ ਮਾਰਦੀ ਸੀ।

ਤਕੀਏ ਥੱਲੇ ਰੁੱਕਾ ਸੀ ਜੁਦਾਈ ਦਾ,
ਬਿਸਤਰ 'ਤੇ ਖ਼ੁਸ਼ਬੂ ਫੁੱਲਾਂ ਦੇ ਹਾਰ ਦੀ ਸੀ।

## ਸਿੱਦੀਕ ਬੇਕਸ ਕਾਦਰੀ

ਨਾਲ਼ ਕਿਸੇ ਦੇ ਜੀ ਪਰਚਾਉਣ ਦਾ ਵੇਲਾ ਨਹੀਂ।
ਸੁਰਮਾ, ਸੱਕ 'ਤੇ ਕੰਘੀ ਵਾਹੁਣ ਦਾ ਵੇਲਾ ਨਹੀਂ।

ਚਹੁੰ ਕੰਧਾਂ ਦੇ ਅੰਦਰ ਲੁਕ ਕੇ ਬਹਿ ਰਹੀਏ,
ਨਾਲ ਕਿਸੇ ਦੇ ਅੱਖ ਮਿਲਾਉਣ ਦਾ ਵੇਲਾ ਨਹੀਂ।

ਨਾ ਉਹ ਸਾਵਣ ਰੁੱਤ ਨਾ ਕੋਇਲਾਂ ਕੂਕਦੀਆਂ,
ਪਿੱਪਲਾਂ ਉੱਤੇ ਪੀਘਾਂ ਪਾਉਣ ਦਾ ਵੇਲਾ ਨਹੀਂ।

ਸੁੱਕੀ ਰੇਤ ਦੀ ਕੰਧ ਕਿਤੇ ਨਾ ਖ਼ੁਰ ਜਾਵੇ,
ਹਟ ਜਾ ਬੱਦਲਾ! ਮੀਂਹ ਬਰਸਾਉਣ ਦਾ ਵੇਲਾ ਨਹੀਂ।

ਜੀਹਨੂੰ ਬਹਿ ਕੇ ਰਾਹਾਂ ਵਿਚ ਉਡੀਕੇਂ ਤੂੰ,
ਤੁਰ ਜਾ ਘਰ ਨੂੰ ਉਹਦੇ ਆਉਣ ਦਾ ਵੇਲਾ ਨਹੀਂ।

ਬਦੋ-ਬਦੀ 'ਬੇਕਸ' ਮਨਸੂਰ ਬਣਾ ਲੈਂਦੇ,
ਸੱਚੀ-ਸੱਚੀ ਗੱਲ ਸੁਣਾਉਣ ਦਾ ਵੇਲਾ ਨਹੀਂ।



## ਦੀਦਾਰ ਸ਼ੇਤਰਾ

ਨਹੀਂ ਜ਼ਿੰਦਗੀ ਦੀ ਪੁੱਗਦੀ ਹਨੇਰਿਆਂ ਦੇ ਨਾਲ।
ਸਾਡਾ ਵਾਸਤਾ ਹੈ ਸੁਰਖ਼ ਸਵੇਰਿਆਂ ਦੇ ਨਾਲ।

ਕਦੀ ਨਿਭਦੀ ਨਈਂ ਵੇਖੀ ਨਿਰੀ ਲੱਡੂਆਂ ਦੀ ਯਾਰੀ,
ਬੋਲ ਪੁੱਗਦੇ ਹਮੇਸ਼ਾ ਡਾਢੇ ਜੇਰਿਆਂ ਦੇ ਨਾਲ।

ਜਿਹਨਾਂ ਮੰਜ਼ਲਾਂ 'ਤੇ ਜਾਣੈ ਤੁਰੇ ਰਹਿਣ ਦਿਨੇ-ਰਾਤੀਂ,
ਉਹ ਨਹੀਂ ਸੋਚਦੇ ਕਿ ਤੁਰਾਂਗੇ ਸਵੇਰਿਆਂ ਦੇ ਨਾਲ।

ਲੈਂਦਾ ਸਿੱਖ ਕਿਵੇਂ ਕੀਲ ਕੇ ਪਟਾਰੀ ਨਾਗ ਪਾਉਣੇ,
ਐਵੇਂ ਘੁੰਮ ਕੇ ਗਵਾਈ ਤੂੰ ਸਪੇਰਿਆਂ ਦੇ ਨਾਲ।

ਉਂਜ ਬੁੱਲ੍ਹਾਂ ਉੱਤੇ ਲੋਕਾਂ ਦਿਆਂ ਦੁੱਖਾਂ ਦੀਆਂ ਗੱਲਾਂ,
ਵਿੱਚੋਂ ਪਾਲ਼ਦੇ ਉਹ ਯਾਰੀਆਂ ਲੁਟੇਰਿਆਂ ਦੇ ਨਾਲ।

ਉਹਨਾਂ ਮਾਂਦਰੀ ਹੀ ਭਾਲ਼ਦੇ ਗੁਜ਼ਾਰੀ ਸਾਰੀ ਉਮਰ,
ਹੱਥ ਖੇਡਦੇ ਸਪੇਰੇ ਹੀ ਸਪੇਰਿਆਂ ਦੇ ਨਾਲ।

'ਦਾਰ' ਜਦੋਂ ਦੀ ਪਛਾਣੀ 'ਰੁੱਤ ਸਮਿਆਂ ਦੀ ਹਾਣੀ,'
ਤੁਰੀ ਬਾਲ਼ ਕੇ ਮਸ਼ਾਲਾਂ, ਜਿੰਦ ਜੇਰਿਆਂ ਦੇ ਨਾਲ।

## ਭਗਤ ਬਛੌਂੜੀ

ਬਣਕੇ ਨੇ ਤੁਰਦੇ ਸਮੇਂ ਦੇ ਜੋ ਹਾਣੀ।
ਉਨ੍ਹਾਂ ਹੁੰਦੀ ਹੈ ਸੁੱਤੀ ਕੌਮ ਜਗਾਣੀ।

ਜਗ ਪਏ ਜਿਨ੍ਹਾਂ ਅੰਦਰ ਦੀਪਕ ਅਣਖ ਦੇ,
ਭਰਦੇ ਨਹੀਂ ਉਹ ਕਿਸੇ ਜਾਬਰ ਦਾ ਪਾਣੀ।

ਕਿਵੇਂ ਪੇਚ ਖੋਲ੍ਹਾਂ ਤੇਰੀ ਜ਼ੁਲਫ਼ ਦੇ ਮੈਂ,
ਬੇ-ਰੁਜ਼ਗਾਰੀ 'ਚ ਉਲਝੀ ਮੇਰੀ ਤਾਣੀ।

ਕੰਡਿਆਲੇ ਰਾਹਾਂ 'ਤੇ ਤੁਰਦੇ ਨੇ ਜਿਹੜੇ,
ਜਾਨਣ ਉਹ ਜਾਬਰ ਦੀ ਅਣਖ ਮੁਕਾਣੀ।

ਹਨੇਰੀ ਨੇ ਜ਼ੋਰ ਬੜਾ ਲਾਇਆ ਐਪਰ,
ਪੱਤਾ-ਪੱਤਾ ਝੜਕੇ ਵੀ ਰੋਈ ਨਾ ਟਾਣ੍ਹੀ।



## ਜਸਵੰਤ ਪਰਮਾਰ 'ਚਮਨ'

ਜਿਨ੍ਹਾਂ ਨੂੰ ਸ਼ੌਕ ਮਿਲਣੇ ਦਾ, ਝਨਾਂ ਤੋਂ ਪਾਰ ਜਾਂਦੇ ਨੇ।
ਨਹੀਂ ਕੱਚਿਆਂ ਤੋਂ ਉਹ ਡਰਦੇ, ਜੋ ਨਿਸਚਾ ਧਾਰ ਜਾਂਦੇ ਨੇ।

ਜੇ ਹੋਵੇ ਹਿਜਰ ਦੀ ਸ਼ਬ, ਨੀਂਦ ਆ ਸਕਦੀ ਹੈ ਫਿਰ ਕਿਸ ਨੂੰ ?
ਵਿਚਾਰੇ ਤਾਰੇ ਗਿਣ-ਗਿਣ ਕੇ ਹੀ ਆਖ਼ਰ ਹਾਰ ਜਾਂਦੇ ਨੇ।

ਜਦੋਂ ਰੁੱਖਾਂ ਨੂੰ ਫ਼ਲ ਲਗਦੈ, ਉਹ ਝੁਕ ਜਾਂਦੇ ਨੇ ਥੱਲੇ ਨੂੰ,
ਮਗਰ ਫ਼ਲ ਲੱਗੇ ਜੇ ਬੰਦਿਆਂ ਨੂੰ, ਉਹ ਹੰਕਾਰ ਜਾਂਦੇ ਨੇ।

ਜੋ ਬੰਦੂਕਾਂ ਦੇ ਸਾਹਵੇਂ ਹੱਸਕੇ ਸੀਨਾ ਤਾਣ ਦਿੰਦੇ ਹਨ,
ਉਨ੍ਹਾਂ ਨੂੰ ਵਾਰ ਨੈਣਾ ਦੇ ਹੀ ਅਕਸਰ ਮਾਰ ਜਾਂਦੇ ਨੇ।

ਜਿਨ੍ਹਾਂ ਦਾ ਇਸ਼ਕ ਕਾਮਿਲ ਹੈ ਉਹ ਘਬਰਾਇਆ ਨਹੀਂ ਕਰਦੇ,
ਟਿਕਾ ਕੇ ਸਿਰ ਤਲੀ 'ਤੇ ਦਿਲ ਦੇ ਦਾਅਵੇਦਾਰ ਜਾਂਦੇ ਨੇ।

ਬਹੁਤ ਘੱਟ ਨੇ ਜੋ ਸੱਚਾ ਪਿਆਰ ਦਿਲਬਰ ਤਾਈਂ ਹਨ ਕਰਦੇ,
ਜ਼ਿਆਦਾ ਐਸੇ ਨੇ ਜੋ ਗੱਲੀਂ-ਬਾਤੀਂ ਸਾਰ ਜਾਂਦੇ ਨੇ।

'ਚਮਨ' ਦੁਨੀਆ ਦੀ ਸ਼ੁਹਰਤ ਜਿੱਤ ਜਾਂਦੇ ਹਨ ਕਈ ਬੰਦੇ,
ਮਗਰ ਇਸ ਇਸ਼ਕ ਦੀ ਬਾਜ਼ੀ ਵਿਚਾਰੇ ਹਾਰ ਜਾਂਦੇ ਨੇ।

## ਸਰਵਣ ਸਿੱਧੂ ਮੋਰਾਂ ਵਾਲੀ

ਤਾਜ਼ਗੀ ਮਿਲਦੀ ਹੈ ਤੱਕਿਆਂ ਆਪਦੀ ਤਸਵੀਰ ਨੂੰ।
ਵੇਖਦਾ ਹਰ ਦਮ ਰਹਾਂ ਇਸ ਵਾਦੀ-ਏ-ਕਸ਼ਮੀਰ ਨੂੰ।

ਖ਼ਾਬ ਜ਼ਿੰਦਗੀ ਦੇ ਅਧੂਰੇ, ਪੂਰੇ ਅਖ਼ੀਰ ਹੋ ਗਏ,
ਫਿਰ ਕਿਉਂ ਕੋਸਾਂ ਭਲਾ ਆਪਣੀ ਤਕਦੀਰ ਨੂੰ ?

ਗ਼ਮ ਦਿਆਂ ਵਹਿਣਾਂ 'ਚ ਬੇੜੀ ਠੇਲ੍ਹ ਘਬਰਾਇਆ ਬੜਾ,
ਆਸ ਪੁੱਗੀ ਜਾਂ ਧਿਆਇਆ ਦਿਲ ਵਸੇਂਦੇ ਪੀਰ ਨੂੰ।

ਜਾਗ ਉੱਠੀ ਫਿਰ ਖ਼ੁਸ਼ੀ ਦੀ ਲਹਿਰ ਇਕ ਦੱਬੀ ਹੋਈ,
ਘੁੱਪ ਹਨੇਰੇ ਵਿਚ ਵਿਖਾਈ ਰਾਹ ਦਿਲੇ-ਦਿਲਗੀਰ ਨੂੰ।

ਸੋਚ ਵਿਚ ਡੁੱਬੇ ਹੋ ਜਾਂ ਕਾਤਿਲ ਅਦਾ ਹੈ ਆਪਦੀ,
ਰਾਤ ਭਰ ਏਹੋ ਪ੍ਰਸ਼ਨ ਪੁੱਛਦਾ ਰਿਹਾ ਤਕਦੀਰ ਨੂੰ।

ਦੋਸ਼ ਮੇਰੇ ਦੀ ਸਜ਼ਾ ਮੈਨੂੰ ਕਿਉਂ ਮੇਰੇ ਹਜ਼ੂਰ!
ਜੀਅ ਕਰੇ ਤਾਂ ਮਾਫ਼ ਕਰ ਦੇਣਾ ਮੇਰੀ ਤਕਸੀਰ ਨੂੰ।



## ਡਾ. ਰਣਧੀਰ ਸਿੰਘ 'ਚੰਦ'

ਲੰਮੀ ਔੜ, ਉਦਾਸੀ ਪੱਤਝੜ, ਠੱਕਾ 'ਤੇ ਕੋਰਾ ਵੀ ਹੈ।
ਇਸ ਮੌਸਮ ਵਿੱਚ ਸੂਲ਼ੀ ਚੜ੍ਹਿਆ ਇਕ ਸੂਰਜ ਮੇਰਾ ਵੀ ਹੈ।

ਤਲਖ਼ ਫ਼ਿਜ਼ਾ, ਬੇਦਰਦ ਹਵਾ, ਤਨਹਾਈ ਦਾ ਸਹਿਰਾ ਵੀ ਹੈ।
ਬੇ-ਮੌਸਮ ਵਿੱਚ ਖਿੜ੍ਹਕੇ ਜੀਉਂਦੇ ਰਹਿਣ ਦੀ ਮਿਲੀ ਸਜ਼ਾ ਵੀ ਹੈ।

ਜਦ ਘਬਰਾ ਕੇ ਹਰ ਕਤਰੇ ਨੂੰ ਅਸੀਂ ਸਮੁੰਦਰ ਸਮਝ ਲਿਆ,
ਓਦੋਂ ਭੇਤ ਨਹੀਂ ਸੀ ਰਾਹ ਵਿੱਚ ਉਸਦਾ ਦਿਲ ਦਰਿਆ ਵੀ ਹੈ।

ਹਰ ਇਕ ਗਲੀ ਪਛਾਣੀ ਜਾਵੇ ਜਿਸ ਵਿੱਚ ਉਸ ਇਕ ਨਾਂ ਦੇ ਨਾਲ,
ਇਸ ਨਗਰੀ ਦਾ ਸਭ ਤੋਂ ਵੱਖਰਾ ਆਖ਼ਰ ਉਹ ਨਕਸ਼ਾ ਵੀ ਹੈ।

ਤੀਹਵੇਂ ਸਾਲ ਤੋਂ ਪਿੱਛੋਂ ਮੈਨੂੰ ਲੱਗਿਆ ਹੈ ਇਕਤਾਲ਼ੀਵਾਂ,
ਇਹ ਸਨਮਾਨ ਮਿਲਣ ਵਿੱਚ ਤੇਰੇ ਗ਼ਮ ਦਾ ਕੁਝ ਹਿੱਸਾ ਵੀ ਹੈ।

## 2

ਬੇਵਫ਼ਾ ਦੁਨੀਆ ਦੇ ਵਿੱਚੋਂ, ਹੁਣ ਵਫ਼ਾ ਮਿਲ਼ਦੀ ਨਹੀਂ।
ਇਸ਼ਕ ਦੇ ਰੋਗੀ ਨੂੰ ਕੋਈ ਵੀ ਦਵਾ ਮਿਲ਼ਦੀ ਨਹੀਂ।

ਹੁਸਨ ਕਰਦੈ ਕਤਲ ਚਿੱਟੇ ਦਿਨ ਬੇਦੋਸ਼ਾਂ ਨੂੰ ਹਮੇਸ਼,
ਫਿਰ ਵੀ ਇਸ ਕਾਤਿਲ ਨੂੰ ਕਿਉਂ ਕੋਈ ਸਜ਼ਾ ਮਿਲ਼ਦੀ ਨਹੀਂ।

ਕੋਈ ਦੁਨੀਆ ਵਿਚ ਨਹੀਂ ਮਿਲਦਾ ਤਿਰੇ ਵਰਗਾ ਹੁਸੀਨ,
ਤੇਰੇ ਵਰਗੀ ਸ਼ਕਲ ਕੋਈ ਦਿਲ-ਰੁਬਾ ਮਿਲ਼ਦੀ ਨਹੀਂ।

ਇੱਕੋ-ਇੱਕ ਥਾਂ ਹੈ ਕਿ ਜਿੱਥੇ ਦੀਦ ਹੁੰਦੀ ਹੈ ਨਸੀਬ,
ਜਾਣ ਦੀ ਉਸ ਥਾਂ ਇਜਾਜ਼ਤ ਦੋਸਤਾ! ਮਿਲ਼ਦੀ ਨਹੀਂ।

ਕਿਸ ਤਰ੍ਹਾਂ ਦਾ ਇਹ ਜ਼ਮਾਨਾ ਹੋ ਗਿਆ ਹੈ ਬੇਵਫ਼ਾ,
ਕੋਈ ਹਸਤੀ ਹੁਣ ਕਿਸੇ ਥਾਂ ਬਾ-ਵਫ਼ਾ ਮਿਲ਼ਦੀ ਨਹੀਂ।

ਹੁਸਨ ਦੀ ਖ਼ੂਬੀ ਹਯਾ ਹੈ, ਇਸ਼ਕ ਦੀ ਖ਼ੂਬੀ ਅਦਬ,
ਹੁਸਨ ਤਾਂ ਮਿਲਦਾ ਹੈ ਹਰ ਥਾਂ ਪਰ ਹਯਾ ਮਿਲ਼ਦੀ ਨਹੀਂ।

ਹੋਰ ਵੀ ਸ਼ਾਇਰ 'ਚਮਨ' ਪਰਮਾਰ ਏਥੇ ਹਨ ਬਹੁਤ,
ਤੇਰੇ ਵਰਗੀ ਜ਼ਿੰਦਗੀ ਪਰ ਪਾਰਸਾ ਮਿਲ਼ਦੀ ਨਹੀਂ।



## 3

ਪ੍ਰੀਤਾਂ ਦੇ ਹਨ ਪੰਧ ਲੰਮੇਰੇ।
ਰਾਹੀਆ! ਵਧ ਚਲ ਹੋਰ ਅਗੇਰੇ।

ਤੈਨੂੰ ਹੋਣੀ ਬਹੁਤ ਡਰਾਊ,
ਪਰ ਤੂੰ ਰੱਖੀਂ ਤਕੜੇ ਜੇਰੇ।

ਦਿਨ ਚੜ੍ਹਦੇ ਮੰਜ਼ਿਲ 'ਤੇ ਪਹੁੰਚਣ,
ਜਿਹੜੇ ਪਾਂਧੀ ਤੁਰਨ ਮੁਨ੍ਹੇਰੇ।

ਮਸਤ ਅਦਾ ਚਲਦੇ ਨੇ ਹਾਥੀ,
ਭਾਵੇਂ ਮੱਚੇ ਸ਼ੋਰ ਚੁਫ਼ੇਰੇ।

ਖ਼ੁਦ ਬਲ਼ਕੇ ਚਾਨਣ ਹਨ ਕਰਦੇ,
ਜਗਦੇ ਦੀਪਕ ਦੇਖ! ਬਨੇਰੇ।

ਜਿਸ ਨੂੰ ਹਾਸਾ ਬਖ਼ਸ਼ੇ ਕੁਦਰਤ,
ਉਹ ਪਾਗ਼ਲ ਕਿਉਂ ਹੰਝੂ ਕੇਰੇ?

ਉਹ ਤਾਂ ਵਗਦੇ ਦਰਿਆ ਰੋਕਣ,
ਜਿਨ੍ਹਾਂ ਦੇ ਹਨ ਪੱਕੇ ਜੇਰੇ।

ਨੇਰ੍ਹੇ ਨੂੰ ਲਹਿੰਦੇ ਵਲ ਧੱਕਿਆ,
ਕਰਕੇ ਜਿਗਰਾ ਸੋਨ ਸਵੇਰੇ।

'ਚਮਨ' ਤਿਰੇ ਰਾਹੀਂ ਵਿਛਣੇ ਫੁੱਲ,
ਹੁਣ ਚੁਭਦੇ ਹਨ ਖ਼ਾਰ ਤਿਖੇਰੇ।

ਜਿਸ ਰਾਹ ਤੁਰ ਪਿਆ ਹਾਂ ਉਹ ਰਾਹ ਰੇਤਲਾ ਹੈ।
ਚਿਰ ਬਾਅਦ ਹੋਸ਼ ਆਇਆ ਕਿ ਗ਼ਲਤ ਇਹ ਰਸਤਾ ਹੈ।

ਖ਼ੁਸ਼ੀਆਂ ਤੋਂ ਬਾਦ ਗ਼ਮੀਆਂ, ਗ਼ਮੀਆਂ ਤੋਂ ਬਾਦ ਖ਼ੁਸ਼ੀਆਂ,
ਮੁੱਦਤਾਂ ਤੋਂ ਚਲਿਆ ਆਉਂਦਾ ਇਹ ਪੱਕਾ ਸਿਲਸਿਲਾ ਹੈ।

ਜੋ ਦੇਖਕੇ ਮੁਸੀਬਤ ਦਿਲ ਐਵੇਂ ਪਕੜ ਬਹਿੰਦਾ,
ਉਸ ਨੂੰ ਨਾ ਹੋਰ ਸਮਝੋ ਉਹ ਬੰਦਾ ਕਮਦਿਲਾ ਹੈ।

ਤੂੰ ਜਾ ਰਿਹਾ ਏਂ ਗਾਫ਼ਿਲ ਉਲਟੀ ਦਿਸ਼ਾ 'ਚ ਕਾਹਤੋਂ?
ਤਾਹੀਂ ਤਾਂ ਹਰ ਕਦਮ 'ਤੇ ਪੇਸ਼ ਆਉਂਦਾ ਹਾਦਿਸਾ ਹੈ।

ਦ੍ਰਿੜ੍ਹਤਾ ਦੇ ਨਾਲ ਸੱਜਣਾ! ਬਾ-ਹੋਸ਼ ਚਲ ਅਗੇਰੇ,
ਮੰਜ਼ਿਲ ਦਾ ਰਹਿ ਗਿਆ ਹੁਣ ਥੋੜ੍ਹਾ ਕੁ ਫ਼ਾਸਿਲਾ ਹੈ।

ਤੂੰ ਤਾਂ ਇੱਕਲਾ ਅਪਣੇ ਘਰ 'ਚੋਂ ਨਿਕਲਿਆ ਸੀ, ਪਰ,
ਆ-ਆ ਮਿਲੇ ਨੇ ਲੋਕੀਂ ਬਣ ਚੱਲਿਆ ਕਾਫ਼ਿਲਾ ਹੈ।

ਜੋ ਤੁਰਨ ਸਬਰ ਕਰਕੇ ਪਹੁੰਚਣ ਨਿਸ਼ਾਨੇ ਉੱਤੇ,
ਐ ਦਿਲ! ਤੂੰ ਦੱਸ ਤੈਨੂੰ ਕਿਸ ਗੱਲ ਦਾ ਤੌਖ਼ਲਾ ਹੈ?

ਮੰਜ਼ਲ ਦੇ ਕੋਲ ਆਕੇ ਰਫ਼ਤਾਰ ਕਰ ਨਾ ਹੌਲ਼ੀ,
ਹਾਲੇ 'ਤੇ ਤੇਰੇ ਦਿਲ ਵਿਚ ਮੌਜੂਦ ਹੌਸਲਾ ਹੈ।

ਹਿੰਮਤ ਦੇ ਨਾਲ ਵਧ ਚਲ ਤੂੰ ਐ 'ਚਮਨ' ਅਗੇਰੇ,
ਹੁਣ ਤੈਨੂੰ ਮਿਲਣ ਵਾਲਾ ਪੱਕਾ ਹੀ ਦਾਖ਼ਿਲਾ ਹੈ।





ਮੇਰਾ ਜੀਣਾ ਹੋ ਗਿਆ ਦੁਸ਼ਵਾਰ ਹੈ, ਤੇਰੇ ਬਗੈਰ।
ਆਖ਼ਰੀ ਸਾਹਾਂ 'ਤੇ ਤੇਰਾ ਯਾਰ ਹੈ, ਤੇਰੇ ਬਗੈਰ।

ਤੇਰੀ ਸੂਰਤ ਰਾਤ ਭਰ ਦਿਸਦੀ ਰਹੀ ਸੁਪਨੇ 'ਚ ਦੋਸਤ!
ਇਹ ਹਸੀਂ ਸੁਪਨਾ ਵੀ ਤਾਂ ਬੇਕਾਰ ਹੈ, ਤੇਰੇ ਬਗੈਰ।

ਗ਼ਮ ਦੀ ਬਦਲੀ ਆਸ ਦਾ ਸੂਰਜ ਛੁਪਾ ਲੈਂਦੀ ਹੈ ਰੋਜ਼,
ਕਿੰਜ ਦੱਸਾਂ ਦਿਲ ਕਿਵੇਂ ਬੇਜ਼ਾਰ ਹੈ, ਤੇਰੇ ਬਗੈਰ।

ਤੇਰੇ ਸਭ ਨਖ਼ਰੇ ਅਜੇ ਤਕ ਨਕਸ਼ ਮੇਰ ਦਿਲ 'ਤੇ ਹਨ,
ਦਿਲ ਨਿਮਾਣਾ ਕੀ ਕਰੇ? ਲਾਚਾਰ ਹੈ, ਤੇਰੇ ਬਗੈਰ।

ਸਾਰੇ ਝੂਠੀ ਹੀ ਤਸੱਲੀ ਦੇਕੇ ਤੁਰ ਜਾਂਦੇ ਨੇ ਹੁਣ,
ਕੌਣ ਮੇਰਾ ਅੰਦਰੋ ਗ਼ਮਖ਼ਾਰ ਹੈ, ਤੇਰੇ ਬਗੈਰ।

ਨਾਲ ਤੇਰੇ ਜ਼ਿੰਦਗੀ ਸੀ ਫੁੱਲ ਵਰਗੀ ਐ ਸਨਮ!
ਬਣ ਗਈ ਹੁਣ ਜ਼ਿੰਦਗੀ ਇਕ ਭਾਰ ਹੈ, ਤੇਰੇ ਬਗੈਰ।

ਭੀੜ ਕਿੰਨੀ ਵਧ ਗਈ ਹੈ ਅੱਜ ਦੇ ਸੰਸਾਰ ਵਿੱਚ,
ਮੇਰੇ ਭਾਅ ਦਾ ਸੁੰਨਾ ਇਹ ਸੰਸਾਰ ਹੈ, ਤੇਰੇ ਬਗੈਰ।

ਤੇਰੀਆਂ ਨਜ਼ਰਾਂ ਦਾ ਐ ਸਾਕੀ! ਨਸ਼ਾ ਕੁਝ ਹੋਰ ਸੀ,
ਤੋਟ ਵਿਚ ਚਿਰ ਤੋਂ ਤਿਰਾ ਮੈਅਖ਼ਾਰ ਹੈ, ਤੇਰੇ ਬਗੈਰ।

ਇਸ 'ਚਮਨ' ਦੀ ਮਹਿਕ ਹੁਣ ਮਹਿਸੂਸ ਤਕ ਹੁੰਦੀ ਨਹੀਂ,
ਸੁੱਕ ਚੱਲਿਆ ਹੁਣ ਤਾਂ ਇਹ ਗੁਲਜ਼ਾਰ ਹੈ, ਤੇਰੇ ਬਗੈਰ।

## ਕੁੰਦਨ ਲਾਲ 'ਪਾਲ'

ਬੜੀ ਹੀ ਦੇਰ ਤੋਂ ਨਗ਼ਮਾ ਇਹ ਗਾਉਂਦਾ ਰਿਹਾ ਹਾਂ ਮੈਂ।
ਤੁਹਾਡਾ ਨਾਮ ਗਾ-ਗਾ ਕੇ ਸੁਣਾਉਂਦਾ ਆ ਰਿਹਾ ਹਾਂ ਮੈਂ।

ਜਦੋਂ ਵੀ ਛੇੜਿਆ ਯਾਰਾਂ ਤੁਹਾਡਾ ਜ਼ਿਕਰ ਯਾਰਾਂ ਵਿਚ,
ਤੁਹਾਡੀ ਯਾਦ ਵਿਚ ਮਹਿਫ਼ਿਲ ਸਜਾਉਂਦਾ ਆ ਰਿਹਾ ਹਾਂ ਮੈਂ।

ਖ਼ੁਸ਼ੀ ਦੇ ਨਾਲ ਲੋਕੀਂ ਪਿਆਰ ਦੇ ਨਗ਼ਮੇ ਸੁਣਾਉਂਦੇ ਨੇ,
ਹਮੇਸ਼ਾਂ ਆਪ ਬੀਤੀ ਨੂੰ ਛੁਪਾਉਂਦਾ ਆ ਰਿਹਾ ਹਾਂ ਮੈਂ।

ਤੁਸੀਂ ਰਹਿ-ਰਹਿ ਕੇ ਆਏ ਯਾਦ ਇਹ ਮੇਰੀ ਮੁਹੱਬਤ ਹੈ,
ਤੁਹਾਡੀ ਯਾਦ ਨੂੰ ਬੇਸ਼ਕ ਭੁਲਾਉਂਦਾ ਆ ਰਿਹਾ ਹਾਂ ਮੈਂ।

ਤੁਹਾਡੇ ਪਿਆਰ ਦੀ ਦੌਲਤ ਹਮੇਸ਼ਾਂ 'ਪਾਲ' ਮੈ ਸਾਂਭੀ,
ਖ਼ਜ਼ਾਨਾ ਪਿਆਰ ਦਾ ਸਭ ਨੂੰ ਲੁਟਾਉਂਦਾ ਆ ਰਿਹਾ ਹਾਂ ਮੈਂ।



### 2

ਮੈਂ ਤੇਰੇ ਸਾਹਮਣੇ ਆ ਕੇ ਤਾਂ ਸਭ ਕੁਝ ਭੁੱਲ ਜਾਵਾਂਗਾ।
ਕਰਨਗੇ ਲੋਕ ਫਿਰ ਗੱਲਾਂ ਜੇ ਤੇਰੇ ਸ਼ਹਿਰ ਆਵਾਂਗਾ।

ਤੁਸੀਂ ਮੈਨੂੰ ਬੁਲਾਇਆ ਹੈ ਬੜੇ ਇਤਫ਼ਾਕ ਦੀ ਗੱਲ ਹੈ,
ਮੈਂ ਨਦੀਆਂ ਚੀਰ ਕੇ ਝਟ-ਪਟ ਤੁਸਾਂ ਤਕ ਪਹੁੰਚ ਜਾਵਾਂਗਾ।

ਜਦੋਂ ਵੀ ਯਾਦ ਆਵੇਗੀ ਤੁਹਾਡੇ ਸ਼ਹਿਰ ਦੀ ਖ਼ੁਸ਼ਬੂ,
ਬੜੇ ਅਰਮਾਨ ਅਪਣੇ ਦਿਲ ਦੇ ਅੰਦਰ ਹੀ ਦਬਾਵਾਂਗਾ।

ਜੇ ਖ਼ੰਜਰ ਹੈ ਨਜ਼ਰ ਤੇਰੀ ਤਾਂ ਇਸ ਦਿਲ 'ਤੇ ਨਿਸ਼ਾਨਾ ਲਾ,
ਮੈਂ ਅਪਣੇ ਖ਼ੂਨ ਦੇ ਕਤਰੇ ਕਿਸੇ ਨੂੰ ਨਹੀਂ ਦਿਖਾਵਾਂਗਾ।

ਤੁਸੀਂ ਦਿਲ ਤੋੜ ਦਿੱਤਾ ਹੈ ਅਨੋਖਾ 'ਪਾਲ' ਕੀ ਹੋਇਆ ?
ਤੁਹਾਡੀ ਮਿਹਰ ਦਾ ਸਦਕਾ ਤੁਹਾਨੂੰ ਯਾਦ ਆਵਾਂਗਾ।

## 3

ਅਪਣੀ ਗੱਲ ਮਨਾਉਂਦੇ ਲੋਕ।
ਕਿਸ ਕੋਲੋਂ ਘਬਰਾਉਂਦੇ ਲੋਕ?

ਦਿਲ ਦੇ ਅੰਦਰ ਸਾਂਝ ਨਹੀਂ,
ਉਪਰੋਂ ਪਿਆਰ ਜਤਾਉਂਦੇ ਲੋਕ।

ਦੂਜੇ ਦਾ ਮਾੜਾ ਹੈ ਰੱਬ,
ਅਪਣੇ ਦੇ ਗੁਣ ਗਾਉਂਦੇ ਲੋਕ।

ਪੰਛੀ ਇਸ 'ਤੇ ਠਹਿਰਨਗੇ,
ਕਿਉਂ ਮਸਜਿਦ ਨੂੰ ਢਾਉਂਦੇ ਲੋਕ?

ਕਿਹੜਾ ਸਭਿਆਚਾਰ ਹੈ ਇਹ,
ਘਰ-ਘਰ ਅੱਗ ਲਗਾਉਂਦੇ ਲੋਕ।

'ਪਾਲ' ਕਰੇ ਲੋਕਾਂ ਦੀ ਗੱਲ,
ਉਸ ਤੋਂ ਨੇ ਘਬਰਾਉਂਦੇ ਲੋਕ।



## 4

ਅੱਜ ਦੀ ਖ਼ਬਰ 'ਚ ਆਇਆ ਸਰਕਾਰ ਦਾ ਬਿਆਨ।
ਨਕਸ਼ੇ 'ਚ ਬਣ ਗਏ ਹਨ ਸਭ ਦੇ ਲਈ ਮਕਾਨ।

ਵਿਦਿਆਰਥੀ ਕਰਨਗੇ ਇਸ ਦੇਸ਼ ਦੀ ਤਰੱਕੀ,
ਚਾਕੂ ਦੀ ਨੋਕ ਉੱਤੇ ਦਿੰਦੇ ਨੇ ਇਮਤਿਹਾਨ।

ਅਪਣੇ ਮੁਫ਼ਾਦ ਖ਼ਾਤਰ ਤਰਮੀਮ ਕਰ ਲਵਾਂਗੇ,
ਲਾਗੂ ਰਹੇਗਾ ਫਿਰ ਵੀ ਇਸ ਦੇਸ਼ ਦਾ ਵਿਧਾਨ।

ਸ਼ਮਸ਼ਾਨ ਘਾਟ ਅੰਦਰ ਜਾਂਦੇ ਹਾਂ ਨਿੱਤ-ਨਿੱਤ ਹੀ,
ਬੰਦਿਆਂ ਨੂੰ ਪਰ ਤਰਸਦੇ ਇਸ ਸ਼ਹਿਰ ਦੇ ਮਕਾਨ।

ਪੁੱਤਰ, ਭਰਾ, ਭਤੀਜੇ ਵੰਡਦੇ ਨੇ ਰਸਦ ਇਸਦੀ,
ਰੱਬ ਆਸਰੇ ਹੈ ਚਲਦੀ ਇਹ 'ਪਾਲ' ਜੀ ਦੁਕਾਨ।

## ਸਬਜਿੰਦਰ 'ਕੇਦਾਰ'

ਉਨ੍ਹਾਂ ਮਾਫ਼ ਕਿਸੇ ਨੂੰ ਕਰਨਾ ਨਹੀਂ ਇਨਸਾਫ਼ ਜਿਨ੍ਹਾਂ ਨਹੀਂ ਮੰਗੇ ਨੇ।
ਜਿਹਨਾਂ ਖ਼ੂਨ ਦਾ ਬਦਲਾ ਲੈਣਾ ਹੈ ਉਹ ਡੋਲਣ ਤੋਂ ਕਦ ਸੰਗੇ ਨੇ।

ਲੋਕਾਂ ਨੂੰ ਆਪ ਲੜਾਵੇਂ ਤੂੰ ਇਲਜ਼ਾਮ ਉਨ੍ਹਾਂ ਸਿਰ ਲਾਵੇਂ ਤੂੰ,
'ਭਾਸ਼ਾ' 'ਤੇ 'ਧਰਤੀ ਦੇ ਪੁੱਤਰ' ਸਭ ਪਾਏ ਤੇਰੇ ਪੰਗੇ ਨੇ।

ਤੂੰ ਮੁੜ੍ਹਕੋ-ਮੁੜ੍ਹਕੀ ਹੋਵੇਂ ਲੱਖ ਪਰ ਰੋਟੀ ਮਿਲਣੀ ਔਖੀ ਏ,
ਉਨ੍ਹਾਂ ਪਾਣੀ ਫੇਰ ਨਾ ਮੰਗਿਆ ਏ ਜੋ ਤਿੰਨ-ਰੰਗੀ ਨੇ ਡੰਗੇ ਨੇ।

ਉਹ ਕੱਖੋਂ ਲੱਖ ਹੋ ਜਾਂਦੇ ਹਨ ਜੋ ਤੇਰੇ ਦਰ 'ਤੇ ਆਉਂਦੇ ਹਨ,
ਤੇਰੀ ਛਾਵੇਂ ਬਹਿ ਕੇ ਲੋਕਾਂ ਨੇ ਵਾਹਵਾ ਆਪਣੇ ਹੱਥ ਰੰਗੇ ਨੇ।

ਹੁਣ ਤਾਂ ਕੁਝ ਸੋਚੋ ਐ ਲੋਕੋ! ਨਹੀਂ ਫੇਰ ਪਵੇਗਾ ਪਛਤਾਉਣਾ,
ਸਾਡੀ ਰੱਤ ਚੂਸਣ ਵਾਲੇ ਸਭ ਅੱਜ ਵੋਟਾਂ ਦੇ ਭਿਖ-ਮੰਗੇ ਨੇ।

ਜਦ ਲਾਲ ਹਨੇਰੀ ਉੱਠਣੀ ਏਂ ਸਭ ਤਿਨਕਾ-ਤਿਨਕਾ ਹੋ ਜਾਣਾ,
ਲੋਕਾਂ ਨੇ ਮਾਰ ਮੁਕਾਉਣੇ ਨੇ ਇਹ ਗਿੱਦੜ ਜੋ ਚਿੱਟ-ਰੰਗੇ ਨੇ।



## ਸੁਰਿੰਦਰ ਬਿਸ਼ਨਪੁਰੀ

ਐਵੇਂ ਕਿਉਂ ਜਾ ਰਹੇ ਹੋ ਤਕਰਾਰ ਕਰਦੇ-ਕਰਦੇ।
ਆਵੋ! ਹਾਂ ਰਲ਼ ਕੇ ਚਲੀਏ ਵਿਚਾਰ ਕਰਦੇ-ਕਰਦੇ।

ਕਿੰਨੇ ਹੀ ਬੀਤੇ ਸਾਲ 'ਤੇ ਰੁੱਤਾਂ ਨੇ ਲੰਘੀਆਂ,
ਪਹੁੰਚੇ ਹੋ ਕਿਸ ਮੁਕਾਮ 'ਤੇ ਇਕਰਾਰ ਕਰਦੇ-ਕਰਦੇ?

ਕੋਇਲਾਂ ਦੀ ਸੁੰਨੀ ਰੱਖ ਵਿਚ ਪਿੰਜਰਿਆਂ ਦਾ ਰਾਜ ਹੈ,
ਫਸ ਨਾ ਜਾਇਓ ਤੁਸੀਂ ਵੀ ਇਤਬਾਰ ਕਰਦੇ-ਕਰਦੇ।

ਐ ਖ਼ੁਦਾ! ਦਸ ਤੇਰੀ ਬਸਤੀ ਨੂੰ ਕੀ ਹੋ ਗਿਐ?
ਉਹ ਜ਼ਹਿਰ ਨੇ ਪਏ ਉਗਲਦੇ ਪਰਚਾਰ ਕਰਦੇ-ਕਰਦੇ।

ਅੰਧੇਰ ਭਰੀ ਨਗਰੀ 'ਤੇ ਚੌਪਟ ਰਾਜਾ ਹੋ ਗਿਐ,
ਸਭ ਚਾਂਦੀ ਦੀ ਜੁੱਤੀ ਚੱਟਦੇ ਇਨਕਾਰ ਕਰਦੇ-ਕਰਦੇ।

ਸਦੀਆਂ ਪੁਰਾਣੀ ਸਾਂਝ ਨੂੰ ਹਾੜ੍ਹਾ ਨਾ ਭੁਲਿਓ ਦੋਸਤੋ!
ਉਹ ਤਾਂ ਇਕੱਠੇ ਕਰ ਰਹੇ ਨੇ ਵੋਟ ਤਰਦੇ-ਤਰਦੇ।

ਐ ਰੌਸ਼ਨੀ ਦੇ ਵਾਰਸੋ! ਅੱਜ ਰੌਸ਼ਨੀ ਦੀ ਲੋੜ ਹੈ,
ਲੰਘ ਨਾ ਜਾਇਓ ਤੁਸੀਂ ਵੀ ਅਖ਼ਬਾਰ ਪੜ੍ਹਦੇ-ਪੜ੍ਹਦੇ।

## ਸੁਰਿੰਦਰ ‘ਖੇਤਰਪਾਲ’

ਜਿਹੜੇ ਦਰ ’ਤੇ ਵੀ ਗਿਆ ਉਸਤੋਂ ਮੈਂ ਠੁਕਰਾਇਆ ਗਿਆ।
ਐਸਾ ਬਦਕਿਸਮਤ ਕਿਸੇ ਤੋਂ ਵੀ ਨਾ ਅਪਣਾਇਆ ਗਿਆ।

ਪਿਆਰ ਵੀ ਏਥੇ ਗੁਨਾਹ ਨਫ਼ਰਤ ਵੀ ਹੈ ਏਥੇ ਗੁਨਾਹ,
ਸੱਚ ਇਹ ਇਕ ਵਾਰ ਕੀ, ਕਈ ਵਾਰ ਅਜ਼ਮਾਇਆ ਗਿਆ।

ਕੁਦਰਤੀ ਇਕ ਘੋਲ਼ ਵਿਚੋਂ ਹੀ ਮਿਲੀ ਸੀ ਜ਼ਿੰਦਗੀ,
ਉਮਰ ਭਰ ਪਰ ਜ਼ਿੰਦਗੀ ਦਾ ਭੇਦ ਨਾ ਪਾਇਆ ਗਿਆ।

ਇਕ ਫੁੱਲ ਖਿੜਿਆ ਮਹਿਕ ਉਸਦੀ ਚੁਫ਼ੇਰੇ ਖਿੱਲਰੀ,
ਇਕ ਹੱਥ ਵਧਿਆ, ਉਹ ਟੁੱਟਾ ਸਭ ਕੁੱਝ ਆਇਆ ਗਿਆ।

ਪਾਕੇ ਮਟਕਾਇਆ ਜਦੋਂ ਸੁਰਮਾ ਕਿਸੇ ਮੱਚਿਆ ਉਹ ਸ਼ੋਰ,
ਕਿਉਂ ਸ਼ਰਾਬੀ ਨੂੰ ਹੈ ਅੱਜ ਦੋ-ਧਾਰਾ ਪਕੜਾਇਆ ਗਿਆ।

ਤੂੰ ਤਾਂ ਮਹਿਕਾਈ ਸੀ ਮਹਿਫ਼ਿਲ ਹੀ ਸਾਰੀ ਐ ਹੁਸਨ-ਏ ਜਹਾਂ,
ਗੀਤ ‘ਖੇਤਰਪਾਲ’ ਤੋਂ ਇਸ਼ਕੇ ਦਾ ਨਾ ਗਾਇਆ ਗਿਆ।



## ਰੇਸ਼ਮ ਚਿੱਤਰਕਾਰ

ਕਦੇ ਗ਼ਮਗੀਨ ਦੁਨੀਆ ਤੋਂ ਪਰ੍ਹੇ ਜੇ ਜ਼ਿੰਦਗੀ ਹੋਵੇ।
ਤਾਂ ਫਿਰ ਜ਼ਾਹਿਰ ਜ਼ਮਾਨੇ ਤੋਂ ਇਹ ਮੇਰੀ ਬੇ-ਖ਼ੁਦੀ ਹੋਵੇ।

ਤਬੀਅਤ ਨਫ਼ਰਤਾਂ ਦੇ ਨ੍ਹੇਰ ਵਿੱਚ ਭਟਕੇ ਨਾ ਹਰ ਵੇਲੇ,
ਜੇ ਇਸ ਦੇ ਨਾਲ ਕਿਧਰੇ ਪਿਆਰ ਦੀ ਕੁਝ ਰੌਸ਼ਨੀ ਹੋਵੇ।

ਬੜਾ ਚਰਚਾ ਤੇਰੀ ਕਾਤਿਲ ਅਦਾ ਦਾ ਹੈ ਕਿ ਹਰ ਪਾਸੇ,
ਕਦੇ ਤਾਂ ਗੱਲ ਮੇਰੇ ਦਿਲ ਵਿਚ ਦਬੇ ਅਰਮਾਨ ਦੀ ਹੋਵੇ।

ਬੜੀ ਹੀ ਦੂਰ ਤੋਂ ਹੈ ਵੇਖਿਆ ਐ ਜ਼ਿੰਦਗੀ! ਤੈਨੂੰ,
ਜ਼ਰਾ ਨਜ਼ਦੀਕ ਆਵੀਂ ਦੂਰ ਦਿਲ ਦੀ ਬੇਕਲੀ ਹੋਵੇ।

ਮਿਲੇ ਨੇ ਹਾਦਸੇ ਮੈਨੂੰ ਜੋ ਤੇਰੀ ਦੋਸਤੀ ਕਰਕੇ,
ਇਹੀ ਸੋਚਾਂ ਕਿਸੇ ਦੇ ਨਾਲ ਹੁਣ ਨਾ ਦੋਸਤੀ ਹੋਵੇ।

ਸਹਾਰੀ ਜਾ ਰਿਹਾਂ ਹਰ ਵਾਰ ਤੇਰਾ ਵਾਰ ਇਸ ਕਰਕੇ,
ਕਿ ਸ਼ਾਇਦ ਵਾਰ ਇਸ ਵਾਰੀਂ ਇਹ ਤੇਰਾ ਆਖ਼ਰੀ ਹੋਵੇ।

ਤੂੰ ਫਿਰ ਵੀ ਪਿਆਰ ਸ਼ਿੱਦਤ ਨਾਲ ਕਰਕੇ ਵੇਖ ਐ ‘ਰੇਸ਼ਮ’!
ਇਵੇਂ ਸ਼ਾਇਦ ਤੇਰੀ ਵੀਰਾਨ ਦੁਨੀਆ ਫਿਰ ਹਰੀ ਹੋਵੇ।

## 2

ਜਿਸ ਨੂੰ ਏਂ ਤੂੰ ਸਮਝਦਾ ਅਪਣਾ ਹਬੀਬ ਸੱਜਣਾ।
ਓਹੀ ਤਾਂ ਆਦਮੀ ਹੈ ਤੇਰਾ ਰਕੀਬ ਸੱਜਣਾ।

ਹਾਲਤ ਖ਼ਰਾਬ ਹੋਈ ਹੁਣ ਹੋਰ ਵੀ ਹੈ ਦਿਲ ਦੀ,
ਮਿਲ ਕੇ ਗਿਆ ਜਦੋਂ ਦਾ ਦਿਲ ਦਾ ਤਬੀਬ ਸੱਜਣਾ।

ਦੀਵੇ ਜਗਾ ਕੇ ਘਰ ਵਿਚ ਦਾਅਵਤ ਹਵਾ ਨੂੰ ਦੇਨਾ,
ਕਰਦਾ ਏਂ ਕੰਮ ਤੂੰ ਅੱਜਕੱਲ੍ਹ ਕਿੰਨੇ ਅਜੀਬ ਸੱਜਣਾ।

ਅਫ਼ਸਰ 'ਤੇ ਨਾ ਹੀ ਹਾਕਮ ਅੱਗੇ ਕਦੇ ਹੈ ਝੁਕਦਾ,
ਖ਼ੁੱਦਾਰ ਬਹੁਤ ਹੁੰਦਾ ਅਸਲੀ ਅਦੀਬ ਸੱਜਣਾ।

ਵਗਦੀ ਹਵਾ ਦਾ ਹੁੰਦਾ ਕੋਈ ਨਾ ਥਹੁ-ਟਿਕਾਣਾ,
ਖ਼ਤ ਕਿਸ ਪਤੇ 'ਤੇ ਲਿਖਦਾ ਇਹ ਬਦਨਸੀਬ ਸੱਜਣਾ।

ਬੋਲੋ ਤਾਂ ਇਕ ਸਜ਼ਾ ਹੈ ਚੁੱਪ ਰਹਿਣਾ ਵੀ ਗੁਨ੍ਹਾ ਹੈ,
ਇਹ ਦੌਰ ਕਿਸ ਤਰ੍ਹਾਂ ਦਾ ਆਇਆ ਅਜੀਬ ਸੱਜਣਾ।

ਸੱਚ ਨਾਲ ਇਸ਼ਕ 'ਰੇਸ਼ਮ' ਕਰਦਾ ਜਹਾਨ 'ਤੇ ਜੋ,
ਮਿਲਦਾ ਹੈ ਜ਼ਹਿਰ ਉਸਨੂੰ ਜਾਂ ਫਿਰ ਸਲੀਬ ਸੱਜਣਾ।



## 3

ਮੈਂ ਰੌਸ਼ਨੀ ਦਾ ਆਸ਼ਕ ਚਾਨਣ ਦੀ ਭਾਲ਼ ਮੈਨੂੰ।
ਤੂੰ ਨ੍ਹੇਰਿਆਂ ਦੀ ਮਹਿਫ਼ਿਲ ਵਿੱਚ ਨਾ ਬਿਠਾਲ਼ ਮੈਨੂੰ।

ਚਲਣੋਂ ਨਹੀਂ ਹੈ ਰੁਕਣਾ ਡਰ ਕੇ ਤੂਫ਼ਾਨ ਤੋਂ ਮੈਂ,
ਐਵੇਂ ਡਰਾ-ਡਰਾ ਕੇ ਨਾ ਕਰ ਨਿਢਾਲ਼ ਮੈਨੂੰ।

ਰਹਿਬਰ ਤੂੰ ਬਣਿਆ ਫਿਰਦੈਂ ਮੰਜ਼ਿਲ ਦਾ ਥਹੁ-ਪਤਾ ਨਾ,
ਗੱਲਾਂ ਦੇ ਨਾਲ ਦੱਸਦੈਂ ਕਰਕੇ ਕਮਾਲ ਮੈਨੂੰ।

ਕਮਰਾ ਹੈ ਜੇ ਸਜਾਉਣਾ ਮੂਰਤ ਖ਼ਰੀਦ ਕੋਈ,
ਬੇਜਾਨ ਮੂਰਤੀ ਵਿਚ ਹਰਗਿਜ਼ ਨਾ ਢਾਲ਼ ਮੈਨੂੰ।

ਮੈਂ ਬਾਜ਼ ਹਾਂ 'ਤੇ ਵਾਸਾ ਹੈ ਸਿਖ਼ਰ ਪਰਬਤਾਂ 'ਤੇ,
ਫੜਕੇ ਨਾ ਸ਼ਾਹੀ ਗੁੰਬਦ ਉੱਪਰ ਬਿਠਾਲ਼ ਮੈਨੂੰ।

ਮੈਂ ਆਜ਼ਾਦ ਪੰਛੀ ਅੰਬਰ 'ਚ ਉਡਣਾ ਚਾਹਾਂ,
ਬੰਧਨ ਦੇ ਪਿੰਜਰੇ ਵਿੱਚ ਰੱਖ ਕੇ ਨਾ ਪਾਲ਼ ਮੈਨੂੰ।

ਮੈਂ ਤਾਂ ਚਿਰਾਗ਼ ਹਾਂ ਇਕ, ਮੰਦਰ ਹੋਏ ਜਾਂ ਮਸਜਿਦ,
ਮਰਜ਼ੀ ਹੈ ਤੇਰੀ ਇਸ ਥਾਂ ਜਾਂ ਉਸ ਥਾਂ ਬਾਲ਼ ਮੈਨੂੰ।

ਬੜ੍ਹਕਾਂ ਬੜੇ ਚਿਰਾਂ ਤੋਂ ਇਹ ਮਾਰਦਾ ਪਿਆ ਹੈ,
ਸਿੱਝ ਲੈਣ ਦੇ ਜ਼ਰਾ ਤੂੰ ਨੇਰ੍ਹੇ ਦੇ ਨਾਲ ਮੈਨੂੰ।

ਆਲਮ ਅਵਾਰਗੀ ਦਾ ਛਾਇਆ ਮੇਰੇ 'ਤੇ 'ਰੇਸ਼ਮ',
ਟਿਕ ਕੇ ਨਾ ਬਹਿਣ ਦਿੰਦਾ ਦਿਲ ਦਾ ਉਬਾਲ਼ ਮੈਨੂੰ।

## 4

ਜ਼ਮਾਨੇ ਨੂੰ ਜਾਣੇ ਇਹ ਕਿਆ ਹੋ ਗਿਆ ਹੈ ?
ਕਿ ਮੁਸ਼ਕਿਲ ਹਰ ਇਕ ਰਾਬਤਾ ਹੋ ਗਿਆ ਹੈ।

ਇਹ ਥੋੜ੍ਹਾ ਸਮਾਂ ਪਹਿਲਾਂ ਇਨਸਾਨ ਸੀ ਜੋ,
ਉਹ ਕੀ ਚੀਜ਼ ਸੀ ? ਹੁਣ ਉਹ ਕਿਆ ਹੋ ਗਿਆ ਹੈ ?

ਹਵਾ ਨੇ ਹੈ ਇਸ ਨੂੰ ਐਨਾ ਉਡਾਇਆ,
ਇਹ ਮਿੱਟੀ ਦਾ ਜ਼ੱਰਾ ਖ਼ੁਦਾ ਹੋ ਗਿਆ ਹੈ।

ਇਹ ਦੌਲਤ ਅਤੇ ਸਸਤੀ ਸ਼ੁਹਰਤ ਦੇ ਪਿੱਛੇ,
ਇਹ ਸੰਸਾਰ ਹੀ ਬਾਂਵਰਾ ਹੋ ਗਿਆ ਹੈ।

ਹਜ਼ਾਰਾਂ ਹੀ ਮਿਲ਼ਦੇ ਨੇ ਬੰਦੇ ਤਾਂ ਲੇਕਿਨ,
ਕਿ ਇਨਸਾਨ ਸਭ 'ਚੋਂ ਹਵਾ ਹੋ ਗਿਆ ਹੈ।

ਭੁਲੇਖੇ ਹੀ ਐਨੇ ਨੇ ਰਹਿਬਰ ਨੇ ਪਾਏ,
ਕਿ ਗੁੰਮਰਾਹ ਹਰ ਕਾਫ਼ਲਾ ਹੋ ਗਿਆ ਹੈ।

ਇਹ ਢੋਲਕ, ਸਾਰੰਗੀ, ਵੀਣਾ 'ਤੇ ਵਾਇਲਨ,
ਹਰ ਇਕ ਸਾਜ਼ ਹੀ ਬੇ-ਸੁਰਾ ਹੋ ਗਿਆ ਹੈ।

ਕਿਸੇ ਦੀ ਵੀ ਕਰਨੀ ਭਲਾਈ ਵੀ ਅੱਜ ਕੱਲ੍ਹ,
ਜ਼ਮਾਨੇ 'ਚ ਕੰਮ ਇਹ ਬੁਰਾ ਹੋ ਗਿਆ ਹੈ।

ਤੂੰ ਕਿਸ-ਕਿਸ ਨੂੰ ਸਿਜਦਾ ਕਰੇਂਗਾ ਐ 'ਰੇਸ਼ਮ'!
ਹਰ ਇਕ ਆਦਮੀ ਹੀ ਖ਼ੁਦਾ ਹੋ ਗਿਆ ਹੈ।



## ਨਰਿੰਦਰ ਡਾਨਸੀਵਾਲੀਆ

ਪੀਤਾ ਅਸਾਂ ਨੇ ਜ਼ਹਿਰ ਵੀ ਤੈਥੋਂ ਸ਼ਰਾਬ ਵਾਂਗ।
ਪੜ੍ਹਿਆ ਹੈ ਤੇਰੇ ਰੂਪ ਨੂੰ ਸੋਹਣੀ ਕਿਤਾਬ ਵਾਂਗ।

ਆਵਾਂਗੇ ਬਿਨ ਬੁਲਾਇਆਂ ਹੀ ਜਿੱਦਣ ਵੀ ਵਿਹਲ ਹੋਈ,
ਤੇਰਾ ਬੁਲਾਵਾ ਤਾਂ ਕਿਸੇ ਕੋਰੇ ਜਵਾਬ ਵਾਂਗ।

ਮੁਰਝਾਇਆ ਫੁੱਲ ਜਾਣ ਕੇ ਪੈਰਾਂ 'ਚ ਰੋਲ਼ ਗਏ,
ਹੈ ਕੌਣ ਸਾਨੂੰ ਸਾਂਭਦਾ ਅਪਣੇ ਸ਼ਬਾਬ ਵਾਂਗ ?

ਤੇਰਾ ਇਹ ਪਿਆਰ ਪਹਿਲਾਂ ਤਾਂ ਕਿੰਨਾਂ ਵਿਸ਼ਾਲ ਸੀ,
ਪਰ ਅੱਜ ਇਹ ਘਟ ਕੇ ਰਹਿ ਗਿਆ ਸਾਡੇ ਪੰਜਾਬ ਵਾਂਗ।

ਤੈਨੂੰ ਕੀ ਹੋਇਆ 'ਨਰਿਦੰਰਾ' ਥੋੜ੍ਹੇ ਦਿਨਾਂ ਦੇ ਵਿਚ ?
ਤੇਰਾ ਤਾਂ ਚਿਹਰਾ ਲਾਲ ਸੀ ਸੂਹੇ ਗੁਲਾਬ ਵਾਂਗ।

## 2

ਤੇਰੇ ਵਿਹੜੇ 'ਚ ਅੱਜ ਰੌਣ ਬੜੀ ਸੀ।
ਅਵੱਲੀ ਹੀ ਖ਼ੁਸ਼ੀ ਸਭ ਨੂੰ ਚੜ੍ਹੀ ਸੀ।

ਤੇਰੇ ਬੂਹੇ 'ਤੇ ਸ਼ਹਿਨਾਈ ਸੀ ਵੱਜੀ ਪਰ,
ਮਿਰੇ ਦਿਲ 'ਤੇ ਉਹ ਨਾਗਣ ਬਣ ਲੜੀ ਸੀ।

ਤੇਰੀ ਤਸਵੀਰ ਕਿੰਝ ਵਾਪਸ ਕਰਾਂ ਮੈਂ?
ਮਸਾਂ ਮੈਂ ਅਪਣੇ ਸੀਨੇ ਵਿਚ ਜੜੀ ਸੀ।

ਮਿਰਾ ਜੇ ਸਾਥ ਦਿੰਦੋਂ! ਮੌਤ ਮੇਰੀ,
ਪਰ੍ਹੇ ਹਟ ਜਾਂਦੀ, ਜੋ ਸਿਰ 'ਤੇ ਖੜ੍ਹੀ ਸੀ।

ਜਗਾ ਕੇ ਦੀਪ ਤੂੰ ਪੂਜਾ ਕਰਾਈ,
ਇਹ ਮੇਰੀ ਕਬਰ ਮਿੱਟੀ ਦੀ ਬੜੀ ਸੀ।

ਤੂੰ ਮੇਰਾ ਹਾਲ ਆ ਕੇ ਪੁੱਛ ਲੈਂਦਾ,
ਮਿਰੇ 'ਤੇ ਐਨੀ ਹੀ ਕਿਰਪਾ ਬੜੀ ਸੀ।

ਬੜਾ ਚਰਚਾ ਸੀ ਹੋਇਆ ਉਸ ਗ਼ਜ਼ਲ ਦਾ,
'ਨਰਿੰਦਰ' ਜੋ ਤੁਸੀਂ ਰਾਤੀਂ ਪੜ੍ਹੀ ਸੀ।



## 3

ਅੱਖਾਂ ਜਦ ਤੋਂ ਲਾ ਬੈਠਾ ਹਾਂ।
ਅਪਣਾ ਆਪ ਭੁਲਾ ਬੈਠਾ ਹਾਂ।

ਹਿਜਰ ਤਿਰੇ ਦੀ ਕਰ ਪਰਕਰਮਾ,
ਤੇਰੇ ਦਰ 'ਤੇ ਆ ਬੈਠਾ ਹਾਂ।

ਸੱਜਣੀ! ਤੇਰਾ ਸਿਮਰਨ ਕਰਦਾ,
ਰੋਗ ਅਵੱਲੜਾ ਲਾ ਬੈਠਾ ਹਾਂ।

ਦੀਦ ਤੇਰੀ ਦੀ ਭਿਖਿਆ ਮੰਗਦਾ,
ਹਾਲ ਬੇਹਾਲ ਬਣਾ ਬੈਠਾ ਹਾਂ।

ਜ਼ਿੰਦਗੀ ਦੇ ਹਰ ਪੱਤਰੇ ਉੱਤੇ,
ਤੇਰਾ ਨਾਮ ਲਿਖਾ ਬੈਠਾ ਹਾਂ।

4

ਮੈਂ ਤੇਰੇ ਇਕ ਇਸ਼ਾਰੇ 'ਤੇ ਹੀ ਹਾਜ਼ਰ ਜਾਨ ਕਰ ਦੇਵਾਂ।
ਜੇ ਤੂੰ ਆਖੇ ਤਾਂ ਅਪਣਾ ਆਪ ਵੀ ਕੁਰਬਾਨ ਕਰ ਦੇਵਾਂ।

ਤੁਸੀਂ ਇਕ ਵਾਰ ਵੀ ਜੇ ਕੌਲ ਤੋਂ ਪਾਸੇ ਚਲੇ ਜਾਉ,
ਤਾਂ ਹੋ ਸਕਦੈ ਮੈਂ ਕੋਈ ਇਸ਼ਕ 'ਤੇ ਅਹਿਸਾਨ ਕਰ ਦੇਵਾਂ।

ਥਲਾਂ ਵਿਚ ਨਾ ਭੁਜ ਸਕਿਆ, ਨਾ ਠਿੱਲ ਸਕਿਆ ਮੈਂ ਕੱਚੇ 'ਤੇ
ਮੈਂ ਆਸ਼ਕ ਹੋਣ ਦਾ ਫਿਰ ਕਿਸ ਤਰ੍ਹਾਂ ਐਲਾਨ ਕਰ ਦੇਵਾਂ।

ਮੈਂ ਅਕਸਰ ਖੌਫ਼ ਖਾ ਜਾਂਦਾ ਹਾਂ ਤੇਰੇ ਪਹਿਰੇਦਾਰਾਂ ਤੋਂ,
ਇਹ ਜੀਅ ਕਰਦੈ ਇਕੱਠੇ ਮੈਂ ਜ਼ਮੀ-ਅਸਮਾਨ ਕਰ ਦੇਵਾਂ।

ਹੈ ਤੈਨੂੰ ਮਾਣ ਪੈਸੇ ਦਾ, ਹੈ ਮੈਨੂੰ ਮਾਣ ਗੀਤਾਂ ਦਾ,
ਜੋ ਚਾਹੇ ਤੇਰੀ ਗੀਤਾਂ ਨਾਲ ਉੱਚੀ ਸ਼ਾਨ ਕਰ ਦੇਵਾਂ।

ਹਰ ਇਕ ਸ਼ਾਇਰ, ਫ਼ਕੀਰਾਂ ਵਾਂਗ ਹੀ ਦਰਵੇਸ਼ ਹੁੰਦਾ ਹੈ,
ਕਹੇ ਤਾਂ 'ਨਿੰਦਰ' ਮੈਂ ਪੂਰਾ ਤਿਰਾ ਅਰਮਾਨ ਕਰ ਦੇਵਾਂ।



5

ਬਦਤਰ-ਬਦਤਰ ਜਾਏ ਮੌਸਮ।
ਬਿਹਤਰ-ਬਿਹਤਰ ਆਏ ਮੌਸਮ।

ਦੇ ਜਾਵੇ ਕੁਝ ਚੈਨ ਦਿਲਾਂ ਨੂੰ,
ਬੇ-ਚੈਨੀ ਲੈ ਜਾਏ ਮੌਸਮ।

ਜਿਸ ਮੌਸਮ ਵਿਚ ਲੁੱਟੇ ਮਹਿਰਮ,
ਏਦਾਂ ਦਾ ਨਾ ਆਏ ਮੌਸਮ।

ਦਿਲ ਵਿਚ ਗ਼ਮ ਪਰ ਬੁੱਲ੍ਹੀਂ ਤਾਲੇ,
ਮੁੜ-ਮੁੜ ਨਾ ਲਗਵਾਏ ਮੌਸਮ।

ਹਰ ਵਾਰੀ ਹੀ ਜ਼ੁਲਮੀ ਬਾਰਿਸ਼,
ਮੁੜ-ਮੁੜ ਨਾ ਲੈ ਆਏ ਮੌਸਮ।

ਚਾਰਾਗਰ ਬਣ 'ਰੇਸ਼ਮ' ਸੋਚੇ,
ਕੀਕਣ ਆਏ ਜਾਏ ਮੌਸਮ।

## ਕਪਿਲ ਦੇਵ

ਮੈਂ ਕੀ ਜਾਣਾਂ ਕੈਸੀ ਉਸਦੀ ਮਾਇਆ ਹੈ?
ਅੰਦਰ-ਬਾਹਰ ਹਰ ਥਾਂ ਉਸਦੀ ਛਾਇਆ ਹੈ।

ਕੀ ਉਹ ਰਸਤਾ ਭੁੱਲ-ਭੁਲਾ ਕੇ ਆਇਆ ਹੈ?
ਸੋਚ-ਸੋਚ ਕੇ ਮੇਰਾ ਮਨ ਭਰਮਾਇਆ ਹੈ।

ਉਸ ਦੀ ਉਠਣੀ-ਬਹਿਣੀ ਬਹੁਤ ਸਲੀਕੇ ਦੀ,
ਉਹ ਤਾਂ ਕਿਸੇ ਸੁਚੱਜੀ ਮਾਂ ਦਾ ਜਾਇਆ ਹੈ।

ਬੀਤੀ ਰਾਤ ਤਾਂ ਹਾਦਸਿਆਂ ਦੀ ਹੋ ਗੁਜ਼ਰੀ,
ਇਕ ਖੁੰਝੇ ਅਹਿਸਾਸ ਨੇ ਦਰ ਖੜਕਾਇਆ ਹੈ।

ਕਿਉਂ ਨਾ ਉਸ ਦੇ ਨਾਲ ਮੁਹੱਬਤ ਕਰ ਬੈਠਾਂ?
ਮੇਰੇ ਅੰਤਸ ਵਿਚ ਰਹਿੰਦਾ ਇਕ ਸਾਇਆ ਹੈ।

ਕੁਝ ਕਵਿਤਾਵਾਂ, ਕੁਝ ਗ਼ਜ਼ਲਾਂ 'ਤੇ ਕੁਝ ਮਿਸਰੇ,
ਮੇਰੇ ਕੋਲ ਤਾਂ ਬੱਸ! ਏਹੋ ਸਰਮਾਇਆ ਹੈ।



## ਰਣਧੀਰ ਸਿੰਘ ਗਿੱਧਾ

ਅਸੀਂ ਗਲ਼ ਲੱਗ ਰੋਏ, ਚੋਂਦੇ ਢਾਰਿਆਂ ਦੇ ਨਾਲ਼।
ਗੱਲਾਂ ਮਾਰਦੇ ਰਹੇ ਨੇ ਉਹ ਚੁਬਾਰਿਆਂ ਦੇ ਨਾਲ਼।

ਮੇਚ ਆਉਂਦੀਆਂ ਤਾਂ ਪਾ, ਨਈਂ ਤਾਂ ਛੱਡ ਮੇਰਾ ਰਾਹ,
ਕਾਹਨੂੰ ਬਹਿਸਦੀ ਏਂ ਬੀਬਾ! ਵਣਜਾਰਿਆਂ ਦੇ ਨਾਲ਼।

ਉਹ ਤਾਂ ਮੁੱਕਦੇ ਗਏ 'ਤੇ ਅਸੀਂ ਵੱਧਦੇ ਗਏ,
ਜਦੋਂ ਸਾਨੂੰ ਉਨ੍ਹਾਂ ਚੀਰਿਆ ਸੀ ਆਰਿਆਂ ਦੇ ਨਾਲ਼।

ਹਰ ਪਲ ਮੇਰਾ ਯੁੱਗ ਬਣ-ਬਣ ਬੀਤਦਾ,
ਹਰ ਪਲ ਮੈਂ ਬਿਤਾਇਆ ਤੇਰੇ ਲਾਰਿਆਂ ਦੇ ਨਾਲ਼।

ਕੁੱਲੀ-ਗੁੱਲੀ-ਜੁੱਲੀ ਦੀ ਏ ਸਾਨੂੰ ਲੋੜ ਬੇਲੀਆ!
ਲੋਕ ਕਿੱਦਾਂ ਚੁੱਪ ਹੋਣ ਨਿਰੇ ਨਾਰ੍ਹਿਆਂ ਦੇ ਨਾਲ਼?

## ਜੋਗਾ ਸਿੰਘ ਬਠੁੱਲਾ

ਤੁਰੇ ਸਨ ਕਾਫ਼ਲੇ ਜੋ ਰੌਸ਼ਨੀ ਵਿਚ ਮੇਰੀ ਛਾਂ ਬਣਕੇ।
ਉਹੀ ਗੁੰਮੇ ਹਨੇਰੇ ਵਿਚ ਪੁਰਾਣੀ ਦਾਸਤਾਂ ਬਣਕੇ।

ਜਿਨ੍ਹਾਂ ਦੇ ਆਲ੍ਹਣੇ ਆਪਾਂ ਟਿਕਾਏ ਟਾਹਣੀਆਂ ਬਣਕੇ।
ਗਿਰੇ ਪਰ ਉਹ ਅਸਾਂ ਦੇ ਆਲ੍ਹਣੇ 'ਤੇ ਬਿਜਲੀਆਂ ਬਣਕੇ।

ਬੜਾ ਸੀ ਵਹਿਮ ਨਜ਼ਰਾਂ ਨੂੰ ਕਿ ਧੋਖਾ ਹੋ ਨਹੀਂ ਸਕਦਾ,
ਜਿਨ੍ਹਾਂ ਨੂੰ ਸਮਝਿਆ ਰੇਸ਼ਮ ਉਹ ਚੁੱਭੇ ਛਿਲਤਰਾਂ ਬਣਕੇ।

ਉਹ ਆਉਂਦੇ ਹੀ ਰਹੇ ਨੇ, ਆਉਣਗੇ ਹੁਣ ਵੀ ਤੂਫ਼ਾਨਾਂ ਵਾਂਗ,
ਕਿ ਖੜ੍ਹੀਏ ਪਰਬਤਾਂ ਵਾਂਗੂ, ਨਾ ਕੰਬੀਏ ਕਿਸ਼ਤੀਆਂ ਬਣਕੇ।

ਜ਼ਰੂਰੀ ਹੀ ਜੇ ਜਾਣਾ ਹੈ ਤਾਂ ਜਾਵੀਂ ਮੌਸਮਾਂ ਵਾਗੂੰ,
ਕਿ ਜੋ ਮੁੜ ਕੇ ਨਹੀਂ ਆਉਂਦਾ, ਨਾ ਜਾਵੀਂ ਤੂੰ ਸਮਾਂ ਬਣਕੇ।

ਤੁਸੀਂ ਮਜਬੂਰ ਆਦਤ ਤੋਂ ਤੁਸੀਂ ਫੁੱਲ ਬਣ ਨਹੀਂ ਸਕਦੇ,
ਤੁਹਾਡੇ ਕੋਲ਼ ਆਵਾਂਗੇ, ਅਸੀਂ ਪਰ ਤਿਤਲੀਆਂ ਬਣਕੇ।

ਇਹ ਸ਼ਾਇਰ ਹੈ ਆਲੋਚਕ ਨਹੀਂ ਕਿ ਜੋ ਭਰਮਾ ਹੋ ਜਾਏਗਾ,
ਤੂੰ ਪਰਖੀ ਸ਼ਾਮ ਨੂੰ 'ਜੋਗੇ' ਨੂੰ ਭਾਵੇਂ ਬੋਤਲਾਂ ਬਣ ਕੇ।



### 2

ਇਸ ਤਰ੍ਹਾਂ ਬਿਜਲੀ ਗਿਰੀ ਕਿ ਆਲ੍ਹਣਾ ਜਾਂਦਾ ਰਿਹਾ।
ਸ਼ਾਮ ਨੂੰ ਘਰ ਪਰਤਣੇ ਦਾ ਸਿਲਸਿਲਾ ਜਾਂਦਾ ਰਿਹਾ।

ਰੋਕ ਕੇ ਮੈਨੂੰ ਉਹ ਮੇਰੇ ਨਾਲ ਤੁਰਿਆ ਵੀ ਨਹੀਂ,
ਪਰਤ ਕੇ ਜਦ ਵੇਖਿਆ ਤਾਂ ਕਾਫ਼ਲਾ ਜਾਂਦਾ ਰਿਹਾ।

ਦੋਸਤੀ ਏਦਾਂ ਨਿਭਾਈ ਖ਼ਾਸ ਜਿਗਰੀ ਦੋਸਤਾਂ,
ਦੋਸਤੀ 'ਤੇ ਦੁਸ਼ਮਣੀ ਦਾ ਫ਼ਾਸਲਾ ਜਾਂਦਾ ਰਿਹਾ।

ਦੇਖ ਕੇ ਮਕਤਲ ਦੇ ਅੰਦਰ ਹੌਸਲਾ ਮਕਤੂਲ ਦਾ,
ਕਾਤਲਾਂ ਦਾ ਆਪਣਾ ਹੀ ਹੌਸਲਾ ਜਾਂਦਾ ਰਿਹਾ।

ਲਾਸ਼ 'ਚੋਂ ਵੀ ਭਾਲ਼ਦੇ ਨੇ ਲੋਕ ਹੁਣ ਮਜ਼੍ਹਬਾਂ ਦੇ ਚਿੰਨ੍ਹ,
ਮਰਨ ਦਾ ਮੇਰੇ ਖ਼ੁਦਾ ਸਾਰਾ ਮਜ਼ਾ ਜਾਂਦਾ ਰਿਹਾ।

ਐ ਪਰਿੰਦੇ! ਹੋਰ ਉੱਚਾ ਕਿੰਝ ਉੜੇਂਗਾ? ਸੋਚ ਲੈ,
ਅਰਸ਼ ਦਾ 'ਤੇ ਫ਼ਰਸ਼ ਦਾ ਜੇ ਫ਼ਾਸਲਾ ਜਾਂਦਾ ਰਿਹਾ।

ਤੁਰ ਗਿਆ 'ਜੋਗਾ' ਤਾਂ ਲੋਕੀਂ ਦੋਸ਼ ਤੈਨੂੰ ਦੇਣਗੇ,
ਬੇਵਫ਼ਾ ਸੰਗ ਪਿਆਰ ਕਰਕੇ ਦੇਵਤਾ ਜਾਂਦਾ ਰਿਹਾ।

## 3

ਰਾਤਾਂ ਦਾ ਸ਼ੋਰ ਸੁਣ ਕੇ, ਦਿਨ ਤੇਜ਼-ਤੇਜ਼ ਢਲ਼ਦੇ।
ਸਾਏ ਵੀ ਗੁੰਮ ਜਾਂਦੇ ਜੋ ਨਾਲ਼-ਨਾਲ਼ ਚਲਦੇ।

ਸਾਡੇ ਤਾਂ ਘਰ 'ਚ ਮੱਸਿਆ, ਗ਼ੈਰਾਂ ਦੇ ਘਰ ਦੀਵਾਲੀ,
ਇੱਧਰ ਤਾਂ ਦਿਲ ਬੁਝੇ ਨੇ, ਉੱਧਰ ਤਾਂ ਦੀਪ ਬਲ਼ਦੇ।

ਚੜ੍ਹਦੇ ਨੇ ਚੰਨ ਸੂਰਜ, ਕਰਦੇ ਨੇ ਰੌਸ਼ਨੀ ਪਰ,
ਕੰਧਾਂ ਦੀ ਓਟ ਲੈ ਕੇ ਘਰ ਵਿਚ ਹਨੇਰ ਪਲ਼ਦੇ।

ਬੱਦਲ਼ੀ ਹੀ ਬਣਕੇ ਬਿਜਲੀ, ਹਰ ਰੋਜ਼ ਹੀ ਗਿਰੀ ਹੈ,
ਕਿੰਨੀ ਕੁ ਦੇਰ ਬਚਦੇ, ਕਿੰਨੀ ਕੁ ਦੇਰ ਟਲ਼ਦੇ ?

ਕਿੱਥੋਂ ਤੁਰੇ ਸਾਂ ਆਪਾਂ ਕਿਸ ਮੋੜ 'ਤੇ ਰੁਕੇ ਹਾਂ,
ਅੱਗਾਂ ਤੋਂ ਠੰਡ ਲਗਦੀ, ਬਰਫ਼ਾਂ ਤੇ ਪੈਰ ਜਲ਼ਦੇ।



## 4

ਟੁੱਟ ਕੇ ਤਾਰਾ ਪੁੱਜ ਸਕੇ ਨਾ ਭਾਵੇਂ ਧਰਤੀ ਤੀਕ।
ਫਿਰ ਵੀ ਅੰਬਰ ਦੀ ਹਿੱਕ ਉੱਤੇ ਖਿੱਚ ਜਾਂਦਾ ਏ ਲੀਕ।

ਤੂਫ਼ਾਨਾਂ ਵਿਚ ਹਿੰਮਤਾਂ ਵਾਲੇ ਤੁਰਦੇ ਰਹਿੰਦੇ ਲੋਕੀਂ,
ਢੁੱਕਵੇਂ ਮੌਸਮ ਦੀ ਬੇਹਿੰਮਤੇ ਕਰਦੇ ਰਹਿਣ ਉਡੀਕ।

ਮੈਂ ਮੰਨਦੈਂ ਤੂੰ ਜ਼ਖ਼ਮੀ ਤਨ ਨੂੰ, ਕਰ ਸਕਨਾਂ ਏ ਰਾਜ਼ੀ,
ਪਰ ਦੱਸ ਵੈਦਾ! ਜ਼ਖ਼ਮ ਦਿਲਾਂ ਦੇ ਕਿੰਝ ਕਰੇਂਗਾ ਠੀਕ ?

ਪੌਣ ਵਸਲ ਦੀ ਮੇਰੇ ਕੋਲੋਂ ਪਕੜ ਕਦੇ ਨਾ ਹੋਈ,
ਬੁਣ-ਬੁਣ ਰੱਖੇ ਮੈਂ ਆਸਾਂ ਦੇ ਜਾਲ ਬਰੀਕ-ਬਰੀਕ।

ਪੱਤਝੜ ਰੁੱਤੇ ਮਾਲੀ ਬੋਲ਼ਾ, ਗੁਲਸ਼ਨ ਗੂੰਗਾ ਹੋਇਆ,
ਨਾ ਇਹ ਚੁੱਪ ਦਾ ਭੇਤ ਸਮਝਦਾ, ਨਾ ਉਹ ਮਾਰੇ ਚੀਕ।

ਜੀਉਂਦੇ ਜੀਅ ਤਾਂ ਖ਼ਾਰ ਮਿਲੇ ਨੇ ਜਿਸ ਬਦਕਿਸਮਤ ਨੂੰ,
ਅਰਥੀ ਫੁੱਲਾਂ ਨਾਲ਼ ਭਰੀ ਹੈ ਹੇਠੋਂ ਉੱਪਰ ਤੀਕ।

5

ਸ਼ਹਿਰ ਤੇਰੇ ਦਾ ਸੱਜਣਾ! ਕੈਸਾ ਮੰਜ਼ਰ ਹੈ?
ਧਰਤੀ ਹੈ ਸਿਰ ਉੱਤੇ, ਪੈਰੀਂ ਅੰਬਰ ਹੈ।

ਸੁਣਦਾ ਸਾਂ ਕਿ ਪੱਥਰ ਵਿਚ ਵੀ ਦਿਲ ਹੁੰਦੈ,
ਤੱਕਦਾ ਹਾਂ ਤਾਂ ਹਰ ਦਿਲ ਅੰਦਰ ਪੱਥਰ ਹੈ।

ਕਿਸ ਪਾਸੇ ਤਹਿਜ਼ੀਬ ਲਿਜਾਊ ਬੰਦੇ ਨੂੰ,
ਤਨ ਅਣ-ਕੱਜਿਆ, ਮਨ ਦੇ ਉੱਤੇ ਵਸਤਰ ਹੈ।

ਫੇਰ ਕਿਸੇ ਤੂੰ ਚੱਕਰ ਦੇ ਵਿਚ ਫਸਿਆਂ ਏਂ,
ਅਫ਼ਸਰ ਦੇ ਘਰ ਦਾ ਅੱਜ ਦਸਵਾਂ ਚੱਕਰ ਹੈ।

ਮੇਰੀ ਜੇਬ 'ਤੇ ਅੱਖ ਟਿਕੀ ਹਰ ਮੈਂਬਰ ਦੀ,
ਮੇਰਾ ਘਰ ਵੀ ਹੁਣ ਸਰਕਾਰੀ ਦਫ਼ਤਰ ਹੈ।

ਆਪੋ ਵਿਚ ਜਜ਼ਬਾਤ ਮੇਰੇ ਕਿਉਂ ਉਲਝ ਰਹੇ?
ਮੇਰਾ ਦਿਲ ਨਾ ਮਸਜਿਦ ਹੈ, ਨਾ ਮੰਦਰ ਹੈ।

ਰਹਿਮ ਪਰਾਏ ਉਤੇ ਜੀਵਨ ਹੈ ਕੱਟਦਾ,
'ਜੋਗਾ' ਪਿਛਲੇ ਸਾਲ ਦਾ ਇਕ ਕੈਲੰਡਰ ਹੈ।



## ਸੱਜਣ ਸਿੰਘ 'ਸੱਜਣ'

ਜ਼ਿੰਦਗੀ ਦਾ ਅਸੂਲ ਹੁੰਦਾ ਹੈ।
ਬੇ-ਅਸੂਲਾ ਫ਼ਜ਼ੂਲ ਹੁੰਦਾ ਹੈ।

ਮੁੱਲ ਮੁਹੱਬਤ ਦਾ ਕਈ ਵਾਰੀ,
ਥਲ 'ਚ ਸੜ ਕੇ ਵਸੂਲ ਹੁੰਦਾ ਹੈ।

ਇਸ਼ਕ ਹੋਵੇ ਜੇ ਆਸ਼ਕਾਂ ਵਾਂਗਰ,
ਪਲ-ਛਿਣਾਂ ਵਿਚ ਕਬੂਲ ਹੁੰਦਾ ਹੈ।

ਖੇਤ ਚਿੜੀਆਂ ਦੇ ਚੁਗਣ ਤੋਂ ਮਗਰੋਂ,
ਪੱਛੋਤਾਣਾ ਫ਼ਜ਼ੂਲ ਹੁੰਦਾ ਹੈ।

ਕਰਨੀ ਇੱਜ਼ਤ ਖ਼ੁਦ ਤੋਂ ਵੱਡਿਆਂ ਦੀ,
ਦਾਨਿਆਂ ਦਾ ਅਸੂਲ ਹੁੰਦਾ ਹੈ।

ਤਾਂਘ ਹੋਵੇ ਜੇ ਇਕ ਹੀ ਪਾਸੇ,
ਇਸ਼ਕ ਐਸਾ ਫ਼ਜ਼ੂਲ ਹੁੰਦਾ ਹੈ।

ਜਿੱਥੇ ਸਿੱਖਦੇ ਨੇ ਇਸ਼ਕ, ਆਸ਼ਕ,
ਹਰ ਗਲ਼ੀ ਵਿਚ ਸਕੂਲ ਹੁੰਦਾ ਹੈ।

ਜਿਸ ਦਾ ਕੋਈ ਅਸੂਲ ਨਾ ਹੋਵੇ,
ਉਹ ਤਾਂ ਬੰਦਾ ਫ਼ਜ਼ੂਲ ਹੁੰਦਾ ਹੈ।

ਮੰਨੇ ਸੱਜਣ ਨੂੰ ਹੀ ਰੱਬ 'ਸੱਜਣ',
ਕਾਹਤੋਂ ਲੋਕਾਂ ਦੇ ਸੂਲ਼ ਹੁੰਦਾ ਹੈ?

## ਬਲਦੇਵ ਸਿੰਘ 'ਬੱਦਨ'

ਹੁਸਨ ਤੇਰੇ ਦਾ ਦਮ ਮੈਂ ਭਰਦਾ ਹਾਂ।
ਪਿਆਰ ਤੇਰੇ ਹੀ ਨਾਲ ਕਰਦਾ ਹਾਂ।

ਸੱਚ ਦਾ ਆਸ਼ਕ ਹਾਂ ਮੈਂ, ਇਸੇ ਕਰਕੇ,
ਸੂਲ਼ੀ ਚੜ੍ਹਨੋਂ ਨਾ ਮੂਲ ਡਰਦਾ ਹਾਂ।

ਵਸਲ ਤੇਰੇ ਦੀ ਸਿੱਕ ਹੈ, ਦਿਲ ਅੰਦਰ,
ਗ਼ਮ ਦੇ ਸਾਗਰ 'ਚ ਡੁੱਬਦਾ-ਤਰਦਾ ਹਾਂ।

ਲੱਖਾਂ ਗੱਲਾਂ ਨੇ ਮੇਰੇ ਦਿਲ ਅੰਦਰ,
ਜਾਣ ਕੇ ਰੱਖਦਾਂ ਤੈਥੋਂ ਪਰਦਾ ਹਾਂ।

ਭਾਵੇਂ ਬਰਬਾਦ ਮੈਨੂੰ ਤੂੰ ਕੀਤੈ,
ਪਰ ਨਾ ਤੇਰੇ 'ਤੇ ਦੋਸ਼ ਧਰਦਾ ਹਾਂ।

ਪਿਆਰ ਦਾ ਸਿੱਟਾ ਇਹ ਜੁਦਾਈ ਹੈ,
ਤੇਰੇ ਬਿਰਹੋਂ 'ਚ ਆਹਾਂ ਭਰਦਾ ਹਾਂ।

ਦੂਜੇ ਰਿੰਦਾਂ ਨੂੰ ਜਾਮ ਮੁੜ-ਮੁੜ ਕੇ,
ਮੁਸਤਹਿਕ ਮੈਂ ਵੀ ਇਕ ਨਜ਼ਰ ਦਾ ਹਾਂ।

ਸਾਕੀਆ! ਹੁਣ ਤਾਂ ਹੋਸ਼ ਕੁਝ ਕਰ ਤੂੰ,
ਬੰਦਾ ਮੈਂ ਵੀ ਤਾਂ ਤੇਰੇ ਘਰਦਾ ਹਾਂ।

ਜ਼ਿੰਦਗੀ ਹੈ ਅਮੁੱਲੀ ਸ਼ੈਅ 'ਬੱਧਨ',
ਇਹ ਵੀ ਅਰਪਣ ਮੈਂ ਤੈਨੂੰ ਕਰਦਾ ਹਾਂ।



### 2

ਬਹੁਤ ਸੁਣਿਆ ਸੀ ਚਰਚਾ ਦੋਸਤ! ਮੈਂ ਤੇਰੇ ਕਰਾਰਾਂ ਦਾ।
ਕੋਈ ਮੈਨੂੰ ਵੀ ਪੁੱਛੇ ਸਦਮਾ ਤੇਰੇ ਇੰਤਜ਼ਾਰਾਂ ਦਾ।

ਅਸਾਂ ਵੀ ਵਧਦੇ ਜਾਵਾਂਗੇ ਤੇਰੇ ਸਾਏ ਦੇ ਸੰਗ ਸੱਜਣਾ,
ਕੀ ਹੋਇਆ ਨਿੱਘ ਨਾ ਮਿਲ਼ਿਆ ਜੇ ਸਾਨੂੰ ਤੇਰੇ ਪਿਆਰਾਂ ਦਾ।

ਜੇ ਕੰਡੇ ਪੁੜ ਗਏ ਪੈਰਾਂ 'ਚ ਗ਼ਮ ਇਸ ਦਾ ਨਾ ਕਰ ਕੋਈ,
ਮਜ਼ਾ ਮਾਣੇਗਾ ਤੂੰ ਹੀ ਦੋਸਤ! ਰਾਂਗਲੀਆਂ ਬਹਾਰਾਂ ਦਾ।

ਬੜੀ ਹੀ ਬੇਸੁਆਦੀ ਜ਼ਿੰਦਗੀ ਏਥੇ ਲੋਕਾਈ ਦੀ,
ਨਾ ਤਨ ਢੱਕਿਆ ਨਾ ਢਿੱਡ ਰੱਜਾ, ਨਾ ਸੁਪਨਾ ਹੈ ਸ਼ਿੰਗਾਰਾਂ ਦਾ।

ਜੇ ਜੀਉਂਦੇ ਜੀ ਨਹੀਂ ਪੁੱਛਣੀ ਕਿਸੇ ਨਾ ਬਾਤ ਬੰਦੇ ਦੀ,
ਤਾਂ ਕੀ ਕਰਨਾ ਮੋਇਆਂ ਬਾਅਦ ਇਹਨਾਂ ਗ਼ਮ-ਗੁਸਾਰਾਂ ਦਾ।

ਚਮਨ ਦੇ ਮਾਲੀਆਂ ਨੇ ਇਹ ਚਮਨ ਬਰਬਾਦ ਕਰ ਦਿੱਤੈ,
ਨਾ ਫੁੱਲਾਂ 'ਤੇ ਰਹੀ ਲਾਲੀ, ਨਾ ਡਰ ਘਟਿਆ ਹੈ ਖ਼ਾਰਾਂ ਦਾ।

ਨਹੀਂ ਦਿਨ ਦੂਰ ਉਹ 'ਬੱਦਨ' ਕਿ ਇਕ ਦਿਨ ਮਿਲ ਕੇ ਦਿਲ ਵਾਲ਼ੇ,
ਕਰਨਗੇ ਫਾਸ਼ ਪਰਦਾ ਇਹਨਾਂ ਲੋਟੂ ਤਾਜਦਾਰਾਂ ਦਾ।

## 3

ਕਿਸਮਤ ਨੇ ਦਿਨ ਕੇਹੋ ਜਿਹੇ ਦਿਖਾਏ ਨੇ।
ਅਪਣੇ ਸੱਜਣ ਹੀ ਅੱਜ ਬਣੇ ਪਰਾਏ ਨੇ।

ਮਹਿਲਾਂ ਦੇ ਵਿਚ ਤੇਰਾ ਚਰਚਾ ਹੋਇਆ ਹੈ,
ਮੇਰੇ ਦਿਲ 'ਤੇ ਨਸ਼ਤਰ ਕਿਸੇ ਚੁਭਾਏ ਨੇ।

ਫੁੱਲ 'ਤੇ ਖ਼ਾਰ ਦਾ ਰਿਸ਼ਤਾ ਬਹੁਤ ਹੀ ਨੇੜੇ ਦਾ,
ਕਿਹੜਾ ਕਹਿੰਦਾ ਫੁੱਲ 'ਤੇ ਖ਼ਾਰ ਪਰਾਏ ਨੇ।

ਖ਼ਾਮੋਸ਼ੀ ਦਾ ਭੇਤ ਤਾਂ ਉਹੀ ਜਾਣਨਗੇ,
ਜਿਨ੍ਹਾਂ ਅਪਣੀ ਜੀਭ ਨੂੰ ਜਿੰਦੇ ਲਾਏ ਨੇ।

ਜਿਨ੍ਹਾਂ ਨੇ ਔਝੜ ਰਾਹੀਂ ਤੁਰਨਾ ਸਿੱਖਿਆ ਹੈ,
ਮੰਜ਼ਿਲ 'ਤੇ ਉਹ ਸਭ ਤੋਂ ਪਹਿਲਾਂ ਆਏ ਨੇ।

ਉੱਤੋਂ-ਉੱਤੋਂ ਹੱਸਦੇ-ਹੱਸਦੇ ਰਹਿੰਦੇ ਹਾਂ,
ਦਿਲ ਦੇ ਅੰਦਰ ਲੱਖਾਂ ਜ਼ਖ਼ਮ ਛੁਪਾਏ ਨੇ।

ਉੱਚੇ ਨੀਵੇਂ ਦਾ 'ਬੱਦਨ' ਮਿਟ ਜਾਣੈ ਫ਼ਰਕ,
ਆਸ਼ਿਕ ਸਿਰ 'ਤੇ ਖੱਫ਼ਨ ਬੰਨ੍ਹ ਕੇ ਆਏ ਨੇ।



## ਸੰਧੂ ਵਰਿਆਣਵੀ

ਜੀਵਨ ਵਿਚ ਮੈਂ ਕੀ ਖੋਇਆ ਕੀ ਪਾਇਆ ਹੈ?
ਇਸ ਗੱਲ ਮੈਨੂੰ ਮੁੜ-ਮੁੜ ਸੋਚਣ ਲਾਇਆ ਹੈ।

ਸ਼ਹਿਰ ਤੇਰੇ ਦਾ ਜਦ ਵੀ ਮਿਲਿਆ ਬਸ਼ਰ ਕੋਈ,
ਹੋਂਦ ਤੇਰੀ ਦਾ ਉਸ ਅਹਿਸਾਸ ਕਰਾਇਆ ਹੈ।

ਹਾਦਸਿਆਂ ਦਾ ਦਰਦ ਅਵੱਲਾ ਸਹਿ-ਸਹਿ ਕੇ,
ਨੈਣੋਂ ਹੰਝੂ ਮੁੱਕੇ ਦਿਲ ਪਥਰਾਇਆ ਹੈ।

ਹੰਭਲਾ ਮਾਰੋ! ਮੰਜ਼ਲ ਆਖ਼ਰ ਮਿਲ ਜਾਊ,
ਵਗਦੇ ਦਰਿਆ ਕੋਈ ਰੋਕ ਨਾ ਪਾਇਆ ਹੈ।

ਸਾਥ ਜਿਦਾ ਸੀ ਖ਼ੁਸ਼ੀਆਂ ਦੀ ਬਰਸਾਤ ਜਿਹਾ,
ਹਿਜਰ ਉਦ੍ਹੇ ਨੇ ਗ਼ਮ ਦਾ ਸੋਕਾ ਲਾਇਆ ਹੈ।

ਬਿਰਹਨ ਨੇ ਭਰਿਆ ਹੋਣੈ ਹਉਕਾ ਤਾਂ ਹੀ,
ਤੱਤਾ-ਤੱਤਾ 'ਵਾ ਦਾ ਬੁੱਲਾ ਆਇਆ ਹੈ।

ਇਸ ਰੁੱਖ ਤੋਂ ਹੁਣ ਆਸ ਨਾ ਰੱਖੋ ਛਾਵਾਂ ਦੀ,
'ਸੰਧੂ' ਇਸ ਦਾ ਹਰ ਪੱਤਾ ਮੁਰਝਾਇਆ ਹੈ।

## 2

ਦਿਲ ਨਾਲ ਦਿਲ ਵਟਾ ਕੇ ਜਿਹੜੇ ਸਜਾਏ ਸੁਪਨੇ।
ਉਹ ਵਕਤ ਨੇ ਅਸਾਡੇ ਨੈਣੋਂ ਚੁਰਾਏ ਸੁਪਨੇ।

ਇਕ ਉਮਰ ਹੋ ਗਈ ਹੈ ਜੋ ਸੀ ਗੁਆਏ ਸੁਪਨੇ।
ਹੁਣ ਤੱਕ ਵੀ ਮੈਂ ਉਹ ਅਪਣੇ ਸੀਨੇ ਲਗਾਏ ਸੁਪਨੇ।

ਰੋ-ਰੋ, ਰੁਆ-ਰੁਆ ਕੇ, ਐਸੇ ਉਹ ਮੈਥੋਂ ਵਿਛੜੇ,
ਹੁਣ ਵੀ ਉਡੀਕਦਾ ਹਾਂ ਮੁੜ ਕੇ ਨਾ ਆਏ ਸੁਪਨੇ।

ਜਦ-ਜਦ ਵੀ ਹੌਕਿਆਂ ਦਾ ਲੱਗਾ ਹੈ ਸੇਕ ਦਿਲ ਨੂੰ,
ਤਦ-ਤਦ ਹੀ ਨੈਣ ਰੋਏ 'ਤੇ ਤਿਲ-ਮਿਲਾਏ ਸੁਪਨੇ।

ਚਾਹਿਆ ਤਾਂ ਸੀ ਇਹਨਾਂ ਨੂੰ ਅਸ਼ਕਾਂ 'ਚ ਰੋੜ੍ਹ ਦੇਵਾਂ,
ਮੁੱਕਿਆ ਹੈ ਨੀਰ ਪਰ ਨਾ ਮੁੱਕਣ 'ਤੇ ਆਏ ਸੁਪਨੇ।

ਕਾਲ਼ੀ ਹੈ ਰਾਤ ਆਉਂਦਾ ਕੁਝ ਵੀ ਨਜ਼ਰ ਨਹੀਂ ਹੈ,
ਪਰ ਨਾਲ਼-ਨਾਲ਼ ਤੁਰਦੇ ਬਣ-ਬਣ ਕੇ ਸਾਏ ਸੁਪਨੇ।

ਮੈਂ ਦਰਦ ਦਿਲ ਦਾ ਸਾਰਾ ਉਸ ਵਕਤ ਭੁੱਲ ਗਿਆ ਸੀ,
ਜਦ ਰਾਤ ਪਿੱਛੋਂ ਉਸਨੇ ਮੈਨੂੰ ਸੁਣਾਏ ਸੁਪਨੇ।

ਦੋਸ਼ੀ ਨਾ ਮੈਂ, ਨਾ ਉਹ ਹੈ, ਇਹ ਵਕਤ ਦੀ ਸੀ ਸਾਜ਼ਿਸ਼,
ਦਿਲ ਵਿਚ ਹੀ ਮਰ ਗਏ ਜੋ, ਬਿਨ ਮੌਤ ਆਏ ਸੁਪਨੇ।

'ਸੰਧੂ' ਹੈ ਖ਼ੁਸ਼ਨਸੀਬੀ ਉਹਨਾਂ ਦੀ ਇਹ ਜਿਨ੍ਹਾਂ ਨੇ,
ਜੀਵਨ 'ਚ ਜੋ ਸਜਾਏ ਉਹ ਰਾਸ ਆਏ ਸੁਪਨੇ।



## ਹਰਚਰਨ (ਡਾ.)

ਹੋਇਆ ਨਹੀਂ ਹਨ੍ਹੇਰਾ ਨਾ ਦੂਰ ਜਾਉ ਹਾਲੇ।
ਪਰਛਾਵਿਉਂ! ਨਾ ਏਦਾਂ ਪੱਲਾ ਬਚਾਉ ਹਾਲੇ।

ਇਕ ਹੋਣ ਦੇ ਅਹਿਦ ਦੀ ਸੁੱਕੀ ਨਹੀਂ ਸਿਆਹੀ,
ਕੁਛ ਤਾਂ ਰਹੇ ਭਰਮ, ਨਾ ਨਜ਼ਰਾਂ ਚੁਰਾਉ ਹਾਲੇ।

ਮੰਨਿਆ ਤੁਫ਼ਾਨ ਗਹਿਰਾ, ਕਿਸ਼ਤੀ ਵੀ ਚਰਮਰਾਏ,
ਕੁਛ ਤਾਂ ਕਰੋ ਸਬਰ, ਨਾ ਛਾਲ਼ਾਂ ਲਗਾਉ ਹਾਲੇ।

ਇਕ ਦੂਸਰੀ ਤੋਂ ਚੜ੍ਹ -ਚੜ੍ਹ ਆਉਂਦੀ ਹੈ ਛੱਲ ਹਰ ਇਕ,
ਸੁੱਤੀਆਂ ਕਲਾਂ ਨਾ ਹਰਗਿਜ਼ ਏਦਾਂ ਜਗਾਉ ਹਾਲੇ।

ਮੁਸ਼ਕਿਲ ਦੇ ਸਾਹਣੇਂ ਬਣ-ਬਣ ਵੰਗਾਰ ਖ਼ੁਦ ਖੜ੍ਹਾ ਤਦ,
ਬੇਵਕਤ, ਬੇ-ਵਜ੍ਹਾ ਨਾ ਚਿਹਰਾ ਛੁਪਾਉ ਹਾਲੇ।

ਮੰਜ਼ਲ ਦੇ ਪੰਧ ਉੱਤੇ ਪਹਿਲਾ ਹੀ ਪੈਰ ਧਰਿਆ,
ਐਵੇਂ ਨਾ ਇੰਝ ਰੋਣੀ ਸੂਰਤ ਬਣਾਉ ਹਾਲੇ।

ਪਰਦਾ ਉਠਾ ਕੇ ਦਿਲ ਨਾ, 'ਹਰਚਰਨ' ਦਾ ਫਰੋਲੋ,
ਨਾ ਸੁਣ-ਸੁਣਾ ਕੇ ਏਦਾਂ, ਫ਼ਤਵੇ ਸੁਣਾਉ ਹਾਲੇ।

2

ਰੱਖਣਾ ਹੈ ਜੇ ਸਲਾਮਤ, ਇਤਬਾਰ ਯਾਦ ਰੱਖੀਂ।
ਕੀਤੇ ਸੀ ਜੋ ਦਿਲਾਂ ਨੇ, ਇਕਰਾਰ ਯਾਦ ਰੱਖੀਂ।

ਖ਼ਾਬਾਂ ਦਾ ਮਹਿਲ ਨਿਸ ਦਿਨ, ਇਉਂ ਤਿੜਕਦਾ ਰਿਹਾ ਜੇ,
ਟੁੱਟਣ ਦੇ ਬਣ ਨਾ ਜਾਵਣ, ਆਸਾਰ ਯਾਦ ਰੱਖੀਂ।

ਦੁਸ਼ਮਣ ਤਾਂ ਸ਼ਿਸਤ ਬੰਨ੍ਹ-ਬੰਨ੍ਹ, ਮੌਕੇ ਤਲਾਸ਼ਦਾ ਨਿੱਤ,
ਭੁੱਲ ਕੇ ਵੀ ਬਣ ਨਾ ਬੈਠੀਂ, ਹਥਿਆਰ ਯਾਦ ਰੱਖੀਂ।

ਗ਼ੈਰਾਂ ਦੀ ਚਾਲ ਕੋਝੀ, ਹਰਗਿਜ਼ ਨਾ ਕਰ ਦਵੇ, ਅੱਜ,
ਵਿਸ਼ਵਾਸ ਦੀ ਇਮਾਰਤ, ਮਿਸਮਾਰ ਯਾਦ ਰੱਖੀਂ ।

ਮੰਡਰਾ ਰਹੇ ਨੇ ਬੇਸ਼ੱਕ, ਹਮਦਰਦ ਲੱਖ ਚੁਫ਼ੇਰੇ,
ਮੁੱਦਤ ਦੇ ਬਾਅਦ ਮਿਲਦਾ, ਗ਼ਮਖ਼ਾਰ ਯਾਦ ਰੱਖੀਂ।

ਚਿਹਰੇ 'ਤੇ ਚਿਹਰਾ ਲਾ-ਲਾ, ਚਾਹਤ ਜਤਾਉਣ ਵਾਲੇ,
ਹਰ ਪੈਰ 'ਤੇ ਮਿਲਣਗੇ, ਮੱਕਾਰ ਯਾਦ ਰੱਖੀਂ।

ਗਹਿਣੇ ਦੀ ਪੁਖ਼ਤਗੀ ਲਈ, ਜਿਉਂ ਖੋਟ ਹੈ ਜ਼ਰੂਰੀ,
ਰਿਸ਼ਤੇ ਦੀ ਪੁਖ਼ਤਗੀ ਲਈ, ਤਕਰਾਰ ਯਾਦ ਰੱਖੀਂ।

ਛੱਲਾਂ-ਥਪੇੜਿਆਂ ਹੀ ਲਾਉਣੀ ਹੈ ਅੰਤ ਇਕ ਦਿਨ,
ਚਾਹਤ ਦੀ ਨਾਵ ਅਪਣੀ, ਫਿਰ ਪਾਰ ਯਾਦ ਰੱਖੀਂ।

ਦੇਖੀਂ ਨਾ ਤੋੜ ਜਾਵੇ, ਦਮ ਬੇ-ਰੁਖ਼ੀ ਦੇ ਸਦਕਾ,
'ਹਰਚਰਨ' ਵਿਚਲਾ ਸ਼ਾਇਰ ਫ਼ਨਕਾਰ ਯਾਦ ਰੱਖੀਂ।



## ਮਨਜੀਤ ਸਿੰਘ 'ਪ੍ਰੀਤ'

ਪਿਆਰ ਤੇਰੇ ਵਿਚ ਕੀ ਖੋਇਆ ਕੀ ਪਾਇਆ ਹੈ ?
ਹਾਲੇ ਤਕ ਇਹ ਭੇਦ ਸਮਝ ਨਾ ਆਇਆ ਹੈ।

ਅੱਜ ਦੇ ਵਿਛੜੇ ਫੇਰ ਭਲਾ ਕਦ ਹੈ ਮਿਲਣਾ ?
ਸੱਜਣਾ ਨੂੰ ਗੱਲ ਦੱਸ ਕੇ ਦਿਲ ਭਰ ਆਇਆ ਹੈ।

ਰੋਇਆਂ ਵਾਟ ਨਾ ਮੁੱਕਦੀ ਪਰ ਦਿਲ ਹੈ ਰੋਂਦਾ,
ਦਿਲ ਨਾ ਕੁਝ ਵੀ ਸਮਝੇ ਲੱਖ ਸਮਝਾਇਆ ਹੈ।

ਸੰਭਲ਼-ਸੰਭਲ਼ ਕੇ ਕਹਿੰਦੇ ਨੇ ਤੂੰ ਤੁਰਿਆ ਕਰ,
ਸੰਭਲ਼-ਸੰਭਲ਼ ਕੇ ਤੁਰਨਾ ਹੀ ਨਾ ਆਇਆ ਹੈ।

ਤੰਦਰੁਸਤੀ ਦੀ ਚਰਚਾ ਐਵੇਂ ਰਹਿਣ ਦਿਓ !
ਆਪਾਂ ਖ਼ੁਦ ਹੀ ਰੋਗ ਅਵੱਲਾ ਲਾਇਆ ਹੈ।

ਮਾਰੂਥਲ ਨੂੰ ਦੋਸ਼ ਭਲਾ ਮੈਂ ਕੀ ਦੇਵਾਂ ?
ਸਾਗਰ ਕੰਢੇ 'ਪ੍ਰੀਤ' ਤੇਰਾ ਤਿਰਹਾਇਆ ਹੈ।

## 2

ਇਹ ਕੀ ਰੌਲ਼ਾ ਤੇਰੇ ਸ਼ਹਿਰ ?
ਮਰਿਆ ਨਾ ਉਹ ਖਾਕੇ ਜ਼ਹਿਰ।

ਸੱਚ ਨੂੰ ਇੱਥੇ ਮਿਲਦੀ ਸੂਲ਼ੀ,
ਵੇਖ ਲਿਆ ਹੈ ਤੇਰਾ ਸ਼ਹਿਰ।

ਅੱਧੀ ਰਾਤ ਪੁਲਿਸ ਦਾ ਪਹਿਰਾ,
ਦਿਨ ਚੜ੍ਹਦੇ ਨੂੰ ਹੋਇਆ ਕਹਿਰ।

ਕਹਿਣੀ ਗੱਲ ਬੜੀ ਮੁਸ਼ਕਿਲ,
ਕਿੱਦਾਂ ਦੀ ਹੈ ਲੱਭੀ ਬਹਿਰ ?

ਸੂਰਜ ਆਖ਼ਰ ਨਿਕਲੇਗਾ ਹੀ,
ਬੇਸ਼ਕ ਹਾਲੇ ਛਾਈ ਗਹਿਰ।

ਬਚਪਨ ਵਿਚ ਵੀ ਸਾਡੇ ਹਿੱਸੇ,
ਯਾਰੋ ! ਆਇਆ ਤੀਜਾ ਪਹਿਰ।

ਜਿਹੜਾ 'ਪ੍ਰੀਤ' ਪੁਗਾਉਂਦਾ ਏਥੇ,
ਉਸ ਬੰਦੇ 'ਤੇ ਟੁੱਟਦਾ ਕਹਿਰ।



## ਇਕਵਿੰਦਰ ਸਿੰਘ

ਤੈਨੂੰ ਅੰਦਾਜ਼ਾ ਨਹੀਂ ਇਸ ਲਹਿਰ ਦਾ।
ਪਿਆਰ ਮੈਂ ਕਰਦਾ ਹਾਂ ਤੈਨੂੰ ਕਹਿਰ ਦਾ।

ਛਤਰੀਆਂ ਦੇ ਹੋ ਗਏ ਲੋਕੀਂ ਗ਼ੁਲਾਮ,
ਕੌਣ ਹੁਣ ਰੁੱਖਾਂ ਦੀ ਛਾਵੇਂ ਠਹਿਰਦਾ ?

ਜੀਭ ਕੱਢ ਕੇ ਬਹਿ ਗਿਆ ਸੀ ਪੁਲ਼ ਜਦੋਂ,
ਸੂਕਦਾ ਪਾਣੀ ਸੀ ਓਦੋਂ ਨਹਿਰ ਦਾ।

ਨੱਸਦਾ ਜਾਨੈਂ ਤੂੰ ਕਿਉਂ ਪਰਛਾਵਿਆਂ ?
ਵਕਤ ਤਾਂ ਆਇਆ ਨਹੀਂ ਦੋ-ਪਹਿਰ ਦਾ।

ਤੇਰੀਆਂ ਯਾਦਾਂ ਦਾ ਚੰਬਾ ਰੋਜ਼ ਹੀ,
ਦਿਲ ਦੀ ਮਮਟੀ 'ਤੇ ਹੈ ਆਕੇ ਠਹਿਰਦਾ।

ਬਦਲ਼ੀਆਂ ਦੀ ਛਾਂ ਕਿਰਾਏ 'ਤੇ ਮਿਲੇ,
ਹੈ ਅਜਬ ਦਸਤੂਰ ਤੇਰੇ ਸ਼ਹਿਰ ਦਾ ।

ਰੂਪ ਤੇਰਾ ਹੈ ਰੁਬਾਈ ਇਸ਼ਕ ਦੀ,
ਜਿਸਮ ਤੇਰਾ ਹੈ ਗ਼ਜ਼ਲ ਦੀ ਬਹਿਰ ਦਾ।

ਤਖ਼ਤ ਉਹ ਸੌਂਪੇ ਜਾਂ ਤੈਥੋਂ ਖੋਹ ਲਵੇ,
ਕੀ ਭਰੋਸਾ ਦਿਲ ਦੇ ਦਿੱਲੀ ਸ਼ਹਿਰ ਦਾ ?

ਪੀ ਗਿਆ ਸੁਕਰਾਤ 'ਇਕਵਿੰਦਰ' ਇਵੇਂ,
ਨਾਮ ਚਰਚਿਤ ਹੋ ਗਿਆ ਹੈ ਜ਼ਹਿਰ ਦਾ।

## 2

ਦੂਰੀਆਂ - ਬੇ-ਨੂਰੀਆਂ - ਮਜਬੂਰੀਆਂ!
ਪਿਆਰ ਵਿਚ ਕਦ ਪੈਂਦੀਆਂ ਨੇ ਪੂਰੀਆਂ?

ਹਰ ਕਿਸੇ ਦੇ ਭਾਗ ਵਿਚ ਹੁੰਦੀਆਂ ਨਹੀਂ ;
ਦੌਲਤਾਂ - ਫ਼ਨਕਾਰੀਆਂ - ਮਸ਼ਹੂਰੀਆਂ!

ਲੋੜ ਨਾ ਹੋਵੇ ਤਾਂ ਪਾਉਂਦਾ ਕੌਣ ਹੈ?
ਚਿੱਠੀਆਂ - ਸਾਂਝਾਂ - ਮੁਹੱਬਤਾਂ - ਚੂਰੀਆਂ!

ਹੁਸਨ ਦੀ ਬਸਤੀ ਦੀਆਂ ਦਰਬਾਨ ਹਨ;
ਤਿਊੜੀਆਂ-ਲਬ-ਟੁਕਣੀਆਂ-ਘਣ-ਘੂਰੀਆਂ!

ਆਪਣੇ ਹਿੱਸੇ ਨਾ ਆਈਆਂ ਉਮਰ ਭਰ ;
ਤਿਤਲੀਆਂ - ਸਰਦਾਰੀਆਂ - ਮਸ਼ਹੂਰੀਆਂ !

ਚੰਗਿਆਂ-ਭਲਿਆਂ ਨੂੰ ਕਰ ਦਿੰਦੀਆਂ ਖ਼ਰਾਬ;
ਲਾਲਸਾਵਾਂ - ਦੌਲਤਾਂ - ਕਸਤੂਰੀਆਂ!

ਹੁਸਨ ਦੀ ਫ਼ਿਤਰਤ ਹੈ ਉਹ ਸਿੱਖਦਾ ਨਹੀਂ;
ਸ਼ੋਖ਼ੀਆਂ - ਦਿਲਦਾਰੀਆਂ - ਮਗ਼ਰੂਰੀਆਂ!

ਔਖੀਆਂ ਹੀ ਮਿਟਦੀਆਂ ਪੈ ਜਾਣ ਜੇ;
ਆਦਤਾਂ-ਪਗ-ਡੰਡੀਆਂ-ਦਿਲ-ਦੂਰੀਆਂ !

ਕਰਨੀਆਂ ਪੈ ਜਾਣ ਤਾਂ ਮਿਹਣਾ ਨਹੀਂ ;
ਮਿਹਨਤਾਂ - ਹਮਦਰਦੀਆਂ - ਮਜ਼ਦੂਰੀਆਂ!

ਇਸ਼ਕ 'ਇਕਵਿੰਦਰ' ਨਹੀਂ ਜੋ ਲੱਥ ਜਾਣ;
ਮਸਤੀਆਂ - ਮਦ - ਹੋਸ਼ੀਆਂ - ਮਖ਼ਮੂਰੀਆਂ।



## 3

ਤਰਕ ਸੰਗਤ ਇਹ ਤਰਕ ਲਗਦਾ ਹੈ।
ਹੁਣ ਮੁਹੱਬਤ 'ਚ ਫ਼ਰਕ ਲਗਦਾ ਹੈ।

ਪਹਿਲਾਂ ਵਾਂਗਰ ਹੀ ਗਲ਼ ਨੂੰ ਚਿੰਬੜੇ ਹੋ,
ਉੱਨੀ-ਇੱਕੀ ਦਾ ਫ਼ਰਕ ਲਗਦਾ ਹੈ।

ਥਾਂ-ਥਾਂ ਬਣਦੀ ਹੈ ਬਰਫ਼ੀ ਉਲਫ਼ਤ ਦੀ,
ਟਾਵੀਂ-ਟਾਵੀਂ 'ਤੇ ਵਰਕ ਲਗਦਾ ਹੈ।

ਜਦ ਤੋਂ ਬੈਠੇ ਹੋ ਮੇਰੇ ਬਿਸਤਰ 'ਤੇ,
ਕੁਛ ਤਬੀਅਤ 'ਚ ਫ਼ਰਕ ਲਗਦਾ ਹੈ।

ਉਂਜ ਹੀ ਬਣਦੀ ਨਹੀਂ ਗ਼ਜ਼ਲ ਯਾਰੋ!
ਖ਼ੂਨ ਲਗਦਾ ਹੈ, ਅਰਕ ਲਗਦਾ ਹੈ।

ਤੇਰੇ ਗੁਲਸ਼ਨ 'ਚ ਹੁਣ ਤਾਂ 'ਇਕਵਿੰਦਰ',
ਹਰ ਪਰਿੰਦਾ ਸਤਰਕ ਲਗਦਾ ਹੈ।

4

ਝੌਂਪੜੀਆਂ ਨੇ ਰੋਣਾ ਏਂ ਬਰਸਾਤਾਂ ਨੂੰ।
ਮਹਿਲਾਂ ਨੇ ਖ਼ੁਸ਼ ਹੋਣਾ ਏਂ ਬਰਸਾਤਾਂ ਨੂੰ।

ਕੱਚੇ ਘਰ ਨੇ ਚੋਣਾ ਏਂ ਬਰਸਾਤਾਂ ਨੂੰ।
ਜਲ-ਥਲ-ਜਲ-ਥਲ ਹੋਣਾ ਏਂ ਬਰਸਾਤਾਂ ਨੂੰ।

ਖੂੰਜੇ ਲੱਗ ਕੇ ਸਾਰੀ ਰਾਤ ਗੁਜ਼ਾਰਾਂਗੇ,
ਸਾਡਾ ਘਰ ਵੀ ਚੋਣਾ ਏਂ ਬਰਸਾਤਾਂ ਨੂੰ।

ਕਾਲ਼ੇ ਬੱਦਲ਼ਾਂ 'ਚੋਂ ਜਦ ਬਿਜਲੀ ਚਮਕੇਗੀ,
ਦਿਲ ਵਿਚ ਕੁਛ-ਕੁਛ ਹੋਣਾ ਏਂ ਬਰਸਾਤਾਂ ਨੂੰ।

ਕੱਚੇ ਰਾਹ ਦੇ ਉੱਤੇ ਘਰ ਹੈ ਸੱਜਣਾ ਦਾ,
ਏਸੇ ਗੱਲ ਦਾ ਰੋਣਾ ਏਂ ਬਰਸਾਤਾਂ ਨੂੰ।

ਉਹਨਾਂ ਨੇ ਕੀ ਲੈਣਾ ਘੋਰ ਘਟਾਵਾਂ ਤੋਂ?
ਜਿਹਨਾਂ ਬੇ-ਘਰ ਹੋਣਾ ਏਂ ਬਰਸਾਤਾਂ ਨੂੰ।



ਸੁੱਕਿਆਂ ਬੁੱਲਾਂ ਵਾਲੀਆਂ ਨੀ਼ਲੀਆਂ ਝੀਲਾਂ ਦਾ,
ਰੂਪ ਅਲੱਗ ਹੀ ਹੋਣਾ ਏਂ ਬਰਸਾਤਾਂ ਨੂੰ।

ਜਦੋਂ ਪਪੀਹੇ ਨੇ ਸੁਣਨੀ ਹੈ ਛਮ-ਛਮ-ਛਮ,
ਸ਼ਹਿਦ ਲਬਾਂ 'ਚੋਂ ਚੋਣਾ ਏਂ ਬਰਸਾਤਾਂ ਨੂੰ

ਦੋਹਰੀਆਂ ਪੀਂਘਾਂ ਨੇ ਜਦ ਪੈਣਾ ਸ਼ਾਮ ਢਲ਼ੇ,
ਖ਼ੂਬ ਨਜ਼ਾਰਾ ਹੋਣਾ ਏ ਬਰਸਾਤਾਂ ਨੂੰ।

ਦਿਲ ਦੀਆਂ ਕੰਧਾਂ ਤੀਕ ਸਲ੍ਹਾਬਾ ਚੜ੍ਹ ਜਾਣਾ,
ਭਿੱਜਣਾ ਹਰ ਇਕ ਕੋਣਾ ਏਂ ਬਰਸਾਤਾਂ ਨੂੰ।

ਦਿਲ ਦੀ ਕੋਇਲ ਕੂਕੇ ਹੁਣ ਤਾਂ ਇਕਲਾਪਾ,
ਸਹਿਣਾ ਮੁਸ਼ਕਿਲ ਹੋਣਾ ਏਂ ਬਰਸਾਤਾਂ ਨੂੰ।

ਬੰਦ ਲਿਫ਼ਾਫ਼ੇ ਦੇ ਵਿਚ ਛਤਰੀ ਕੀ ਜਾਣੇ!
ਉਸ ਦਾ ਹਾਲ ਕੀ ਹੋਣਾ ਏਂ ਬਰਸਾਤਾਂ ਨੂੰ।

ਇਕ ਦੂਜੇ ਦੇ ਪਿੱਛੇ ਨੱਸਣਾ ਬੱਦਲ਼ਾਂ ਨੇ,
ਖ਼ੂਬ ਤਮਾਸ਼ਾ ਹੋਣਾ ਏਂ ਬਰਸਾਤਾਂ ਨੂੰ।

ਜਿਸਦੀ ਪਿਆਸ ਬੁਝੀ ਨਾ ਸਾਉਣ ਮਹੀਨੇ ਵੀ,
ਉਸ ਬਿਰਹਨ ਨੇ ਰੋਣਾ ਏਂ ਬਰਸਾਤਾਂ ਨੂੰ।

ਇਸ ਮਹਿਫ਼ਿਲ ਵਿਚ ਜੋ-ਜੋ ਕਹਿਣਾ ਮੁਸ਼ਕਲ ਹੈ,
ਉਹ-ਉਹ ਕੁਛ ਵੀ ਹੋਣਾ ਏਂ ਬਰਸਾਤਾਂ ਨੂੰ।

ਧੂੜ 'ਚ ਲਥ-ਪਥ ਅਪਣਾ ਰੂਪ ਸੰਵਾਰਨ ਲਈ,
ਸੜਕਾਂ ਨੇ ਮੂੰਹ ਧੋਣਾ ਏਂ ਬਰਸਾਤਾਂ ਨੂੰ।

ਮੋਰਾਂ ਨੇ 'ਤੇ ਮੋਰਨੀਆਂ ਨੇ 'ਇਕਵਿੰਦਰ',
ਢੁਕ-ਢੁਕ ਨੇੜੇ ਹੋਣਾ ਏਂ ਬਰਸਾਤਾਂ ਨੂੰ।

ਅੰਬ ਦੁਸਹਿਰੀ ਚੂਪਣ ਆਇਓ! 'ਪੁਰਹੀਰਾਂ',
'ਇਕਵਿੰਦਰ' ਘਰ ਹੋਣਾ ਏਂ ਬਰਸਾਤਾਂ ਨੂੰ।



## 5

ਹਰ ਵਣਜਾਰਨ ਰਾਜ ਕੁਮਾਰੀ ਹੋਵੇਗੀ।
ਸਾਡੇ ਦੌਰ 'ਚ ਰੁੱਤ ਨਿਆਰੀ ਹੋਵੇਗੀ।

ਮੇਰੇ ਮੋਢੇ 'ਤੇ ਸਿਰ ਸੁੱਟ ਕੇ ਸੁੱਤੀ ਜੋ,
ਲੰਮੇ ਪੈਂਡੇ ਦੀ ਅਸਵਾਰੀ ਹੋਵੇਗੀ।

ਗੂੜ੍ਹੀ-ਗੂੜ੍ਹੀ ਛਾਂ ਜੋ ਝੱਟ-ਪੱਟ ਹੋਈ ਏ,
ਸ਼ਾਇਦ ਉਸਨੇ ਜ਼ੁਲਫ਼ ਖਿਲਾਰੀ ਹੋਵੇਗੀ।

ਜਿਸ ਥਾਂ ਮਹਿਲ ਬਣੇ ਨੇ ਸਾਡੇ ਘਰ ਢਾਹ ਕੇ,
ਉਸ ਥਾਂ ਸਾਡੀ ਫੇਰ ਉਸਾਰੀ ਹੋਵੇਗੀ।

ਕੰਧ 'ਤੇ ਟੰਗੀ ਰਹਿੰਦੀ ਹੈ ਜੋ 'ਇਕਵਿੰਦਰ',
ਬੀਤੇ ਵਕਤਾਂ ਦੀ ਫੁਲਕਾਰੀ ਹੋਵੇਗੀ ।

## ਡਾ. ਜਨਮੀਤ

ਰੰਗ ਕੇ ਜੀਵਨ ਗੁਲਾਬੀ ਰੰਗ ਵਿਚ।
ਰੁਲ਼ ਗਿਆ ਰਾਂਝਾ ਵਿਚਾਰਾ ਝੰਗ ਵਿਚ।

ਸੀ ਮੈਂ ਹਠਯੋਗੀ ਪਰੰਤੂ ਡੋਲਿਆ,
ਗੱਲ ਹੀ ਕੁਝ ਐਸੀ ਸੀ ਉਸਦੀ ਸੰਗ ਵਿਚ।

ਖ਼ੂਬਸੂਰਤ ਕੱਚ ਦੀ ਵੰਗ ਵਿਕ ਗਈ,
ਦੇਖ ਕੇ ਝਿਲਮਿਲ ਸੁਨਹਿਰੀ ਵੰਗ ਵਿਚ ।

ਡੁੱਬਿਆ, ਤਰਿਆ 'ਤੇ ਆਖ਼ਰ ਘੁਲ਼ ਗਿਆ,
ਮੈਂ ਤੇਰੀ ਅੱਖ ਦੇ ਬਿਲੌਰੀ ਰੰਗ ਵਿਚ।

ਜ਼ਿੰਦਗੀ ਤੇਰੀ ਵੀ ਹੈ, ਮੇਰੀ ਵੀ ਹੈ,
ਫ਼ਰਕ ਹੈ ਤਾਂ ਜਿਊਣ ਦੇ ਬਸ! ਢੰਗ ਵਿਚ।

ਆਤਮਾ ਦੇ ਕਤਲ ਪਿੱਛੋਂ ਹੁਣ ਤਲਕ,
ਦਰਦ ਦੀ ਇਕ ਲਹਿਰ ਹੈ ਅੰਗ-ਅੰਗ ਵਿਚ।

ਪਹਿਨ ਕੇ ਚਿਹਰੇ ਜੋ ਆਏ ਬਜ਼ਮ ਵਿਚ,
ਜਾਣਦੇ ਨਈਂ ਕੀ ਮਜ਼ਾ ਹੈ ਨੰਗ ਵਿਚ।

ਉਸਦੀ ਕੀ ਜੁੱਰਅਤ ਝੁਕੇ ਨਾ ਸਾਥੀਓ!
ਜ਼ੋਰ ਜਦ ਹੋਊ ਅਸਾਡੀ ਮੰਗ ਵਿਚ।

ਕੁਝ ਨਾ ਕੁਝ ਹਾਲੇ ਵੀ ਹੈ ਬਚਿਆ ਪਿਆ,
ਜ਼ਿੰਦਗੀ ਭਾਵੇਂ ਮਿਲੀ ਹਰ ਰੰਗ ਵਿਚ।



### 2

ਸਬਰ ਤੇਰਾ ਵੇਖ ਲਈਂ ਇਕ ਪਲ ਦੇ ਵਿਚ ਟੁੱਟ ਜਾਏਗਾ।
ਉਲਝਣਾ ਦਾ ਦੌਰ ਤੇਰੇ ਸਾਹਮਣੇ ਜਦ ਆਏਗਾ।

ਖ਼ੂਬਸੂਰਤ ਗੱਲ ਹੈ ਕੋਈ ਤੇਰੇ ਮੇਰੇ ਦਰਮਿਆਨ,
ਆਖਿਆ ਸੀ ਤੂੰ ਕਦੇ ਰਹਿ-ਰਹਿ ਕੇ ਚੇਤੇ ਆਏਗਾ ।

ਖ਼ਤਮ ਹੋ ਜਾਏਗੀ ਜਦ ਵੀ ਮਹਿਕ ਤੇਰੇ ਜਿਸਮ ਦੀ,
ਤਦ ਇਹ ਪਰਵਾਸੀ ਮਮੋਲ਼ਾ ਮਲਕੜੇ ਉੱਡ ਜਾਏਗਾ।

ਮੁਸਕਰਾਹਟ ਓਸ ਦੀ ਖ਼ਾਮੋਸ਼ ਹੋ ਜਾਏਗੀ ਜਦ,
ਮੇਰਿਆਂ ਹੋਠਾਂ 'ਤੇ ਚੁੱਪ ਦਾ ਗੀਤ ਤਦ ਚਿੱਲਾਏਗਾ ।

ਦੋਸਤਾਂ ਦੇ ਕਾਫ਼ਲੇ ਲਈ ਮੈਂ ਸੀ ਰਸਤਾ ਬਣ ਗਿਆ,
ਕੀ ਪਤਾ ਸੀ ਕਾਫ਼ਲਾ ਰਸਤੇ ਨੂੰ ਹੀ ਖਾ ਜਾਏਗਾ।

ਹੁਣ ਤਾਂ ਉਸਦੇ ਹੱਥ ਨੇ ਸਾਰੇ ਸ਼ਹਿਰ ਦੀਆਂ ਚਾਬੀਆਂ,
ਹਰ ਜ਼ਰੂਰਤ-ਮੰਦ ਸਿੱਧਾ ਉਸਦਾ ਦਰ ਖੜਕਾਏਗਾ।

ਕੱਢ ਤਾਂ ਦਿੱਤੀ ਹੈ ਉਸ ਨੇ ਜ਼ਿਹਨ ਅੰਦਰੋਂ ਸ਼ਾਇਰੀ,
ਪਰ ਜਦੋਂ ਸੋਚੇਗਾ 'ਕੱਲਾ ਬੈਠ ਕੇ ਪਛਤਾਏਗਾ ।

ਯਾਦ ਤੈਨੂੰ ਆਉਣਗੇ ਬੀਤੇ ਦਿਨਾਂ ਦੇ ਸ਼ੋਖ਼ ਪਲ,
ਪੂਰਬੋਂ ਠੰਢੀ ਹਵਾ ਦਾ ਜਦ ਵੀ ਬੁੱਲਾ ਆਏਗਾ।

3

ਤਨ ਮੇਰੇ ਸ਼ਬਦਾਂ ਦਾ ਉਜਵਲ ਜਾਪਦਾ ਹੈ।
ਮਨ ਮੇਰੇ ਸ਼ਬਦਾਂ ਦਾ ਮੈਲ਼ਾ ਹੋ ਗਿਆ ਹੈ।

ਹਰ ਕਿਸੇ ਨੂੰ ਨੀਝ ਲਾ-ਲਾ ਦੇਖਦਾ ਹੈ।
ਮੁੱਦਤਾਂ ਪਿੱਛੋਂ ਉਹ ਘਰ ਨੂੰ ਪਰਤਿਆ ਹੈ।

ਬਾਲ਼ਦਾ ਦੀਵੇ ਸੀ ਤੂਫਾਂ ਦੀ ਤਲੀ 'ਤੇ,
ਆਪਣੇ ਘਰ ਦੀ ਹਵਾ ਤੋਂ ਡਰ ਗਿਆ ਹੈ।

ਜੋ ਸੀ ਰੰਗਾਂ ਦਾ ਮਸੀਹਾ ਕੱਲ੍ਹ ਰਾਤੀਂ,
ਰਾਖ਼ ਦੀ ਪੇਂਟਿੰਗ ਬਣਾ ਕੇ ਮਰ ਗਿਆ ਹੈ।

ਦੋਸਤਾਂ ਭਾਵੇਂ ਮਸ਼ਾਲਾਂ ਬਾਲ਼ੀਆਂ ਹਨ,
ਫੇਰ ਵੀ ਹਾਲੇ ਹਨੇਰਾ ਪਸਰਿਆ ਹੈ।

ਇਸ ਸ਼ਹਿਰ ਵਿਚ ਡਾਕੂਆਂ ਦਾ, ਹਾਕਮਾਂ ਦਾ,
ਮੁੱਦਤਾਂ ਤੋਂ ਹੀ ਪਰਸਪਰ ਰਾਬਤਾ ਹੈ।

ਕੱਲ੍ਹ ਇਕ ਅਖ਼ਬਾਰ ਵਿਚ ਸੁਰਖ਼ੀ ਪੜ੍ਹੀ ਸੀ,
ਦੇਸ਼ ਦਾ ਨਕਸ਼ਾ ਅਚਾਨਕ ਲਾ-ਪਤਾ ਹੈ।

ਤੇਜ਼ 'ਵਾ ਪੱਛਮ ਦੀ ਚੱਲੀ ਹੈ ਜਦੋਂ ਤੋਂ,
ਪੂਰਬੀ ਮਿੱਟੀ ਦਾ ਦੀਵਾ ਬੁਝ ਗਿਆ ਹੈ।



4

ਰਾਤ ਪਸਰੀ ਚੁਫ਼ੇਰੇ ਬੜੀ ਸਰਦ ਹੈ।
ਮੇਰੇ ਕਮਰੇ ਦਾ ਮੌਸਮ ਬੜਾ ਜ਼ਰਦ ਹੈ।

ਮੈਂ ਖ਼ਿਆਲਾਂ 'ਚ ਤੁਰਦਾ ਰਿਹਾ ਰਾਤ ਭਰ,
ਰਾਤ ਭਰ ਕੋਈ ਬੁਣਦਾ ਰਿਹਾ ਦਰਦ ਹੈ।

ਐ ਮਹਿਕ ! ਐਵੇਂ ਸ਼ਿਕਵੇ ਤੂੰ ਕਰਿਆ ਨਾ ਕਰ,
ਮੈਂ ਨਹੀਂ, ਤੇਰਾ ਦੋਸ਼ੀ ਮੇਰਾ ਮਰਦ ਹੈ।

ਐ ਸੁਹਾਣੇ ਪਲੋ! ਕਿੰਜ ਜੀ ਆਇਆਂ ਕਹਾਂ?
ਮੇਰੇ ਘਰ ਵਿਚ ਤਾਂ ਬਸ! ਗ਼ਰਦ ਹੀ ਗ਼ਰਦ ਹੈ।

ਮੈਂ ਨਹੀਂ ਜੋ ਪਿਘਲ਼ਿਆ ਤੇਰੀ ਗੋਦ ਵਿਚ,
ਮੇਰੇ ਅੰਦਰ ਦਾ ਇਹ ਅਜਨਬੀ ਮਰਦ ਹੈ।

ਮੈਂ ਇਕੱਲਾ ਨਹੀਂ ਭਟਕਦਾ, ਤੜਪਦਾ,
ਨਾਲ ਮੇਰੇ ਤੇਰੀ ਯਾਦ ਦਾ ਦਰਦ ਹੈ।

## ਬਲਬੀਰ ਮਾਧੋਪੁਰੀ

ਰੁੱਖਾਂ ਦੇ ਛੌਰੇ ਇਕ ਬੂਟਾ ਇੰਜ ਸੁੱਕ-ਸੁੱਕ ਹੈ ਮਰਿਆ।
ਹੱਥ ਜਿਵੇਂ ਸਿਰ ਉੱਤੇ ਹੋਵੇ ਸੀਨੇ ਆਰਾ ਧਰਿਆ।

ਇਨ੍ਹਾਂ ਪਹਾੜਾਂ 'ਤੇ ਟਿੱਲਿਆਂ ਦਾ ਇਤਿਹਾਸ ਹੈ ਦੱਸਦਾ;
ਕਿ ਏਥੇ ਸੀ ਕਦੇ ਸਮੁੰਦਰ ਜਾਂ ਵਗਦੇ ਸਨ ਦਰਿਆ।

ਜਦੋਂ ਨਜ਼ਰ ਮੌਸਮ ਦੀ ਬਦਲੀ ਉਹ ਪੰਛੀ ਵੀ ਉਡ ਗਏ,
ਕਰਦੇ ਰਹੇ ਉਤਾਰੇ ਉਹ ਜਦ ਰੁੱਖ ਸੀ ਹਰਿਆ-ਭਰਿਆ।

ਹੋ ਬੇਖ਼ੌਫ ਜੋ ਲੰਘ ਆਇਆ ਸੀ ਸਹਿਰਾ ਜੰਗਲ-ਬੇਲੇ,
ਉਹ ਸੜਕਾਂ ਦੇ ਜੰਗਲ ਵਿਚ ਅੱਜ ਜਾਪੇ ਡਰਿਆ-ਡਰਿਆ।

ਉਸ ਜਲ-ਜੀਵ ਵਿਚਾਰੇ ਦੀ ਇਹ ਵੀ ਸੀ ਕੈਸੀ ਹੋਣੀ,
ਰਿਹਾ ਤਰਸਦਾ ਪਾਣੀ ਨੂੰ 'ਤੇ ਆਖ਼ਰ ਪਿਆਸਾ ਮਰਿਆ।

ਸ਼ੋਖ਼ ਅਦਾਵਾਂ, ਮੁਸਕਾਨਾਂ, ਨਦੀਆਂ ਜਿਹੇ ਨਖ਼ਰੇ ਉਸ ਦੇ,
ਇਹ ਮੇਰੀ ਹੀ ਹਿੰਮਤ ਸੀ ਮੈਂ ਚੁੱਪ-ਚੁੱਪ ਇਹ ਸਭ ਜਰਿਆ।



### 2

ਦੋਸਤੋ! ਸੂਰਜ ਨੇ ਪਾਸਾ ਇਸ ਤਰ੍ਹਾਂ ਹੈ ਪਰਤਿਆ।
ਵਿੱਚ ਦੀਵਾਰਾਂ ਦੇ ਪਰਛਾਵਾਂ ਹੈ ਜਾ ਕੇ ਅਟਕਿਆ।

ਭਾਵੇਂ ਪਾਣੀ ਨੂੰ ਹੈ ਉਸ ਦੀ ਕਾਈ ਨੇ ਢਕ ਰੱਖਿਆ,
ਪਰ ਹਵਾ ਜਦ-ਜਦ ਵਗੀ ਤਾਂ ਉਹ ਸੀ ਹੇਠੋਂ ਚਮਕਿਆ।

ਖ਼ੌਫ਼-ਖਿੱਚੋਤਾਣਾ-ਚਿੰਤਾਵਾਂ, 'ਤੇ ਟੰਗੀ ਜਿੰਦ ਇਉਂ,
ਬੋਝ ਸਹਿੰਦਾ ਝੋਲ੍ਹਾ ਜੀਕਣ ਕਿੱਲੀ ਉੱਤੇ ਲਟਕਿਆ।

ਛੋਹ ਨਹੀਂ ਸਕਿਆ ਨਦੀ ਦੇ ਪਿੰਡੇ ਨੂੰ ਉਹ ਦੋਸਤੋ!
ਭਾਵੇਂ ਹੇਠਾਂ ਨੂੰ ਕਈ ਵਾਰੀ ਏ ਤਿਣਕਾ ਲਮਕਿਆ।

ਡੱਬ-ਖੜੱਬੀ ਛਾਂ ਹੈ ਉਸ ਬੂਟੇ ਦੀ ਸਾਡੇ ਵਾਸਤੇ,
ਪਰ ਉਹੀ ਗ਼ੈਰਾਂ ਦੀ ਖ਼ਾਤਰ ਛਤਰੀ ਬਣ ਕੇ ਖੜ੍ਹ ਗਿਆ।

ਕਾਸ ਲਈ ਏਧਰ ਭਲਾ ਹੁਣ ਤਿਤਲੀਆਂ ਨੇ ਆਵਣੈਂ?
ਫੁੱਲ ਵਿੱਚੋਂ ਹੁਣ ਜਦੋਂ ਏ ਰੰਗ ਗੁਲਾਬੀ ਉਡ ਗਿਆ।

ਮੁੱਕ ਗਿਆ ਬੇਚਾਰਾ ਲਾਵਾਰਿਸ ਦਵਾ-ਦਾਰੂ ਖੁਣੋਂ,
ਲੋਕ ਆਖਣ ਨਿੱਤ ਦੇ ਰੋਜ਼ੇ ਦੇ ਸਦਕੇ ਮਰ ਗਿਆ।

ਸ਼ੈਖ਼ ਜੀ ਦੱਸਣ; 'ਖ਼ੁਦਾ ਹੈ ਸੱਤਵੇਂ ਅਸਮਾਨ 'ਤੇ',
ਨੂਰ ਤੱਕ ਧਰਤੀ ਦਾ ਨਾ ਪਲਕਾਂ ਨੂੰ ਮੁੜ ਉਸ ਝਮਕਿਆ।

## ਮਿਸਰਦੀਪ ਭਾਟੀਆ

ਹਰ ਇਕ ਪਾਸੇ ਫੈਲਿਆ ਹੋਇਆ ਗ਼ਰਦਾ ਹੈ।
ਬੰਦੇ ਕੋਲੋਂ ਬੰਦਾ ਹੀ ਅੱਜ ਡਰਦਾ ਹੈ।

ਸੰਨਾਟਾ ਹੈ, ਖ਼ਾਮੋਸ਼ੀ ਹੈ ਹਰ ਪਾਸੇ,
ਬੂਹੇ ਉੱਤੇ ਕਿਹੜਾ ਦਸਤਕ ਕਰਦਾ ਹੈ?

ਇੱਕੋ ਘਰ ਵਿਚ ਰਹਿਕੇ ਲੱਗੀਏ ਦੂਰ ਕਿਉਂ?
ਤੇਰੇ-ਮੇਰੇ ਵਿਚ ਇਹ ਕੈਸਾ ਪਰਦਾ ਹੈ।

ਸਾਨੂੰ ਸਾਡੀਆਂ ਸੰਦਲੀ ਰੁੱਤਾਂ ਮੋੜ ਦਿਓ!
ਪੱਤਝੜਾਂ ਦੇ ਨਾਲ ਨਾ ਸਾਡਾ ਸਰਦਾ ਹੈ।

ਕੁਝ ਨਾ ਕੁਝ ਤਾਂ ਸਾਂਝ ਅਸਾਡੀ ਹੋਵੇਗੀ,
ਐਵੇਂ ਨਹੀਂ ਉਹ ਮੈਨੂੰ ਨਫ਼ਰਤ ਕਰਦਾ ਹੈ।



### 2

ਹਰ ਥਾਂ ਘੁੱਪ ਹਨੇਰਾ ਦੀਵੇ ਬਲ਼ਦੇ ਨੇ।
ਬਣਕੇ ਯਾਰ ਛਲੇਡੇ ਅਜਕੱਲ੍ਹ ਛਲਦੇ ਨੇ।

ਤਾਰਾਂ 'ਤੇ ਜੋ ਪੰਛੀ ਪੁੱਠੇ ਲਟਕ ਰਹੇ,
ਉਹ ਨੇ ਮੇਰੇ ਸਾਥੀ ਮੇਰੇ ਵਲ਼ਦੇ ਨੇ।

ਮੈਂ ਹਾਂ ਨਿਰੀ ਸੜਕ ਤਾਂ ਸ਼ਿਕਵਾ ਕੀ ਕਰਨਾ,
ਕਿੱਲਾਂ ਵਾਲੇ ਬੂਟ ਪਾ ਲੋਕੀਂ ਚਲਦੇ ਨੇ।

ਝੂਠ ਤਸੱਲੀਆਂ ਐਵੇਂ ਹੀ ਨਾ ਦੇ ਸੱਜਣਾ!
ਢਲੀ ਦੁਪਹਿਰੀਂ ਸਭ ਪਰਛਾਵੇਂ ਢਲ਼ਦੇ ਨੇ।

ਮੇਰੀ ਖ਼ਾਮੋਸ਼ੀ ਨੂੰ ਨਾ ਕੋਈ ਨਾਂ ਦੇਵੀਂ,
ਰਾਖ਼ ਦੇ ਥੱਲੇ ਅੱਗ ਦੇ ਭਾਂਬੜ ਬਲ਼ਦੇ ਨੇ।

## ਜਸਪਾਲ ਧਾਮੀ

ਸੋਨ-ਮ੍ਰਿਗ ਦੇ ਪਿੱਛੇ ਤੇਰੇ ਸ਼ਹਿਰ 'ਚ ਦਾਖ਼ਲ ਹੋਏ।
ਵਾਪਸ ਮੁੜਦੇ ਮੈਂ 'ਤੇ ਮੇਰਾ ਸੁਪਨਾ ਸਾਂ ਅੱਧ-ਮੋਏ।

ਹਾਬੜੀਆਂ ਅੱਖਾਂ ਦਾ ਵਣ ਤੇਰੇ ਸ਼ਹਿਰ 'ਚ ਉੱਗਿਆ,
ਮੈਂ 'ਤੇ ਮੇਰਾ ਸੁਪਨਾ ਕੰਬੇ ਹੁਣ ਮੋਏ ਕਿ ਮੋਏ।

ਜੜ੍ਹਾਂ ਦਵਾਲੇ ਨਿੱਕੀਆਂ ਇੱਟਾਂ, ਥੱਲੇ ਕਾਲ਼ਾ ਪਾਣੀ,
ਅੰਨ੍ਹੇ ਖੂਹ ਦੇ ਪਿੱਪਲ ਆਪਾਂ, ਅਣਚਾਹੇ, ਅਣਹੋਏ।

ਅੱਧੀ ਰਾਤ ਟਟੀਹਰੀ ਬੋਲੇ, ਸੁੰਨ ਡੇਰਾ, ਚੁੱਪ ਜਾਣੀ,
ਹੱਥੀਂ ਲਾਈ ਨਿੰਮ ਦੇ ਹੇਠਾਂ ਚਾਰ ਨੈਣ ਬਹਿ ਰੋਏ।

ਅੱਖਾਂ ਉਪਰ ਕਾਲ਼ੀਆਂ ਪੱਟੀਆਂ, ਕੰਨੀ ਪਿਘਲਿਆ ਸ਼ੀਸ਼ਾ,
ਤੇਰੀ ਨਗਰੀ ਹੱਕ ਮੰਗਣ 'ਤੇ ਐਸੀ ਹਾਲਤ ਹੋਏ।

ਮੈਨੂੰ ਲੱਗਾ ਨਵੇਂ ਮਸੀਹੇ, ਪਹਿਲਿਆਂ ਤੋਂ ਵੀ ਬਦਤਰ,
ਕੱਲ੍ਹ ਜਦ ਅਪਣੀ ਬਸਤੀ ਦੇਖੀ ਮੈਂ ਖ਼ਬਰਾਂ ਦੀ ਲੋਏ।



### 2.

ਤੁਸੀਂ ਵੀ ਫ਼ਖ਼ਰ ਕਰਦੇ 'ਤੇ ਮੇਰਾ ਵੀ ਨਾਮ ਬਣ ਜਾਂਦਾ।
ਬਹੁਤ ਹੀ ਖ਼ਾਸ ਹੋ ਜਾਂਦਾ ਅਗਰ ਮੈਂ ਆਮ ਬਣ ਜਾਂਦਾ।

ਪੈਗੰਬਰੀ 'ਤੇ ਕਲਾ ਵਿਚ ਬਹੁਤ ਸਾਰਾ ਫ਼ਰਕ ਨਾ ਹੁੰਦਾ,
ਜੇ ਰੂਹ ਦੇ ਸੰਗ ਰਹਿੰਦਾ ਤਾਂ ਇਲਮ, ਇਲਹਾਮ ਬਣ ਜਾਂਦਾ।

ਮਿਰਾ ਤਨ ਮਨ ਮਿਰੀ ਰੂਹ ਸਾਥ ਚਾਹੁੰਦੇ ਸਨ, ਮਸੀਹਾ ਨਈਂ,
ਅਹੱਲਿਆ ਮੈਂ ਨਹੀਂ ਸੀ ਜੋ ਤੂੰ ਮੇਰਾ 'ਰਾਮ' ਬਣ ਜਾਂਦਾ।

ਹੈ ਸੂਰਜ ਉਹੀ ਪਰ ਵੇਖਣ ਦੀ ਪੱਧਰ ਕਿੰਨੀ ਵੱਖਰੀ ਏ,
ਕਿਸੇ ਲਈ ਸੁਬਹ ਹੁੰਦਾ ਏ ਕਿਸੇ ਲਈ ਸ਼ਾਮ ਬਣ ਜਾਂਦਾ।

ਮੁਹੱਬਤ ਦਾ ਜ਼ਿਕਰ ਕਰਦੇ ਹੋ ਤਾਂ ਮੈਂ ਏਹੀ ਕਹਿ ਸਕਦਾਂ,
ਸੁਬ੍ਹਾ ਹੁੰਦਾ ਉਲਾਹਮਾ, ਸ਼ਾਮ ਤੱਕ ਇਲਜ਼ਾਮ ਬਣ ਜਾਂਦਾ।

## 3

ਕਿੰਝ ਨਾਗਾਂ ਦਾ ਡੰਗਿਆ ਪਿੰਡਾ ਲੈ ਤੇਰੀ ਵਲ ਆਵਾਂ ?
ਤੇਰੀ ਬਸਤੀ, ਸੁਣਿਐ ਚੱਲਣ ਸਿਰਫ਼ ਪੁਰੇ ਦੀਆਂ 'ਵਾਵਾਂ।

ਕਿੰਝ ਆਪੇ ਤੋਂ ਆਪੇ ਤੱਕ ਦਾ ਲੰਬਾ ਸਫ਼ਰ ਮੁਕਾਵਾਂ ?
ਪੈਂਡਾ ਕੱਲੇ-ਕਾਰੇ ਦਾ 'ਤੇ ਲੱਖਾਂ ਇੱਲ-ਬਲਾਵਾਂ।

ਪੱਥਰ ਜਾਂ ਸ਼ੀਸ਼ੇ ਦਾ ਨਗ ਵੀ ਹਾਲੇ ਗੱਲ ਸੁਪਨੇ ਦੀ,
ਉਂਝ ਤਾਂ ਮੁੰਦਰੀ ਅੰਦਰ ਮੈਂ ਵੀ ਸੂਰਜ ਜੜ੍ਹਨਾ ਚਾਹਵਾਂ।

ਅਪਣੇ ਤੋਂ ਤੇਰੇ ਤੱਕ ਪਹੁੰਚਾ ਮੈਂ ਹੀ ਜਾਣਾਂ ਕਿੰਝ ਮੈਂ,
ਕੂਲ਼ੇ ਤਨ 'ਤੇ ਚਿਪਕੀਆਂ ਰਹੀਆਂ ਪੱਥਰ ਪਾੜ੍ਹ ਨਿਗਾਹਵਾਂ।

ਦਿਲ ਦੇ ਸ਼ੌਕ ਮਰੇ ਤਾਂ ਕਾਫ਼ੀ ਐਪਰ ਹਾਲਾਂ ਤੀਕਰ,
ਨਜ਼ਰੀ ਆਉਂਦੇ ਜੀਕੂੰ ਥਲ ਵਿਚ ਰੁੱਖੜਾ ਟਾਵਾਂ-ਟਾਵਾਂ।

ਤੇਰੇ ਸ਼ਹਿਰ 'ਚ ਭਟਕਿਆਂ ਦੇ ਲਈ ਖੂੰਜਾ ਨਾ ਕੋਈ ਵਿਹਲਾ,
ਵਾਕਿਫ਼ਕਾਰ ਜੋ ਰਾਹਾਂ ਤੋਂ ਉਹਨਾਂ ਲਈ ਲੱਖ ਸਰਾਵਾਂ।

ਮੰਨਿਆ ਪਿੰਡ ਦੀ ਬੋਹੜ ਦੇ ਨਾਲੋਂ ਉੱਥੇ ਰੌਣਕ ਜ਼ਿਆਦਾ,
ਐਪਰ ਸ਼ਹਿਰ ਦੇ ਪਾਰਕ ਵਿਚ ਨਾ ਮਾਵਾਂ, ਠੰਡੀਆਂ-ਛਾਵਾਂ।



## 4

ਲਾਲ ਫੁੱਲਾਂ ਵਾਲਾ ਰੁੱਖ ਸਾਂ ਚੱਪਾ-ਚੱਪਾ ਮਹਿਕਦਾ।
ਤੂੰ ਗਿਉਂ ਤਾਂ ਪੀਲ਼ਿਆਂ ਪੱਤਿਆ ਦੀ ਜੂਨੇ ਪੈ ਗਿਆ।

ਧੂੜ ਭਰਿਆਂ ਰਾਹਾਂ 'ਤੇ ਵੀ ਜਾ ਰਿਹਾ ਕੋਈ ਗਾ ਰਿਹਾ,
ਸ਼ਾਹੀ ਸੜਕੇ ਉੱਡਦਿਆਂ ਰੱਥਾਂ ਨੂੰ ਇਸਦਾ ਕੀ ਪਤਾ ?

ਖੰਭਾਂ ਦਾ ਤਾਂ ਚੌਰ ਬਣਿਆ 'ਤੇ ਬਦਨ ਬਣਿਆ ਗਿਜ਼ਾ,
ਮੋਰ ਨੂੰ ਅੰਬੀ ਦੇ ਹੇਠਾਂ ਨੱਚਣਾ ਮਹਿੰਗਾ ਪਿਆ।

ਮੈਨੂੰ ਵੀ ਛੁੱਟੀ ਮਿਲ਼ੇ, ਘਰ ਜਾਵਾਂ ਤਖ਼ਤੀ ਪੋਚਕੇ,
ਸੂਰਜਾ! ਫੱਟੀ ਸੁਕਾ, ਆ ਉਮਰ ਦੀ ਫੱਟੀ ਸੁਕਾ।

ਕਿਉਂ ਨਾ ਦੁੱਖ-ਸੁੱਖ ਦਾ ਮੈਂ ਇਕੋ ਜਿੰਨਾ ਹੀ ਆਦਰ ਕਰਾਂ ?
ਦੋਹਾਂ ਨੇ ਹੀ ਰਲ਼ ਮਿਰੇ ਮਨ ਦਾ ਸੁੰਮਦਰ ਰਿੜਕਿਆ।

## ਕੁਲਵਿੰਦਰ ਕੌਰ ਸ਼ੇਰਗਿੱਲ

ਹਰ ਬਸਤੀ ਦੇ ਖੰਡਰ ਅੱਜ ਕੁਝ ਬੋਲ ਰਹੇ ਨੇ।
ਟੋਇਆਂ-ਟਿੱਬਿਆਂ ਦੇ ਫ਼ਰਕਾਂ ਨੂੰ ਤੋਲ ਰਹੇ ਨੇ।

ਮੁੱਦਤ ਤੋਂ ਨਾ ਰੁੱਤਾਂ ਜਿੱਥੇ ਬਸਤਰ ਬਦਲੇ,
ਉਸ ਗੁਲਸ਼ਨ ਵਿੱਚ ਕਿਹੜੇ ਪੰਛੀ ਬੋਲ ਰਹੇ ਨੇ?

ਤੇਰਾ ਮੇਰਾ ਰਿਸ਼ਤਾ ਹੈ ਸੌ ਜਨਮਾਂ ਤੋਂ ਹੀ,
ਭਾਵੇਂ ਵਿਚ-ਵਿਚਾਲੇ ਬੋਲ-ਕੁਬੋਲ ਰਹੇ ਨੇ।

ਬੇਸ਼ਕ ਸਾਥੋਂ ਦੂਰ ਰਹੇ ਨੇ ਸਾਡੇ ਸੱਜਣ,
ਫ਼ਿਰ ਵੀ ਯਾਦਾਂ ਬਣਕੇ ਸਾਡੇ ਕੋਲ਼ ਰਹੇ ਨੇ।

ਹਰ ਇਕ ਚਿਹਰਾ ਦੇਖਣ, ਹਰ ਇਕ ਸ਼ਕਲ ਪਛਾਨਣ,
ਖ਼ਬਰੇ! ਨੈਣ ਵਿਚਾਰੇ ਕਿਸ ਨੂੰ ਟੋਲ਼ ਰਹੇ ਨੇ?

ਪਿਆਰ 'ਚ ਧੋਖਾ ਖਾਕੇ ਵੀ ਨਾ ਸਮਝੇ ਜਿਹੜੇ,
ਸਾਡੇ ਵਰਗੇ ਵੀ ਨੇ, ਜੋ ਅਣਭੋਲ਼ ਰਹੇ ਨੇ।

ਉਨ੍ਹਾਂ ਨੂੰ ਤੂੰ 'ਸ਼ੇਰਗਿੱਲ' ਕੀ ਬਾਤ ਸੁਣਾਈ?
ਜਿਸਨੂੰ ਸੁਣਕੇ ਅਰਸ਼ ਦੇ ਤਾਰੇ ਡੋਲ ਰਹੇ ਨੇ।



### 2

ਐ ਮੇਰੇ ਦਿਲ! ਮੁਹੱਬਤ ਦਾ ਜ਼ਮਾਨਾ ਯਾਦ ਆਉਂਦਾ ਏ।
ਜ਼ਮਾਨਾ ਯਾਦ ਆਉਂਦਾ ਏ, ਫ਼ਸਾਨਾ ਯਾਦ ਆਉਂਦਾ ਏ।

ਉਹ ਮੈਨੂੰ ਗੀਤ ਚੇਤੇ ਨੇ, ਜੋ ਆਪਾਂ ਰਲ਼ਕੇ ਗਾਏ ਸੀ,
ਜੋ ਮੈਨੂੰ ਤੂੰ ਸੁਣਾਇਆ ਸੀ, ਤਰਾਨਾ ਯਾਦ ਆਉਂਦਾ ਏ।

ਖ਼ਿਜ਼ਾਂ ਦੇ ਦੌਰ ਨੇ ਵੀਰਾਨ ਕੀਤਾ ਪਿਆਰ ਦਾ ਗੁਲਸ਼ਨ,
ਚਮਨ ਵਿਚ ਸੀ ਜੋ ਅਪਣਾ, ਆਸ਼ਿਆਨਾ ਯਾਦ ਆਉਂਦਾ ਏ।

ਹਨੇਰੀ ਸ਼ਾਮ ਹੈ, ਪੁਰਨੂਰ ਮੁੱਖੜੇ ਵਾਲ਼ਿਆ! ਆ ਜਾ!
ਮੇਰੇ ਚੰਨਾ! ਤੇਰਾ ਮੁੱਖੜਾ ਸੁਹਾਨਾ ਯਾਦ ਆਉਂਦਾ ਏ।

ਕਿਸੇ ਨੂੰ ਚੋਰ ਕੀ ਕਹੀਏ? ਲੁਟਾਇਆ ਖ਼ੁਦ ਹੀ ਦਿਲ ਅਪਣਾ,
ਜੋ ਲੁੱਟ ਹੋਇਆ ਮੁਹੱਬਤ ਦਾ ਖ਼ਜ਼ਾਨਾ ਯਾਦ ਆਉਂਦਾ ਏ।

ਰਕੀਬਾਂ ਨਾਲ ਹੱਸ-ਹੱਸਕੇ ਜਲਾਇਆ 'ਸ਼ੇਰਗਿਲ' ਨੂੰ ਤੂੰ,
ਸਿਤਮ ਤੇਰਾ ਅਜੇ ਤੱਕ ਮਿਹਰਬਾਨਾ ਯਾਦ ਆਉਂਦਾ ਏ।

### 3

ਸੋਹਣਿਆ! ਤੇਰੇ ਬਿਨਾਂ ਰੋ-ਰੋ ਗੁਜ਼ਾਰੀ ਜ਼ਿੰਦਗੀ।
ਹੰਝੂ ਬਣ-ਬਣ ਵਹਿ ਗਈ ਸਾਰੀ ਦੀ ਸਾਰੀ ਜ਼ਿੰਦਗੀ।

ਬਾਝ ਤੇਰੇ ਗ਼ਮ ਉਦਾਸੀ, ਹਿਜਰ , ਹੌਕੇ ਰਹਿ ਗਏ,
ਬਾਝ ਤੇਰੇ ਰਹਿ ਗਈ ਤਨਹਾ ਵਿਚਾਰੀ ਜ਼ਿੰਦਗੀ।

ਖ਼ੈਰ ਮੰਗਦਾ ਸੈਂ ਕਦੇ ਜਿਸਦੀ ਤੂੰ ਮੇਰੇ ਸੋਹਣਿਆ!
ਮੌਤ ਦੇ ਮੂੰਹ ਆ ਗਈ ਤੇਰੀ ਉਧਾਰੀ ਜ਼ਿੰਦਗੀ।

ਕਿਸ ਤਰ੍ਹਾਂ ਦਿਲ-ਜਾਨ ਅਪਣੀ, ਭੁੱਲ ਗਿਉਂ ਦਿਲ-ਜਾਨੀਆ!
ਦਿਲ ’ਤੇ ਪੱਥਰ ਧਰਕੇ, ਤੂੰ ਕਿੱਦਾਂ ਵਿਸਾਰੀ ਜ਼ਿੰਦਗੀ।

ਤੂੰ ਖ਼ਿਜ਼ਾਂ ਦੇ ਦੌਰ ਵਿੱਚ, ਮੂੰਹ ਮੋੜਕੇ ਕਿਉਂ ਤੁਰ ਗਿਉਂ?
ਯਾਦ ਕਰ ਕਿ ਸੀ ਕਦੇ, ਫੁੱਲਾਂ ਦੀ ਕਿਆਰੀ ਜ਼ਿੰਦਗੀ।

ਉਮਰ ਭਰ ਰਾਹ ਵੇਖਿਆ, ਹੋਇਆ ਨਾ ਤੇਰਾ ਆਉਣ ਪਰ,
‘ਸ਼ੇਰਗਿੱਲ’ ਨੇ ਔਂਸੀਆਂ ਪਾ-ਪਾ ਗੁਜ਼ਾਰੀ ਜ਼ਿੰਦਗੀ।



### 4.

ਜਾਹ ਹਵਾ! ਜਾਕੇ ਕਹੀਂ ਦਿਲਦਾਰ ਨੂੰ ਮੇਰਾ ਸਲਾਮ!
ਭੁੱਲ ਗਿਆ ਮੈਨੂੰ ਜੋ ਮੇਰੇ ਪਿਆਰ ਨੂੰ ਮੇਰਾ ਸਲਾਮ!

ਖ਼ਤ ਮੇਰਾ ਦਿਲਦਾਰ ਤੱਕ ਹੁਣ ਪਹੁੰਚਣਾ ਦੁਸ਼ਵਾਰ ਹੈ,
ਕਿਸ ਤਰ੍ਹਾਂ ਪਹੁੰਚੇ ਦਿਲਾ! ਦਿਲਦਾਰ ਨੂੰ ਮੇਰਾ ਸਲਾਮ!

ਹੌਕਿਆਂ-ਆਹਾਂ ਦੇ ਰਾਹੀਂ ਪਹੁੰਚਦਾ ਹੈ ਰੋਜ਼ ਹੁਣ,
ਦਿਲਰੁਬਾ ਮੇਰੇ, ਮੇਰੇ ਗ਼ਮਖ਼ਾਰ ਨੂੰ ਮੇਰਾ ਸਲਾਮ!

ਹਿਜਰ ਵਿੱਚ ਜਿਸਦੇ ਮੇਰੇ ਜੀਵਨ ਦਾ ਫੁੱਲ ਮੁਰਝਾ ਗਿਆ,
ਪਿਆਰ-ਗੁਲਸ਼ਨ ਦੇ ਗੁਆਂਢੀ ਖ਼ਾਰ ਨੂੰ ਮੇਰਾ ਸਲਾਮ!

ਪਿਆਰ ਨੇ ਜਦ ਵੀ ਕਦੀ, ਕੀਤਾ ਇਸ਼ਾਰਾ ਦਾਰ ਤੋਂ,
ਪਹੁੰਚਿਆ ਮਨਸੂਰ ਬਣਕੇ, ਦਾਰ ਨੂੰ ਮੇਰਾ ਸਲਾਮ!

ਮੈਂ ਮੁਹੱਬਤ ਦਾ ਪੁਜਾਰੀ, ਮੈਂ ਮੁਹੱਬਤ ’ਤੇ ਫ਼ਿਦਾ,
ਬੇਮੁਹੱਬਤ, ਬੇਦਿਲੇ ਜ਼ਰਦਾਰ ਨੂੰ ਮੇਰਾ ਸਲਾਮ!

ਵਾਰ ਦੇਵਾਂ ਜਾਨ ਤੇਰੇ ਪਿਆਰਿਆਂ ਬੋਲਾਂ ਤੋਂ ਮੈਂ,
‘ਸ਼ੇਰਗਿੱਲ’ ਤੇਰੀ ਨਜ਼ਰ ਦੇ ਵਾਰ ਨੂੰ ਮੇਰਾ ਸਲਾਮ!

## ਭੋਲ਼ਾ ਰਾਮ 'ਜੱਸਲ'

ਹੋ ਗਿਆ ਹੈ ਕਤਲ ਮੇਰੇ ਸਿਸਕਦੇ ਅਰਮਾਨ ਦਾ।
ਸਾਹਮਣਾ ਮੈਂ ਕਰ ਰਿਹਾ ਹਾਂ ਅੱਗ ਦੇ ਤੂਫ਼ਾਨ ਦਾ।

ਕਿੰਨਾ ਹੈ ਹੰਕਾਰ ਉਸ ਕਾਫ਼ਰ ਨੂੰ ਝੂਠੀ ਸ਼ਾਨ ਦਾ।
ਉਸ ਦੀਆਂ ਨਜ਼ਰਾਂ 'ਚ ਆਦਰ ਤੱਕ ਨਹੀਂ ਇਨਸਾਨ ਦਾ।

ਕਿਸ ਅਦਾ ਦੇ ਨਾਲ ਵੇਖੋ! ਕਰ ਰਹੇ ਹਨ ਕਤਲ ਉਹ,
ਮੇਰੇ ਹਰ ਇਕ ਸ਼ੌਕ ਦਾ, ਅਹਿਸਾਸ ਦਾ, ਅਰਮਾਨ ਦਾ।

ਹੁਣ ਅਜਬ ਹਾਲਾਤ ਹਰ ਇਕ ਸ਼ਹਿਰ ਦੇ ਹਨ ਹੋ ਗਏ,
ਦੇ ਰਿਹਾ ਇਨਸਾਨ ਹੋਕਾ ਆਪਣੇ ਈਮਾਨ ਦਾ।

ਆ ਗਿਐ ਮੌਸਮ ਐ 'ਜੱਸਲ'! ਅੱਗ ਪੱਲੇ ਬੰਨ੍ਹ ਕੇ,
ਬਣ ਨਾ ਜਾਵੇ ਰੂਪ ਇਹ ਗੁਲਸ਼ਨ ਕਿਤੇ ਸ਼ਮਸ਼ਾਨ ਦਾ।



2.

ਮੇਰੇ ਜੀਵਨ ਦੇ ਵਿਚ ਆਈਆਂ ਸੌ ਧੁੱਪਾਂ ਸੌ ਛਾਵਾਂ।
ਮੇਰੀ ਮੰਜ਼ਲ ਦੂਰ ਬੜੀ ਹੈ ਪਰ ਮੈਂ ਕਿਉਂ ਘਬਰਾਵਾਂ।

ਏਥੇ ਦਿਲ ਦਾ ਮਹਿਰਮ ਕਿਹੜਾ ਕਿਸ ਨੂੰ ਦਰਦ ਸੁਣਾਵਾਂ?
ਜੀ ਕਰਦੈ ਇਸ ਬਸਤੀ ਵਿਚੋਂ ਦੂਰ ਕਿਤੇ ਤੁਰ ਜਾਵਾਂ।

ਬਿਨ ਸੋਚੇ ਬਿਨ ਸਮਝੇ ਆਪਾਂ ਤੁਰ ਪਏ ਰਾਹ ਕੁਵੱਲੇ,
ਏਹੋ ਸੋਚ ਹੈ ਵੱਢ-ਵੱਢ ਖਾਂਦੀ ਹੁਣ ਕਿਹੜੇ ਰਾਹ ਜਾਵਾਂ?

ਆਸ ਜਿਨ੍ਹਾਂ ਦੀ ਪੂਰੀ ਹੁੰਦੀ ਉਹ ਹਨ ਖ਼ੁਸ਼ੀ ਮਨਾਉਂਦੇ,
ਉਹ ਕਲੀਆਂ ਕੀ ਕਰਨ ਜਿਨ੍ਹਾਂ ਨੂੰ ਗਈਆਂ ਝੁਲ਼ਸ ਖ਼ਿਜ਼ਾਵਾਂ।

ਲੱਖਾਂ ਦੁੱਖ ਉਠਾਏ ਹਨ ਮੈਂ ਰੱਬਾ! ਇਹ ਦੱਸ ਮੈਨੂੰ,
ਕਿਉਂ ਮੇਰੇ ਜੀਵਨ ਵਿਚ ਬਿਪਤਾ ਭਰੀਆਂ ਘੋਰ -ਘਟਾਵਾਂ।

ਰਿਸ਼ਤੇ-ਨਾਤੇ ਮਤਲਬ ਦੇ ਹਨ ਦਿਲੋਂ ਮੁਹੱਬਤ ਮੁੱਕੀ,
ਸਿਖ਼ਰ ਦੁਪਹਿਰੇ ਜਿਉਂ ਘਟ ਜਾਂਦੈਂ ਹਰ ਸ਼ੈਅ ਦਾ ਪਰਛਾਵਾਂ।

ਇਹ ਕੈਸਾ ਮੌਸਮ ਹੈ ਜਿਸ ਵਿਚ ਘੋਰ ਉਦਾਸੀ ਛਾਈ?
ਅੰਦਰ ਦੀ ਅੱਗ ਸੀਨਾ ਸਾੜ੍ਹੇ, ਬਾਹਰ ਗਰਮ ਹਵਾਵਾਂ।

### 3

ਮਾਣ ਰਹੂਗਾ ਮੈਨੂੰ ਮਿਰੇ ਗੁਨਾਹਾਂ 'ਤੇ।
ਮੈਂ ਪਾਬੰਦੀ ਲਾਵਾਂ ਕਿਵੇਂ ਨਿਗਾਹਾਂ 'ਤੇ।

ਯਾਰ ਖੇਤ ਵਿੱਚ ਖੜ੍ਹਕੇ ਅੱਜ ਸੀ ਮੁਸਕਾਇਆ,
ਖੇੜਾ ਆਇਆ ਤੱਕਿਆ ਅਸੀਂ ਕਪਾਹਾਂ 'ਤੇ।

ਤੇਰੀਆਂ ਰਾਹਾਂ ਤੱਕ-ਤੱਕ ਅੱਖਾਂ ਥੱਕੀਆਂ ਨੇ,
ਤਾਂ ਵੀ ਅੱਖਾਂ ਲੱਗੀਆਂ ਤੇਰਿਆਂ ਰਾਹਾਂ 'ਤੇ।

ਗ਼ੈਰਾਂ ਦੀ ਗੱਲ ਕਰਨੀ ਤਾਂ ਹੈ ਕੋਹਾਂ ਦੂਰ,
ਹੁਣ ਤਾਂ ਸ਼ੱਕ ਹੈ ਯਾਰਾਂ ਦੀਆਂ ਨਿਗਾਹਾਂ 'ਤੇ।

ਪੈਸੇ ਖ਼ਾਤਰ ਭਾਈ-ਭਾਈ ਲੜਦੇ ਹਨ,
ਫ਼ਖਰ ਕਦੇ ਕਰਦੇ ਸੀ ਲੋਕੀਂ ਬਾਹਾਂ 'ਤੇ।

ਜਿਹੜੇ ਲੋਕੀਂ ਇਸ਼ਕ ਦੀ ਖ਼ਾਤਰ ਮਰਦੇ ਹਨ,
ਕਿਉਂ ਨਾ ਕਰੀਏ ਮਾਣ ਉਨ੍ਹਾਂ ਦੀਆਂ ਚਾਹਾਂ 'ਤੇ।

'ਜੱਸਲ' ਨੇ ਜਿੰਨੇ ਵੀ ਯਾਰ ਬਣਾਏ ਹਨ,
ਉਹ ਔਖੇ ਹਨ ਉਸ ਦੀਆਂ ਨੇਕ ਸਲਾਹਾਂ 'ਤੇ।



## ਸੁਰਿੰਦਰ ਸਿੰਘ 'ਕੰਗਵੀ'

ਲੁੱਟ ਚੁੱਕੀ ਗੁਲਜ਼ਾਰ ਦੀ ਗੱਲ।
ਕਰੀਏ ਹੁਣ ਕਿਸ ਪਿਆਰ ਦੀ ਗੱਲ?

ਕਿਸ ਦੇ ਮੱਥੇ ਦੋਸ਼ ਲਗਾਈਏ?
ਕਰੀਏ ਕਿਸ ਸਰਕਾਰ ਦੀ ਗੱਲ?

ਨੇਤਾ ਕੁਰਸੀ ਖ਼ਾਤਰ ਕਰਦੈ,
ਲੋਕਾਂ ਦੇ ਰੁਜ਼ਗਾਰ ਦੀ ਗੱਲ।

ਦੋ ਗਿੱਠਾਂ 'ਤੇ ਸੱਜਣ ਬੈਠਾ,
ਕਰਦਾ ਨਾ ਹੁਣ ਪਿਆਰ ਦੀ ਗੱਲ।

ਸੰਗੀਨਾਂ ਤੋਂ ਵਿੰਨ੍ਹ ਨਾ ਹੋਣੀ,
ਭੁੱਲਕੇ ਵੀ ਹੱਕਦਾਰ ਦੀ ਗੱਲ।

ਅੱਗ ਨੂੰ ਹੋਰ ਹਵਾ ਦਿੰਦੀ ਹੈ,
ਛੱਡ ਦਿਉ ਅਖ਼ਬਾਰ ਦੀ ਗੱਲ।

'ਕੰਗਵੀ' ਮਰਨੀ ਹੈ ਨਫ਼ਰਤ,
ਬਸ! ਬਾਕੀ ਦਿਨ ਚਾਰ ਦੀ ਗੱਲ।

## 2

ਜਦ ਵੀ ਤੂੰ ਸੂਲ਼ੀ 'ਤੇ ਟੰਗਿਆ ਜਾਏਂਗਾ।
ਇਸ ਦੁਨੀਆ ਨੂੰ ਸੱਜਰਾ ਰਾਹ ਵਿਖਾਏਂਗਾ।

ਤੇਰੀ ਸੋਚ 'ਚ ਕੰਡੇ ਕਿਉਂ ਉੱਗ ਆਏ ਨੇ?
ਫੁੱਲਾਂ ਵਾਂਗੂ ਮਹਿਕਾਂ ਕਦੋਂ ਖਿੰਡਾਏਂਗਾ?

ਸੂਰਜ ਉੱਤੇ ਜਦ ਪਰਦਾ ਹੋ ਜਾਏਗਾ,
ਐ ਜੁਗਨੂੰ! ਬੱਸ ਤੂਹੀਓਂ ਰਾਹ ਦਿਖਾਏਂਗਾ।

ਹੋਰਾਂ ਨੂੰ ਤੂੰ ਨਿੱਤ ਅਸੂਲ ਸਿਖਾਉਂਦਾ ਏਂ,
ਐ ਦਿਲ! ਅੰਦਰ ਝਾਤੀ ਕਦ ਤੂੰ ਪਾਏਂਗਾ?

ਅੱਖਾਂ ਮੀਟੀ ਦਿਨ ਨੂੰ ਰਾਤ ਜੋ ਆਖ ਰਹੇ,
ਉਹਨਾਂ ਨੂੰ ਤੂੰ 'ਕੰਗਵੀ' ਕਿੰਝ ਸਮਝਾਏਂਗਾ?



## 3

ਦਰਿਆ ਕੰਢੇ ਹੈ ਉਹ ਨਗਰੀ ਜਿਸ ਵਿਚ ਅਜ ਕਲ੍ਹ ਮੈਂ ਰਹਿੰਦਾ ਹਾਂ।
ਗ਼ੈਰ ਸਮਝਦੇ ਲੋਕੀਂ ਮੈਨੂੰ ਗ਼ੈਰ ਜਿਨ੍ਹਾਂ ਨੂੰ ਮੈਂ ਕਹਿੰਦਾ ਹਾਂ।

ਪੌਣਾ ਦੇ ਵਿਚ ਪਿਆਰ ਦੀ ਖ਼ੁਸ਼ਬੂ ਕੁਝ ਐਸਾ ਨਗਰੀ ਦਾ ਮੌਸਮ,
ਸਰਦ ਹਵਾ ਦੇ ਹਰ ਬੁੱਲੇ ਨੂੰ ਅਪਣੇ ਤਨ 'ਤੇ ਮੈਂ ਸਹਿੰਦਾ ਹਾਂ।

ਸੁੰਨਾ-ਸੁੰਨਾ ਹੈ ਹਰ ਪਾਸਾ ਤਾਹੀਓਂ ਗੀਤ ਵੀ ਗੂੰਗੇ ਹੋ ਗਏ,
ਚੁੱਪ-ਚੁਪੀਤੇ ਦਰਿਆ ਵਾਂਗੂ ਦਿਲ ਦੇ ਵਹਿਣ 'ਚ ਮੈਂ ਵਹਿੰਦਾ ਹਾਂ।

ਕੋਈ ਨਿਮਾਣੀ ਕਿਰਨ ਤਾਂ ਮੇਰੇ ਕਮਰੇ ਦੇ ਵਿਚ ਫੇਰਾ ਪਾਵੇ,
ਦਹਿਲੀਜ਼ਾਂ ਦੇ ਉੱਤੇ ਮੈਂ ਤਾਂ ਤੇਲ ਤਰ੍ਹਾਂ ਚੋਇਆ ਰਹਿੰਦਾ ਹਾਂ।

ਕਿੱਦਾਂ ਜੀਵਾਂ? ਕਿਸਦੇ ਸਹਾਰੇ ਇਹ ਜੀਵਨ ਦਾ ਵਕਤ ਗੁਜ਼ਾਰਾਂ?
ਤਨਹਾਈ 'ਕੰਗਵੀ' ਸੰਗ ਰਹਿੰਦੀ ਤਨਹਾਈ ਸੰਗ ਮੈਂ ਰਹਿੰਦਾ ਹਾਂ।

## 4

ਕਰਫ਼ਿਊ ਦਾ ਜ਼ੋਰ ਤੇਰੇ ਸ਼ਹਿਰ ਵਿਚ।
ਗੋਲ਼ੀਆਂ ਦਾ ਸ਼ੋਰ ਤੇਰੇ ਸ਼ਹਿਰ ਵਿਚ।

ਤਿੱਤਲੀਆਂ ਮੰਡਰਾਉਂਦੀਆਂ ਨੇ ਬਾਗ਼ ਵਿਚ,
ਕੇਹੀ ਨਟਖਟ ਤੋਰ ਤੇਰੇ ਸ਼ਹਿਰ ਵਿਚ।

ਹੱਥਾਂ ਪੈਰਾਂ ਵਿਚ ਬੇਸ਼ਕ ਬੇੜੀਆਂ,
ਮੜਕ ਵਾਲੀ ਤੋਰ ਤੇਰੇ ਸ਼ਹਿਰ ਵਿਚ।

ਆਦਮੀ ਜੋ ਬਣ ਗਿਆ ਸ਼ੈਤਾਨ ਹੈ,
ਧਰਮ ਦਾ ਸਭ ਜ਼ੋਰ ਤੇਰੇ ਸ਼ਹਿਰ ਵਿਚ।

ਹਾਕਮਾਂ ਜਾਂ ਮੋਮਨਾ ਨੂੰ ਕੀ ਕਹਾਂ?
ਦੋਵੇਂ ਹੀ ਨੇ ਚੋਰ ਤੇਰੇ ਸ਼ਹਿਰ ਵਿਚ।

ਸੋਚ ਵੀ ਕਿੱਦਾਂ ਗ੍ਰਹਿਣੀ ਹੈ ਗਈ,
ਕੂੜ ਹੈ ਘਨਘੋਰ ਤੇਰੇ ਸ਼ਹਿਰ ਵਿਚ।

ਨਾ ਤੁਸੀਂ ਇਲਜ਼ਾਮ 'ਕੰਗਵੀ' ਸਿਰ ਧਰੋ,
ਸਭ ਦੀ ਸੂਹੀ ਤੋਰ ਤੇਰੇ ਸ਼ਹਿਰ ਵਿਚ।



## 5

ਮੱਥੇ ਘਸ ਗਏ ਹੁਣ ਤਾਂ ਰੱਬਾ! ਤੈਨੂੰ ਸਜਦੇ ਕਰਦੇ-ਕਰਦੇ।
ਅੱਕ ਗਏ ਹਾਂ ਥੱਕ ਗਏ ਹਾਂ ਦੁੱਖ ਦਰਦਾਂ ਨੂੰ ਜਰਦੇ-ਜਰਦੇ।

ਢਿੱਡੋਂ ਭੁੱਖੇ ਤਨ ਤੋਂ ਨੰਗੇ ਜੀਵਨ ਇੰਜ ਗੁਜ਼ਾਰ ਰਹੇ ਹਾਂ,
ਗੁਜ਼ਰ ਹੀ ਜਾਣੀ ਆਖ਼ਰ ਤਾਂ ਇਹ ਜ਼ਿੰਦਗੀ ਸਾਡੀ ਮਰਦੇ-ਮਰਦੇ।

ਜਿਹਨਾਂ ਮਜ਼ਦੂਰਾਂ ਦੇ ਹੱਥੋਂ ਇਹ ਸਭ ਮਹਿਲ-ਮੁਨਾਰੇ ਉਸਰੇ,
ਵੇਲੇ ਦੀ ਗੱਲ ਵੇਖੋ! ਹੁਣ ਉਹ ਕੋਲ਼ੋਂ ਲੰਘਦੇ ਡਰਦੇ-ਡਰਦੇ।

ਕਿੱਥੋਂ ਕਿੰਜ 'ਤੇ ਕੀਕਣ ਪੁੱਜੇ ਹੁਣ ਤਾਂ ਖ਼ੁਦ ਵੀ ਯਾਦ ਨਹੀਂ ਹੈ,
ਬੱਸ! ਏਨਾ ਹੀ ਯਾਦ ਹੈ ਆਏ ਸਦੀਆਂ ਤੋਂ ਡਗ ਭਰਦੇ-ਭਰਦੇ।

ਚਾਨਣੀਆਂ 'ਤੇ ਠੰਢੀਆਂ ਰਾਤਾਂ ਆਖ਼ਰ ਸੱਭੇ ਲੰਘ ਹੀ ਜਾਵਣ,
ਕੁਝ ਤੜਫ਼ਾ-ਤੜਫ਼ਾ ਕੇ ਜਾਂਦੀਆਂ, ਬੀਤਦੀਆਂ ਕੁਝ ਠਰਦੇ- ਠਰਦੇ।

ਕਦ ਤਕ ਚਲਦਾ ਰਹੂ ਤਮਾਸ਼ਾ ਆਖ਼ਰ ਇਹ ਸਭ ਮੁੱਕ ਜਾਣਾ ਹੈ,
'ਕੰਗਵੀ' ਬਾਜ਼ੀ ਜਿੱਤ ਹੀ ਜਾਣੀ ਆਖ਼ਰ ਜਿੰਦਾਂ ਹਰਦੇ-ਹਰਦੇ।

## ਕਮਲਦੇਵ ਪਾਲ

ਤੁਹਾਡਾ ਹੁਕਮ ਸਿਰ ਮੱਥੇ ਅਗਰ ਸਵੀਕਾਰ ਕਰ ਲੈਂਦੇ ।
ਅਸੀਂ ਅਪਣੇ ਹੀ ਘਰ ਅੰਦਰ ਖੜ੍ਹੀ ਦੀਵਾਰ ਲੈਂਦੇ ।

ਤੁਸੀਂ ਵਾਅਦਾ ਖਿਲਾਫ਼ੀ ਵਿਚ ਬੜੇ ਮਸ਼ਹੂਰ ਹੋ ਜੱਗ 'ਤੇ,
ਤੁਸੀਂ ਆਉਂਦੇ ਜਾਂ ਨਾ ਆਉਂਦੇ ਮਗਰ ਇਕਰਾਰ ਕਰ ਲੈਂਦੇ।

ਤੁਹਾਡੇ ਤੋਂ ਅਸੀਂ ਕਿੰਨੀ ਹੀ ਵਾਰੀ ਖਾ ਲਿਆ ਚਕਮਾ,
ਤੁਹਾਡੇ 'ਤੇ ਹਰਿਕ ਵਾਰੀ ਕਿਵੇਂ ਇਤਬਾਰ ਕਰ ਲੈਂਦੇ ?

ਕਹਾਉਂਦੇ ਪੁੱਤ ਖੇਤਾਂ ਦੇ ਤੁਸੀਂ ਐ ਖੇਤ ਮਜ਼ਦੂਰੋ !
ਸਿਆੜਾਂ 'ਤੇ ਤੁਸੀਂ ਜੇ ਆਪਣਾ ਅਧਿਕਾਰ ਕਰ ਲੈਂਦੇ।

ਪਿਆਲਾ ਜ਼ਹਿਰ ਦਾ ਫੜਕੇ ਵੀ ਉਹ ਹੱਸਦਾ ਰਿਹਾ ਤਾਂ ਹੀ,
ਤੁਸੀਂ ਇਕ ਕਤਲ ਤੋਂ ਵਾਧੂ ਕੀ ਆਖ਼ਰਕਾਰ ਕਰ ਲੈਂਦੇ।

ਤੁਸੀਂ ਪਰਲੇ ਕਿਨਾਰੇ ਦਾ ਨਜ਼ਾਰਾ ਵੇਖ ਲੈਣਾ ਸੀ,
ਕਦੀ ਜੇ 'ਪਾਲ' ਦੇ ਵਾਂਗਰ ਸਮੁੰਦਰ ਪਾਰ ਕਰ ਲੈਂਦੇ।





ਕਿਸੇ ਵੀ ਲੋਭ-ਲਾਲਚ ਵਸ ਮਨਾਇਆ ਜਾ ਨਹੀਂ ਸਕਦਾ।
ਕਿਸੇ ਵੀ ਢੰਗ ਸਾਨੂੰ ਵਰਗਲਾਇਆ ਜਾ ਨਹੀਂ ਸਕਦਾ।

ਉਨ੍ਹਾਂ ਨੇ ਸਾਫ਼ ਕਹਿ ਦਿੱਤਾ ਬੁਲਾਇਆ ਜਾ ਨਹੀਂ ਸਕਦਾ।
ਬਿਨਾਂ ਸੱਦੇ-ਬੁਲਾਏ ਵੀ ਤਾਂ ਜਾਇਆ ਜਾ ਨਹੀਂ ਸਕਦਾ।

ਉਡੀਕਾਂ ਕਰ ਰਹੀ ਮੰਜ਼ਲ ਬੜੇ ਜਾਂਬਾਜ਼ ਹਾਂ ਸਾਨੂੰ,
ਨਿਸ਼ਾਨੇ ਤੋਂ ਰਤੀ ਭਰ ਵੀ ਹਟਾਇਆ ਜਾ ਨਹੀਂ ਸਕਦਾ।

ਕਦੇ ਕਾਤਿਲ, ਕਦੇ ਮੁਨਸਿਫ਼, ਕਦੇ ਹਾਕਮ ਉਹ ਬਣ ਜਾਂਦਾ,
ਛਲੇਡੇ ਨੂੰ ਕਦੇ ਬੰਦਾ ਬਣਾਇਆ ਜਾ ਨਹੀਂ ਸਕਦਾ।

ਤੁਸੀਂ ਜੋ ਜ਼ਖ਼ਮ ਦਿੱਤਾ ਸੀ ਉਹ ਹੁਣ ਨਾਸੂਰ ਬਣ ਚੱਲਿਐ,
ਇਹ ਭਾਵੇਂ ਠੀਕ ਹੋ ਜਾਵੇ ਭੁਲਾਇਆ ਜਾ ਨਹੀਂ ਸਕਦਾ।

ਤਲੀ 'ਤੇ ਸਿਰ ਟਿਕਾਉਣੇ ਦੀ ਬੜੀ ਹੈ ਆਰਜ਼ੂ ਉਸਦੀ,
ਬਿਆਨਾਂ ਵਿਚ ਤਲੀ 'ਤੇ ਸਿਰ ਟਿਕਾਇਆ ਜਾ ਨਹੀਂ ਸਕਦਾ।

ਇਹ ਜਣਿਆ ਰੱਬ ਦਾ ਹੋਣਾ ਜੋ ਰਣ-ਖੇਤਰ 'ਚੋਂ ਭੱਜਾ ਹੈ,
ਦਿਖਾ ਕੇ ਪਿੱਠ ਮੇਰੀ ਮਾਂ ਦਾ ਜਾਇਆ ਜਾ ਨਹੀਂ ਸਕਦਾ।

ਵਜ੍ਹਾ ਕੋਈ ਤਾਂ ਹੋਵੇਗੀ ਸ਼ੁਦਾ ਸਿਰ 'ਪਾਲ' ਦੇ ਚੜ੍ਹਿਐ,
ਬਿਨ੍ਹਾਂ ਗੱਲੋਂ ਅਵੱਲਾ ਰੋਗ ਲਾਇਆ ਜਾ ਨਹੀਂ ਸਕਦਾ।

## 3

ਇਸ ਜ਼ਿੱਲਤ 'ਚੋਂ ਨਿਕਲਣ ਦਾ ਜੇ ਕਰ ਲੈਂਦੇ ਪਰਿਆਸ।
ਅਪਣੇ ਘਰ ਵਿਚ ਏਸ ਤਰ੍ਹਾਂ ਨਾ ਕੱਟਦੇ ਕਾਰਾਵਾਸ।

ਰੋਜ਼ ਨਜ਼ਰਬੰਦੀ ਦੇ ਤੇਵਰ ਲੈ ਕੇ ਆਉਂਦੀ ਸ਼ਾਮ,
ਚੰਗਾ ਹੁੰਦਾ ਜੇਕਰ ਸਾਨੂੰ ਮਿਲ ਜਾਂਦਾ ਬਨਵਾਸ।

ਜਿੰਨੀ ਵਾਰੀ ਛੂਹ-ਛੂਹ ਦੇਖੇ ਮੈਂ ਤਿਤਲੀ ਦੇ ਰੰਗ,
ਓਨੀ ਵਾਰੀ ਕੁਝ ਗੁੰਮਣ ਦਾ ਹੋਇਆ ਹੈ ਅਹਿਸਾਸ।

ਹੋਰ ਵੀ ਅਪਣਾ-ਅਪਣਾ ਲੱਗਣ ਲੱਗਿਆ ਅਪਣਾ ਪਿੰਡ,
ਅਪਣੇ ਪਿੰਡੋਂ ਜਿਸ ਦਿਨ ਤੋਂ ਹਾਂ ਕਰ ਆਏ ਪਰਵਾਸ।

ਪੂਰੇ ਸ਼ਹਿਰ 'ਚ ਚਰਚਾ ਹੈ ਇਹ ਜੋ ਬੰਦਾ ਸੀ ਆਮ,
ਤੇਰੇ ਨਾਲ ਬਿਤਾ ਕੇ ਕੁਝ ਪਲ ਹੋ ਚੱਲਿਆ ਹੈ ਖ਼ਾਸ।

ਪਾਣੀ ਦੇ ਵਿਚ ਖੁੱਲ੍ਹ ਚੁੱਕੀ ਹੈ ਇਹ ਤੂੜੀ ਦੀ ਪੰਡ,
ਤਾਂ ਹੀ ਉਲਝ ਰਹੇ ਨੇ ਰਿਸ਼ਤੇ, ਤਿੜਕ ਰਹੇ ਵਿਸ਼ਵਾਸ।

ਦਾਣਾ-ਦਾਣਾ ਚੁਗਦੇ ਪੰਛੀ ਇੱਕ ਸ਼ਿਕਾਰੀ ਦੇਖ,
ਖੰਭਾਂ ਨਾਲ ਉਡਾ ਕੇ ਲੈ ਗਏ ਅਪਣੀ-ਅਪਣੀ ਆਸ।

ਆਪੇ ਰੱਜੀ-ਪੁੱਜੀ ਜਿਸਦੇ ਆਪੇ ਬੱਚੇ ਜੀਣ,
ਉਸ ਮਹਿਫ਼ਿਲ ਨੂੰ 'ਪਾਲ' ਕਦੀ ਵੀ ਆ ਸਕਦਾ ਨਹੀਂ ਰਾਸ।



## 4

ਪਿਆਰ-ਮੁਹੱਬਤ ਸਾਰੇ ਰਿਸ਼ਤੇ ਅਪਣੀ ਥਾਂ।
ਭੈਣ-ਭਰਾ-ਪਤਨੀ-ਮਾਂ-ਬੱਚੇ ਅਪਣੀ ਥਾਂ।

ਚੋਰ ਲੁਕਣ ਮੁਨਸਿਫ਼ ਤੋਂ, ਮੁਨਸਿਫ਼ ਚੋਰਾਂ ਤੋਂ,
ਸਾਰੇ ਜਾਪਣ ਸੱਚੇ-ਸੁੱਚੇ ਅਪਣੀ ਥਾਂ।

ਤੇਰੇ ਦਰ ਤੋਂ ਖ਼ਾਲੀ ਮੁੜਕੇ ਖ਼ੈਰ ਬਿਨਾਂ,
ਝਕਦੇ-ਝਕਦੇ ਫ਼ੱਕਰ ਪਰਤੇ ਅਪਣੀ ਥਾਂ।

ਲੁੱਟੇ ਨੇ ਲੁੱਟੇ ਵਿਉਪਾਰੀ ਯੁਗਤਾਂ ਨਾਲ,
ਸੋਹਣੀ ਨੇ ਸੌਦਾਗਰ ਲੁੱਟੇ ਅਪਣੀ ਥਾਂ।

ਫੁੱਲ ਗੁਲਾਬੀ, ਲਾਲ, ਬਸੰਤੀ 'ਤੇ ਪੀਲੇ,
ਗੁਲਸ਼ਨ ਦੇ ਵਿਚ ਸਾਰੇ ਫੱਬਦੇ ਅਪਣੀ ਥਾਂ।

ਹੰਝੂ-ਵਰਖਾ-ਝਾਂਜਰ ਦਾ ਕੋਈ ਮੇਲ ਨਹੀਂ,
ਫਿਰ ਵੀ ਤਿੰਨੇ ਛਮ-ਛਮ ਕਰਦੇ ਅਪਣੀ ਥਾਂ।

ਕਹਿਰ ਮਚਾਉਂਦੇ 'ਪਾਲ' ਤਿਰੇ ਘਰ ਰਖਵਾਲੇ,
ਸੰਨ੍ਹ ਲਗਾ ਪਹਿਰੇ 'ਤੇ ਖੜ੍ਹਦੇ ਅਪਣੀ ਥਾਂ।

## ਸੁਖਦੇਵ ਹੀਰ

ਮਾਨਵਤਾ 'ਤੇ ਧਰਮ, ਸੱਚਾਈ ਕਿੱਥੇ ਗਈਆਂ ਛੁੱਪ ਵੇ ਲਾਲੋ!
ਵਸਦੇ-ਰਸਦੇ ਸ਼ਹਿਰ 'ਚ ਕਾਹਤੋਂ ਕਬਰਾਂ ਵਰਗੀ ਚੁੱਪ ਵੇ ਲਾਲੋ!

ਸੁਰਖ਼ ਸਵੇਰੇ ਦੇ ਪਰਛਾਵੇਂ ਬੇ-ਵਕਤੇ ਕਿਉਂ ਢਲ਼ ਜਾਂਦੇ ਨੇ,
ਹਰ ਘਰ ਅੰਦਰ ਲੁਕ-ਲੁਕ ਜਾਂਦੀ ਵਸਦੀ-ਰਸਦੀ ਧੁੱਪ ਵੇ ਲਾਲੋ!

ਸੱਚ ਦਾ ਦੀਪਕ ਜਲ਼ਦਾ ਹੈ ਤਾਂ ਲੋਕੀਂ ਉਸ ਤੋਂ ਘਾਬਰਦੇ ਨੇ,
ਹਰ ਪਾਸੇ ਹੀ ਛਾਈ ਜਾਂਦਾ ਕੂੜ ਹਨੇਰਾ ਘੁੱਪ ਵੇ ਲਾਲੋ!

ਕਿਹੜਾ ਜਾਣੇ ਕਦ ਕੋਈ ਗੋਲ਼ੀ ਸਾਡਾ ਸੀਨਾ ਆ ਛੇਕੇਗੀ?
ਹਰ ਇਕ ਸ਼ਖ਼ਸ ਦੇ ਮਨ ਦੇ ਅੰਦਰ ਡਰ ਬੈਠਾ ਹੈ ਛੁੱਪ ਵੇ ਲਾਲੋ!

ਆਜ਼ਾਦੀ ਦਾ ਦੱਸੋ ਯਾਰੋ! ਕਿੱਦਾਂ ਜਸ਼ਨ ਮਨਾਵਾਂਗੇ ਹੁਣ,
ਹਰ ਇਕ ਜੀਭ ਨੂੰ ਲੱਗਾ ਜੰਦਰਾ ਫੈਲੀ ਜਾਂਦੀ ਚੁੱਪ ਵੇ ਲਾਲੋ!

'ਹੀਰ' ਬਹਾਰਾਂ ਦੀ ਰੁੱਤੇ ਹੀ ਬਾਗ਼ ਅਸਾਡਾ ਸੁੱਕ ਰਿਹਾ ਹੈ,
ਜੰਗਲ ਦੀ ਅੱਗ ਤੋਂ ਨਹੀਂ ਬਚਣੀ ਕੋਈ ਛਾਂ ਕੋਈ ਧੁੱਪ ਵੇ ਲਾਲੋ!



### 2

ਦੁਨੀਆ ਕੋਈ ਰੂਪ ਨਾ ਬਾਹਰੀ, ਤੇਰਾ ਹੈ ਜਾਂ ਮੇਰਾ ਹੈ।
ਨਿੱਕਾ-ਨਿੱਕਾ, ਕਣ-ਕਣ ਮਿਲ਼ ਕੇ ਬਣਿਆ ਏਡਾ ਘੇਰਾ ਹੈ।

ਪੁੱਤਾਂ ਦੇ ਦਿੱਤੇ ਸਿਤਮਾਂ ਨੂੰ ਚੁੱਪ ਕਰਕੇ ਸਹਿ ਲੈਂਦੀ ਹੈ,
ਧਰਤੀ ਦੀ ਤਾਂ ਹਰ ਇਕ ਮਾਂ ਦਾ ਧਰਤੀ ਜਿੱਡਾ ਜੇਰਾ ਹੈ।

ਸਭ ਨੂੰ ਕਹਿੰਦੇ ਸੁਣਿਆ ਹੈ ਮੈਂ ਦੁਨੀਆ ਬੜੀ ਹੀ ਜ਼ਾਲਮ ਹੈ,
ਦੋਨਾਂ ਵਿੱਚੋਂ ਦੋਸ਼ ਹੈ ਇਕ ਦਾ ਤੇਰਾ ਹੈ ਜਾਂ ਮੇਰਾ ਹੈ।

ਕਾਲਖ਼ ਫੈਲੀ ਪਾਪਾਂ ਵਾਲੀ ਰਾਤ ਘਨੇਰੀ ਛਾਈ ਹੈ,
ਹਿੰਮਤ ਕਰਕੇ ਠਿੱਲ ਪੈ ਰਹੀ ਅੱਗੇ ਸੁਰਖ਼ ਸਵੇਰਾ ਹੈ।

ਕਿਉਂ ਦੂਜੇ ਨੂੰ ਲੁੱਟ-ਲੁੱਟ ਖਾਂਦੇ ਅਪਣਾ ਮੁੱਲ ਪਛਾਣੀਦਾ,
ਅੱਖਾਂ ਅੱਗੋਂ ਐਨਕ ਲਾਹ ਤਾਂ ਇਹ ਵੀ ਸਾਥੀ ਤੇਰਾ ਹੈ।

ਦੂਜੇ ਦਾ ਹੱਕ ਮਾਰ-ਮਾਰ ਕੇ ਉੱਚੇ ਮਹਿਲ ਉਸਾਰ ਰਿਹੈ,
ਭੁੱਲ ਬੈਠੈ, ਕਿ ਇਹ ਜੀਵਨ ਤਾਂ ਜੋਗੀ ਵਾਲਾ ਫੇਰਾ ਹੈ।

ਕਿੱਧਰ ਗਏ ਸਿੰਕਦਰ, ਹਿਟਲਰ, ਨਾਦਰਸ਼ਾਹ ਦੁਨੀਆ ਦੇ ਜੇਤੂ?
'ਹੀਰ' ਦਾ ਕਹਿਣਾ ਹੈ ਯਾਰੋ! ਇਹ ਦੁਨੀਆ ਰੈਣ ਬਸੇਰਾ ਹੈ।

## 3

ਕੰਡਿਆਂ 'ਤੇ ਹੱਸ ਛੱਡ, ਨਾ ਕਰ ਗਿਲਾ।
ਫੁੱਲ ਹੀ ਜਦ ਜ਼ਖ਼ਮ ਦਿੰਦੇ ਐ ਦਿਲਾ!

ਰਾਤ ਪਿੱਛੋਂ ਦਿਨ ਇਵੇਂ ਦੁੱਖਾਂ ਤੋਂ ਸੁੱਖ,
ਚਲ ਰਿਹਾ ਹੈ ਜ਼ਿੰਦਗੀ ਦਾ ਸਿਲਸਿਲਾ।

ਸੱਚ ਹੈ ਕਿ ਹੱਕ ਮਿਹਨਤ ਮੰਗਦੀ,
ਸੱਚ ਉੱਤੇ ਇਸ ਤਰ੍ਹਾਂ ਨਾ ਤਿਲਮਿਲਾ।

ਹੁਣ ਦਾ ਪਲ ਹੀ ਹੈ ਅਸਲ ਵਿਚ ਜ਼ਿੰਦਗੀ,
ਰੌਸ਼ਨੀ ਦੇ ਵਾਂਗ ਹਰ ਥਾਂ ਝਿਲਮਿਲਾ।

ਉੱਚੇ ਨੀਵੇਂ ਤਦ ਹੀ ਇਕ-ਸੁਰ ਹੋਵਣੇ,
ਆਵੇਗਾ ਜਦ ਇਕ ਤਰ੍ਹਾਂ ਦਾ ਜ਼ਲਜ਼ਲਾ।

ਇਹ ਤਰੱਕੀ ਕਰ ਰਿਹੈ ਅੱਜ ਦਾ ਮਨੁੱਖ,
ਜ਼ਿੰਦਗੀ ਬਸ! ਜਾਪਦੀ ਹੈ ਇਕ ਖ਼ਲਾਅ।



## ਡਾ. ਸਰਦੂਲ ਸਿੰਘ

ਭੇਦ ਦਿਲਾਂ ਦੇ ਖੋਲ੍ਹਣ ਨੈਣ।
ਚੁੱਪ-ਚੁਪੀਤੇ ਬੋਲਣ ਨੈਣ।

ਤਖ਼ਤ ਹਜ਼ਾਰੇ ਦੇ ਮਾਲਕ ਨੂੰ,
ਬੇਲਿਆਂ ਦੇ ਵਿਚ ਰੋਲ਼ਣ ਨੈਣ।

ਅੱਗ ਹਿਜਰ ਦੀ ਲੱਗੀ ਤਾਂ ਹੀ,
ਮਣ-ਮਣ ਅੱਥਰੂ ਡੋਲ੍ਹਣ ਨੈਣ।

ਸੱਚੇ ਬੰਦੇ ਦੇ ਸੂਲ਼ੀ 'ਤੇ,
ਭੁੱਲ ਕੇ ਵੀ ਨਾ ਡੋਲਣ ਨੈਣ।

ਤੇਰੇ ਮੇਰੇ ਨੈਣ ਲੜੇ ਜਦ,
ਪਿਆਰ ਦੀ ਬੋਲੀ ਬੋਲਣ ਨੈਣ।

ਤੂੰ 'ਸਰਦੂਲ' ਦੇ ਅੰਦਰ ਬੈਠਾ,
ਬਾਹਰ ਕਿਸ ਨੂੰ ਟੋਲ੍ਹਣ ਨੈਣ?

## 2

ਜਦ ਵੀ ਤੇਰਾ ਚੇਤਾ ਆਇਆ।
ਕੰਡਿਆਂ ਨੂੰ ਘੁੱਟ ਸੀਨੇ ਲਾਇਆ।

ਚਾਂਦੀ ਦਾ ਤਨ ਕੰਚਨ ਕਾਇਆ।
ਪਰ ਤੂੰ ਮੁੱਲ ਕੌਡੀ ਨਾ ਪਾਇਆ।

ਸੂਰਜ ਸੇਕਣ ਜਦ ਮੈਂ ਬੈਠਾ,
ਅੱਗੇ ਆਇਆ ਤੇਰਾ ਸਾਇਆ।

ਸ਼ੀਸ਼ੇ, ਪਾਣੀ, ਸੁਪਨੇ ਦੇ ਵਿਚ,
ਅਪਣਾ-ਆਪ ਇਕੱਲਾ ਪਾਇਆ।

ਸ਼ਿਵ ਤੋਂ ਜਦ ਚੰਨ ਅਪਣਾ ਮੰਗਿਆ,
ਮੇਰੇ ਹਿੱਸੇ ਫ਼ਨੀਅਰ ਆਇਆ।

ਹੋਇਆ ਜੋ ਮਨਜ਼ੂਰ-ਏ-ਖ਼ੁਦਾ ਸੀ,
ਤਾਹੀਓਂ ਤਾਂ 'ਸਰਦੂਲ' ਕਹਾਇਆ।



## ਸੁਰਜੀਤ ਕਰੜਾ

ਕਾਤਲ! ਭਾਵੇਂ ਸ਼ਹਿ ਹੈ ਤੈਨੂੰ ਘੁੱਪ ਹਨੇਰੀਆਂ ਰਾਤਾਂ ਦੀ।
ਐਪਰ ਕਦੇ ਵੀ ਕਤਲ ਨਾ ਹੋਈ ਸੋਚ ਮੇਰੇ ਜਜ਼ਬਾਤਾਂ ਦੀ।

ਲੱਖ ਤਸੀਹੇ ਦੇ ਕੇ ਮੇਰੀ ਹੋਂਦ ਮਿਟਾਉਣੀ ਚਾਹੁੰਦੈਂ ਤੂੰ,
ਆਖ਼ਰ ਮੈਂ ਵੀ ਕਦਰ ਕਰਾਂਗਾ ਤੇਰੀਆਂ ਇਨ੍ਹਾਂ ਸੌਗਾਤਾਂ ਦੀ।

ਓਦੋਂ ਤੱਕ ਇਸ ਤਰ੍ਹਾਂ ਇਹ ਯਾਰੋ! ਗੱਲ ਵਿਚਾਲ਼ੇ ਰਹਿਣੀ ਹੈ,
ਜਦ ਤੱਕ ਤਿੱਖੀ ਸੋਚ ਨਾ ਹੁੰਦੀ ਸਭਨਾਂ ਦਲਿਤ ਜਮਾਤਾਂ ਦੀ।

ਭੁੱਖ-ਨੰਗ ਦੇ ਉੱਤੇ ਕੋਈ ਗ਼ਜ਼ਲ ਕਰਾਰੀ ਲਿਖ ਦੇਵੋ!
ਹੁਣ ਨਾ ਸ਼ਾਇਰੋ! ਲੋੜ ਹੈ ਸਾਨੂੰ ਹੁਸਨ-ਇਸ਼ਕ ਦੀਆਂ ਬਾਤਾਂ ਦੀ।

ਨੇਰ੍ਹੇ ਨਾਲ ਬਗ਼ਾਵਤ ਕਰਕੇ ਰੌਸ਼ਨ ਕਰਦੀਆਂ ਆਲਮ ਜੋ,
ਜੀਤ ਨੂੰ ਯਾਰੋ! ਲੋੜ ਹੈ ਹੁਣ ਤਾਂ ਇਹੋ ਜਿਹੀਆਂ ਪ੍ਰਭਾਤਾਂ ਦੀ।

## ਹਰਦਿਆਲ ਹੁਸ਼ਿਆਰਪੁਰੀ

ਹੱਸ ਕੇ ਜੋ ਜ਼ੁਲਮ ਤੇਰਾ ਜਰ ਗਿਆ।
ਸੋਚ ਨਾ ਤੇਰੇ ਜਬਰ ਤੋਂ ਡਰ ਗਿਆ।

ਜਿੱਤ ਗਿਆ ਝੂਠਾ ਫ਼ਰੇਬੀ ਜਿੱਤ ਗਿਆ,
ਹਰ ਗਿਆ ਸੱਚਾ ਵਿਚਾਰਾ ਹਰ ਗਿਆ।

ਜ਼ਹਿਰ ਵੰਡਣ ਵਾਲਿਆਂ ਦੇ ਦੌਰ ਵਿਚ,
ਪਿਆਰ ਵੰਡਣ ਵਾਲਿਆਂ ਦਾ ਸਰ ਗਿਆ।

ਤੂੰ ਅਸਾਡੇ ਹੱਕ ਮਾਰੀਂ ਸੋਚ ਕੇ,
ਸਬਰ ਸਾਡੇ ਦਾ ਪਿਆਲਾ ਭਰ ਗਿਆ।

ਪਾ ਲਈ ਮੰਜ਼ਲ ਹਮੇਸ਼ਾ ਓਸ ਨੇ,
ਮੁਸ਼ਕਿਲਾਂ ਨੂੰ ਪਾਰ ਜਿਹੜਾ ਕਰ ਗਿਆ।

'ਦਿਆਲ' ਨੂੰ ਜਿਉਂਦਾ ਸਮਝਣਾ ਫੇਰ ਵੀ,
ਲੋਕ ਹੱਕਾਂ ਵਾਸਤੇ ਜੋ ਮਰ ਗਿਆ।



## ਜਤਿੰਦਰ ਪੱਤੜ

ਅੱਜ ਦੁੱਖਾਂ ਵਿਚ ਤੜਪੇ ਪੰਜਾਬ ਦੋਸਤੋ!
ਇਹਦਾ ਖ਼ੂਨ ਇਤਿਹਾਸ ਦੀ ਕਿਤਾਬ ਦੋਸਤੋ!

ਇਹ ਦਾ ਚੱਪਾ-ਚੱਪਾ ਜ਼ਖ਼ਮੀ 'ਤੇ ਸਿਵਿਆਂ ਦੀ ਰੁੱਤ,
ਇਹਦੀ ਜਾਨ ਕੋਲੋਂ ਮੰਗਦੀ ਹਿਸਾਬ ਦੋਸਤੋ!

ਇੱਥੇ ਗੋਲ਼ੀਆਂ ਦੇ ਸ਼ੋਰ 'ਚ ਗੁਆਚਿਆ ਸੰਗੀਤ,
ਕਿੱਥੇ ਲੁਕ ਗਏ ਸਿਤਾਰ 'ਤੇ ਰਬਾਬ ਦੋਸਤੋ?

ਚੋਰਾਂ-ਡਾਕੂਆਂ ਨੇ ਅੱਖੀਆਂ 'ਚੋਂ ਨੀਂਦਰਾਂ ਚੁਰਾ ਕੇ,
ਮਿੱਟੀ ਵਿਚ ਰੋਲ਼ੇ ਸੋਹਣੇ-ਸੋਹਣੇ ਖ਼ਾਬ ਦੋਸਤੋ!

ਸਾਡਾ ਬਾਗ਼ ਕਿਵੇਂ ਜੰਗਲਾਂ ਦੇ ਰਾਹ ਹੋ ਗਿਆ,
ਹੋ ਗਏ ਖ਼ੁਸ਼ਬੂ ਤੋਂ ਸੱਖਣੇ ਗੁਲਾਬ ਦੋਸਤੋ!

ਪੌਣਾ ਵਿਚ ਪੀੜ, ਹਉਕੇ ਅਤੇ ਅੱਖਾਂ ਵਿਚ ਹੰਝੂ,
ਸਾਡੀ ਪੀੜ ਦਾ ਹਿਸਾਬ ਬੇਹਿਸਾਬ ਦੋਸਤੋ!

## 4

ਤੇਰੇ ਦਿਲ ਵਿਚ ਮੇਰੀ ਥਾਂ ਹੋਵੇ।
ਇਸ ਲਬ 'ਤੇ ਤੇਰਾ ਨਾਂ ਹੋਵੇ।

ਇਹ ਜੀਵਨ ਹੋਰ ਜਵਾਂ ਹੋਵੇ।
ਤੇਰੀ ਹਾਂ ਵਿਚ ਮੇਰੀ ਹਾਂ ਹੋਵੇ।

ਤੂੰ ਆਵੇਂ ਸਾਡਿਆਂ ਰਾਹਾਂ 'ਤੇ,
ਘਰ ਸਾਡੇ ਬੋਲਦਾ ਕਾਂ ਹੋਵੇ।

ਜੇ ਦੁੱਖ ਦੀ ਮਾਰੂ ਹੋਵੇ ਧੁੱਪ ,
ਤੇਰੀ ਜ਼ੁਲਫ਼ ਦੀ ਠੰਢੀ ਛਾਂ ਹੋਵੇ।

ਇਹ ਪਿਆਰ ਨਾ ਕਦੀ ਅਨਾਥ ਬਣੇ,
ਜੇ ਲੋਰੀ ਦੇਣ ਨੂੰ ਮਾਂ ਹੋਵੇ।



## ਅੰਮ੍ਰਿਤ 'ਦੀਵਾਨਾ'

ਦਿੱਲੀ ਦੀ ਅੱਖ ਅੰਦਰ, ਚੁਭਦਾ ਪੰਜਾਬ ਹਾਂ ਮੈਂ।
ਬੇਬਾਕ ਸ਼ਰਫ ਜੀ ਦਾ ਸੜ੍ਹਦਾ ਗੁਲਾਬ ਹਾਂ ਮੈਂ।

ਸੰਤਾਂ ਦਾ ਸੂਫ਼ੀਆਂ ਦਾ, ਪੀਰਾਂ ਦਾ ਖ਼ਾਬ ਹਾਂ ਮੈਂ।
ਮਜ਼ਬਾਂ ਦੇ ਗੇੜ ਵਿੱਚ ਪਰ ਬਣਿਆ ਅਜ਼ਾਬ ਹਾਂ ਮੈਂ।

ਭਾਰਤ ਦੀ ਭੁੱਖ ਦਾ ਭਾਵੇਂ, ਮੁੜਵਾਂ ਜਵਾਬ ਹਾਂ ਮੈਂ।
ਹਾਕਮ ਦੀ ਅੱਖ ਵਿਚ ਪਰ ਖ਼ਾਨਾ-ਖ਼ਰਾਬ ਹਾਂ ਮੈਂ।

ਕਾਲ਼ੇ ਇਹ ਮੌਸਮਾਂ ਦੀ ਸਾਜ਼ਿਸ਼ ਜ਼ਰਾ ਤਾਂ ਦੇਖੋ!
ਇਤਿਹਾਸ ਦੇ ਬਦਨ 'ਤੇ ਡੁੱਲ੍ਹਾ ਤਿਜ਼ਾਬ ਹਾਂ ਮੈਂ।

ਜੇ ਫ਼ਿਕਰ ਹੀ ਨਹੀਂ ਤਾਂ, ਨਾ ਸਾਰ ਲੈਣ ਮੇਰੀ,
ਕਿਸਮਤ ਦੀ ਅੱਗ ਉਪਰ ਭੁੱਜਦਾ ਕਬਾਬ ਹਾਂ ਮੈਂ।

ਅਫ਼ਵਾਹ ਮਗਰ ਨਾ ਜਾਇਓ, ਮੇਰੇ ਵਤਨ ਦੇ ਲੋਕੋ!
ਸੀਨਾ ਇਹ ਪਾੜ੍ਹ ਦੇਖੋ, 'ਉਲਫ਼ਤ ਰਬਾਬ' ਹਾਂ ਮੈਂ।

## 2

ਜੋ ਕੰਧਾਂ ਦੇ ਗਲ਼ ਲੱਗ ਰੋਇਆ ਮੈਂ ਉਹ ਮੰਜ਼ਰ ਹਾਂ।
ਜੋ ਅਪਣੇ ਹੀ ਤਨ ਵਿਚ ਖੁੱਭਾ ਮੈਂ ਉਹ ਖ਼ੰਜਰ ਹਾਂ।

ਹਾਲੇ ਵੀ ਇਸ ਅੰਦਰ ਰਹਿੰਦੇ, ਸ਼ੋਖ਼-ਪਰਿੰਦੇ ਆ,
ਖ਼ੁਸ਼ ਹਾਂ ਇਸ ਵਿਚ ਹੀ ਭਾਵੇਂ ਮੈਂ ਇਕ ਖੰਡਰ ਹਾਂ।

ਜਿਸ ਵਿਚ ਨਾ ਹੀ ਦੀਪ ਜਗੇ ਨਾ ਕੋਈ ਦਰ ਖੋਲ੍ਹੇ,
ਬੀਆਬਾਨ 'ਚ ਬਣਿਆ ਇਕ ਬਦ-ਕਿਸਮਤ ਮੰਦਰ ਹਾਂ।

ਤੇਰੀ ਕਿਸਮਤ ਤੈਨੂੰ ਰੱਬ ਨੇ ਬਖ਼ਸ਼ੇ ਚਾਰੇ ਸੱਤੇ,
ਮੇਰੀ ਕਿਸਮਤ ਮੈਂ ਬਦਸ਼ਗਨਾ ਤੇਰਾਂ ਨੰਬਰ ਹਾਂ।

ਭਾਵਾਂ ਦੇ ਵਹਿਣਾਂ ਵਿਚ ਵਹਿਣਾ ਸੌਖਾ ਹੈ 'ਦੀਵਾਨਾ',
ਤਰ ਕੇ ਵਿਖਾਓ! ਮੈਂ ਅਮਲਾਂ ਦਾ ਖ਼ਾਰਾ ਸਾਗਰ ਹਾਂ।



## 3

ਆ ਕਦੇ ਮੇਰੇ ਤੂੰ ਅੰਦਰ ਵੇਖ ਲੈ।
ਤੇਰੇ ਬਿਨ ਕੀ-ਕੀ ਹੈ ਮੰਜ਼ਰ ਵੇਖ ਲੈ।

ਬਾਲ਼ਦਾ ਸੈਂ ਜਿਸ 'ਚ ਤੂੰ ਦਿਲ ਦੇ ਚਿਰਾਗ਼,
ਉਹ ਉਜੜ ਚੁੱਕਾ ਹੈ ਮੰਦਰ ਵੇਖ ਲੈ।

ਦਰਦ ਦਾ ਕਤਰਾ ਸੀ ਤੂੰ ਜੋ ਦੇ ਗਿਉਂ,
ਬਣ ਗਿਆ ਹੈ ਉਹ ਸਮੁੰਦਰ ਵੇਖ ਲੈ।

ਜੇਰਾ ਕਰਕੇ ਨਾਲ ਤੂੰ ਜੇ ਤੁਰ ਪਵੇਂ,
ਮੇਰੇ ਪੈਰਾਂ ਹੇਠ ਅੰਬਰ ਵੇਖ ਲੈ।

ਸੋਚ ਲੈ ਕਿ ਨਿਭ ਤਾਂ ਸਕਦੀ ਹੈ, ਮਗਰ,
ਤੂੰ ਇਮਾਰਤ ਮੈਂ ਹਾਂ ਖੰਡਰ ਵੇਖ ਲੈ।

## ਬਲਵਿੰਦਰ 'ਸੈਣੀ'

ਠੋਕਰਾਂ ਹੀ ਠੋਕਰਾਂ ਨੇ ਜ਼ਿੰਦਗੀ ਦੇ ਮੋੜ 'ਤੇ।
ਦਰਦ ਆਪਾਂ ਨੇ ਹੰਢਾਏ ਰਿਸ਼ਤਿਆਂ ਦੇ ਜੋੜ 'ਤੇ।

ਸੋਚਦਾ ਹਾਂ ਹੁਣ ਕਦੇ ਵੀ ਖਿੜਨਗੇ ਕੀ ਫੁੱਲ ਉਹ,
ਆਪਣੇ ਹੱਥੀਂ ਜੋ ਸੱਜਣਾ ਸਨ ਤੁਸਾਂ ਨੇ ਤੋੜ 'ਤੇ।

ਆਸ ਆਪਾਂ ਨੇ ਲਗਾਈ ਸੀ ਜਿਦ੍ਹੇ ਤੋਂ ਪਿਆਰ ਦੀ,
ਬੇਵਫ਼ਾ ਨੇ ਆਸ ਮੇਰੀ ਦੇ ਸਹਾਰੇ ਤੋੜ 'ਤੇ।

ਸੋਚਦਾ ਕੁਝ ਹੋਰ ਸੀ 'ਤੇ ਬਣ ਗਿਆ ਕੁਝ ਹੋਰ ਹੈ,
ਪਰ ਕੋਈ ਨਾ ਮੀਤ ਬਣਿਆ ਔਖ ਵੇਲੇ ਲੋੜ 'ਤੇ।

ਸੁਪਨਿਆਂ ਵਿਚ ਕੰਧ 'ਸੈਣੀ' ਨੇ ਉਸਾਰੀ ਰੇਤ ਦੀ,
ਪਰ ਮੇਰੀ ਤਕਦੀਰ ਨੇ ਸੁਪਨੇ ਮੇਰੇ ਝੰਜੋੜ 'ਤੇ।



## 2.

ਬੇਸ਼ਕ ਨੇ ਇਸ ਦੌਰ ਵਿਚ ਰਾਤਾਂ ਹਨੇਰੀਆਂ।
ਦਿਨ ਚੜ੍ਹਨ ਦੀਆਂ ਫਿਰ ਵੀ ਹਨ ਆਸਾਂ ਬਥੇਰੀਆਂ।

ਮਤਲਬ ਪ੍ਰਸਤ ਹੋ ਗਈ ਦੁਨੀਆ ਹੀ ਇਹ ਜਦੋਂ,
ਹੁਣ ਪਲ਼ਦੀਆਂ ਹਨ ਇਸ ਵਿਚ ਪਾਲ਼ਾਂ ਲੁਟੇਰੀਆਂ।

ਚੰਗਿਆੜਿਆਂ ਦੇ ਵਾਂਗੂੰ ਜੋ ਧੁਖ਼ਿਆ 'ਤੇ ਬੁਝ ਗਿਆ,
ਰੱਖੋ ਨਾ ਐਸੇ ਸ਼ਖ਼ਸ 'ਤੇ ਆਸਾਂ ਲੰਮੇਰੀਆਂ।

ਚੁੱਕਣੀ ਨਹੀਂ ਜੇ ਹੁਣ ਕਲਮ ਜ਼ੁਲਮਾਂ ਦੇ ਬਰਖਿਲਾਫ਼,
ਤਾਂ ਘਰ 'ਚ ਵਿਹਲੇ ਬੈਠ ਕੇ ਚੂਪੋ ਗਨੇਰੀਆਂ।

ਹੁਣ ਕਾਫ਼ਲੇ ਵਿਚ ਜਾ ਰਲ਼ਾਂ ਮੰਜ਼ਿਲ ਨੂੰ ਪਾਣ ਲਈ,
'ਸੈਣੀ' ਦੇ ਦਿਲ 'ਚ ਉੱਠਦੀਆਂ ਸੱਧਰਾਂ ਬਥੇਰੀਆਂ।

## ਨਵਤੇਜ ਗੜ੍ਹਦੀਵਾਲਾ

ਰਸਤਿਆਂ ਦੀ ਰੇਤ ਬਣ ਕੇ ਰਹਿ ਗਈ।
ਸ਼ਹਿਰ 'ਚੋਂ ਹੋ ਕੇ ਜੋ ਜਾਂਦੀ ਸੀ ਨਦੀ।

ਚੌਂਕ ਦਿਲ ਦਾ ਨ੍ਹੇਰ ਵਿੱਚ ਡੁੱਬਦਾ ਪਿਆ,
ਹੋ ਰਹੀ ਕੈਸੀ ਚੁਫ਼ੇਰੇ ਚਾਨਣੀ?

ਬਲ਼ ਨਹੀਂ ਸਕਿਆ ਕਿਸੇ ਘਰ ਵੀ ਚਿਰਾਗ਼,
ਸ਼ਹਿਰ ਵਿੱਚ ਛੁਰਲੀ ਦੀ ਐਸੀ ਅੱਗ ਬਲ਼ੀ।

ਜੀਅ ਬੜਾ ਕਰਦੈ ਕਿ ਇੱਕ ਘੁੱਟ ਭਰ ਲਵਾਂ,
ਠਹਿਰ ਜਾਵਾਂ ਝੀਲ ਤੱਕ ਕੇ ਨਿੱਤਰੀ।

ਮੈਂ ਕਿਸੇ ਨੂੰ ਰੋਕਦਾ ਨਾ ਬੈਠਣੋਂ,
ਪਰ ਮੇਰੀ ਕਿਸ਼ਤੀ ਹੈ ਯਾਰੋ! ਕਾਗ਼ਜ਼ੀ।

ਅੰਦਰੋਂ ਤੂੰ ਕੱਢਦਾ ਇਕ ਸੁਰ ਨਹੀਂ,
ਹੱਥ ਵਿੱਚ ਰੱਖਦੈਂ ਕਿਉਂ ਤੂੰ ਬੰਸਰੀ?

ਤੂੰ ਸਦਾ 'ਨਵਤੇਜ' ਹੱਸਦਾ ਹੀ ਦਿਸੇਂ,
ਕਿਉਂ ਕਲਮ ਤੇਰੀ ਹੈ ਅੱਥਰੂ ਕੇਰਦੀ?



### 2

ਪਰਤ ਉਹ ਸਕਦਾ ਨਹੀਂ ਪਰਿਵਾਰ ਵਿੱਚ।
ਜੋ ਨਿਆਂ ਮੰਗਦੈ ਤੇਰੇ ਦਰਬਾਰ ਵਿੱਚ।

ਰਲ਼ ਕੇ ਉੱਡ ਸਕਦਾ ਨਹੀਂ ਉਹ ਡਾਰ ਵਿੱਚ।
ਮੁੱਲ ਜੋ ਪੰਛੀ ਵਿਕੇ ਬਾਜ਼ਾਰ ਵਿੱਚ।

ਗੂੰਜ ਮੇਰੀ ਦਾ ਕਰੋਗੇ ਕੀ ਤੁਸੀਂ?
ਚਿਣ ਦਿਓਗੇ ਮੈਨੂੰ ਤਾਂ ਦੀਵਾਰ ਵਿੱਚ।

ਤੀਰ ਏਨੇ ਛੇਕ ਕਰ ਗਏ ਕੀ ਕਰਾਂ?
ਸਿਰ ਮਿਰਾ ਲੁਕਦਾ ਨਹੀਂ ਦਸਤਾਰ ਵਿੱਚ।

ਬੈਂਕ ਦੀ ਕਾਪੀ ਜੇ 'ਹਾਂ ਕਹਿੰਦੀ ਕਦੇ,
ਮੈਨੂੰ ਵੀ ਦਿਸਣਾ ਸੀ ਸਭ ਕੁੱਝ ਯਾਰ ਵਿੱਚ।

ਉਹ ਕਲੀਨਿਕ ਦੇ ਹੀ ਬਿੱਲ ਨੇ ਪੀ ਲਏ,
ਸਾਹ ਜੋ ਬਚਦੇ ਸੀ ਕੁੱਝ ਬੀਮਾਰ ਵਿੱਚ।

ਹੁਣ ਗ਼ਜ਼ਲ 'ਨਵਤੇਜ' ਕਿੱਥੇ ਡੁੱਬ ਮਰੇ?
ਮੂਰਤਾਂ ਹੀ ਛਪਦੀਆਂ ਅਖ਼ਬਾਰ ਵਿੱਚ।

## ਸੁਰਿੰਦਰ ਸੀਹਰਾ

ਤੇਰੇ ਮੰਦਰ ਦੀਵੇ ਨੇ ਇੰਝ ਕੀਤੀ ਲੋਅ।
ਅਪਣੇ ਆਪ ਤੋਂ ਉੱਚਾ ਹੋ ਕੇ ਬਲ੍ਹਿਆ ਉਹ।

ਉਸ ਨੂੰ ਕੀ ਹੁਣ ਪੁੰਨ ਕਹੋ ਜਾਂ ਪਾਪ ਕਹੋ,
ਸੁਣਦਾ ਸੀ ਉਹ ਵੀ ਤਾਂ ਕਲਮਾ, ਮਰਿਆ ਜੋ।

ਅੱਖਾਂ ਬੁੱਲ੍ਹਾਂ ਦੀ ਮਿੱਤਰਤਾ ਦੇ ਸਦਕੇ,
ਹੱਸਣ ਵੀ ਉਹ ਰਲ਼ ਕੇ 'ਤੇ ਜੁੜ ਰੋਵਣ ਦੋ।

ਧਰਤੀ ਵਲ ਨੂੰ ਮੂੰਹ ਕਰਕੇ ਜੋ ਫੁੱਲ ਖਿੜੇ,
ਉਸ ਦਾ ਡਾਲ਼ੀ ਪੱਤਿਆਂ ਵਿਚ ਫਿਰ ਕਾਹਦਾ ਮੋਹ ?

ਜਿਸ ਦੀਆਂ ਡਾਲ਼ਾਂ ਤੇਰੇ ਧੁਨਖ਼ੀ ਤੀਰ ਬਣੇ,
ਰੁੱਖ ਗਿਆ ਉਹ ਤੇਰਾ ਅੱਜ ਨਿਸ਼ਾਨਾ ਹੋ।

ਅੱਖੋਂ ਟੱਪੀ ਨੀਂਦ ਜਦੋਂ ਫਿਰ ਲੱਗਿਆ ਡਰ,
ਮੇਰਾ ਨਾਂ ਲੈ-ਲੈ ਕੇ ਲੜਨ ਪਰਿੰਦੇ ਦੋ।

ਜੋ ਕੁਝ ਤੇਰੇ ਦਿਲ ਵਿਚ ਹੈ ਸਫ਼ਿਆਂ ਨੂੰ ਦੱਸ,
ਐ ਮੇਰੀ ਕਵਿਤਾ! ਤੂੰ ਅੱਜ ਏਨਾ ਨਾ ਰੋ।



### 2.

ਜ਼ਿੰਦਗੀ ਤਾਂ ਦੋ ਕੁ ਕਦਮਾਂ ਦੀ ਤਰ੍ਹਾਂ।
ਜੀਅ ਨਾ ਹੋਵੇ ਪਰ ਇਹ ਰਸਮਾਂ ਦੀ ਤਰ੍ਹਾਂ।

ਆਉਣ ਵਾਲੀ ਹੀ ਏ ਹੁਣ ਉਹ ਵੀ ਘੜੀ,
ਟੁੱਟਣਾ ਡਾਲ਼ੀ ਤੋਂ ਕਸਮਾਂ ਦੀ ਤਰ੍ਹਾਂ।

ਕੀ ਲਿਖਾਂ ਕੀ ਇਹ ਕਹੇ ਝਾਂਜਰ ਤੇਰੀ ?
ਜੋ ਕਿ ਤੜਫ਼ੇ ਮੇਰੇ ਜ਼ਖ਼ਮਾਂ ਦੀ ਤਰ੍ਹਾਂ।

ਯਾਰ ਮੇਰੇ ਲੈ ਕੇ ਖੁੱਲ੍ਹਾਂ ਆਪ ਹੀ,
ਬੇਰੁਖ਼ੇ ਹੋਏ ਨੇ ਨਜ਼ਮਾਂ ਦੀ ਤਰ੍ਹਾਂ।

ਲਾ ਨਾ ਹੋਈ ਅਪਣੇ ਹੀ ਜ਼ਖ਼ਮ 'ਤੇ,
ਸ਼ਾਇਰੀ, ਮੈਥੋਂ ਇਹ ਮਲ੍ਹਮਾਂ ਦੀ ਤਰ੍ਹਾਂ।

## ਕੁਲਵਿੰਦਰ 'ਫੁੱਲ'

ਮੈਂ ਕਿਵੇਂ ਤੇਰੀ ਮੁਹੱਬਤ ਨੂੰ ਭੁਲਾਵਾਂਗਾ ਸਨਮ!
ਮੈਂ ਸਦਾ ਤੇਰੀ ਵਫ਼ਾ ਦੇ ਗੀਤ ਗਾਵਾਂਗਾ ਸਨਮ!

ਇਸ਼ਕ ਦੇ ਰਸਤੇ 'ਚ ਹੈ ਦੀਵਾਰ ਭਾਵੇਂ ਮੌਤ ਦੀ,
ਤੂੰ ਜਦੋਂ ਚਾਹੇਂ ਮੈਂ ਆਵਾਂਗਾ, ਮੈਂ ਆਵਾਂਗਾ ਸਨਮ!

ਮੁਸਕਰਾ ਕੇ ਮੈਂ ਹੰਢਾਵਾਂਗਾ ਜ਼ਮਾਨੇ-ਭਰ ਦੇ ਗ਼ਮ,
ਮੈਂ ਨਵੇਂ ਇਸ ਦੌਰ ਦਾ 'ਈਸਾ' ਕਹਾਵਾਂਗਾ ਸਨਮ!

ਮੈਂ ਜਦੋਂ ਤਨਹਾ ਰਿਹਾ ਤਾਂ ਕੋਲ ਗ਼ਮ ਤਾਂ ਆਉਣਗੇ,
ਫਿਰ ਉਨ੍ਹਾਂ ਤੋਂ ਮੈਂ ਕਿਵੇਂ ਪਿੱਛਾ ਛੁਡਾਵਾਂਗਾ ਸਨਮ?

ਕਤਲ ਕਰ ਅਰਮਾਨ ਭਾਵੇਂ ਸਾੜ੍ਹ ਦੇ ਲੂੰ-ਲੂੰ ਮੇਰਾ,
ਮੈਂ ਤੇਰਾ ਹਰ ਜ਼ੁਲਮ ਸਹਿ ਕੇ ਮੁਸਕਰਾਵਾਂਗਾ ਸਨਮ!

ਸ਼ਮ੍ਹਾ ਰੌਸ਼ਨ ਕਰਕੇ ਜਿਹੜੇ 'ਨ੍ਹੇਰਿਆਂ ਵਿਚ ਗੁੰਮ ਨੇ,
ਮੈਂ ਉਨ੍ਹਾਂ ਦੀ ਯਾਦ ਵਿਚ ਦੀਵੇ ਜਗਾਵਾਂਗਾ ਸਨਮ!

ਖ਼ੂਬਸੂਰਤ ਨਾ ਰਿਹਾ ਤੂੰ ਜਦ ਕਦੀ 'ਫੁੱਲ' ਦੀ ਤਰ੍ਹਾਂ,
ਫੇਰ ਭੀ ਤੈਨੂੰ ਮੈਂ ਪਲਕਾਂ 'ਤੇ ਬਿਠਾਵਾਂਗਾ ਸਨਮ!



## ਸੋਹਣ 'ਕੋਜ਼ੀ'

ਖੋਖਲਾ ਹੋ ਕੇ ਵੀ ਮੈਂ ਤੁਰਦਾ ਪਿਆਂ।
ਮੈਂ ਕੋਈ ਰਿਸ਼ਤਾ ਜਿਹਾ ਹੀ ਹੋ ਗਿਆਂ।

ਉਹ ਖ਼ਲਾਅ ਬਣ ਕੇ ਹਰਿਕ ਥਾਂ ਦਿਸ ਰਿਹਾ,
ਹਾਸ਼ੀਆ ਬਣਕੇ ਹੀ ਮੈਂ ਤਾਂ ਰਹਿ ਗਿਆਂ।

ਖ਼ਾਹਸ਼ ਨਾ ਮਿੱਠੇ ਪਹਾੜੀ ਗੀਤ ਦੀ,
ਸ਼ਹਿਰ ਦੀ ਇਕ ਚੀਕ ਮੈਂ ਬਣਿਆਂ ਮਸਾਂ।

ਉਹ ਹਵਾ ਵਾਂਗਰ ਹਮੇਸ਼ਾ ਗੁਜ਼ਰਦੇ,
ਮੈਂ ਹਮੇਸ਼ਾ ਰਾਖ਼ ਵਾਂਗੂ ਬਿਖਰਿਆਂ।

ਜ਼ਖ਼ਮ ਭਾਵੇਂ ਕੋਈ ਵੀ ਦੇ ਜਾਣਦਾਂ,
ਦੋਸਤਾਂ ਵਾਂਗਰ ਤੂੰ ਕਾਹਨੂੰ ਬੋਲਿਆਂ।

ਦਿਲ ਕਰੇ ਪੁਸਤਕ ਬਣਾ ਕੇ ਓਸ ਨੂੰ,
ਜ਼ਿੰਦਗੀ ਦਾ ਇਮਤਿਹਾਨ ਦੇ ਦਿਆਂ।

## 2.

ਨਿੱਕੇ-ਨਿੱਕੇ ਗੁੰਮ-ਸੁੰਮ ਰਿਸ਼ਤੇ ਬਣਦੇ ਨੇ ’ਤੇ ਮਿਟਦੇ ਨੇ।
ਭੀੜਾਂ ਅੰਦਰ ਗੁੰਮ ਹੋ ਜਾਂਦੇ, ਭੀੜਾਂ ਦੇ ਵਿਚ ਦਿਸਦੇ ਨੇ।

ਖ਼ਤ ਪਰਾਏ ਭੁੱਲ-ਭੁਲੇਖੇ ਮੇਰੇ ਘਰ ਵਿਚ ਆ ਪਹੁੰਚੇ,
ਭਲ਼ਕੇ, ਪਰਸੋਂ ਜਾਂ ਫਿਰ ਚੌਥੇ ਲੈ ਜਾਵੇਗਾ ਜਿਸ ਦੇ ਨੇ।

ਦੂਰ ਨਗਰ ਤੋਂ ਉਜੜੇ ਖੰਡਰ, ਬਣ ਜਾਂਦੇ ਨੇ ਤਾਜ ਮਹੱਲ,
ਢੱਠੀ ਕੰਧ ’ਤੇ ਮਹਿਬੂਬਾ ਦਾ ਨਾਂ ਜਦ ਆਸ਼ਕ ਲਿਖਦੇ ਨੇ।

ਕੱਲ੍ਹ ਮੇਰੇ ਸਨ, ਅੱਜ ਉਸਦੇ ਨੇ, ਪਰਸੋਂ ਦਾ ਕੁਝ ਪਤਾ ਨਹੀਂ,
ਉੱਚੀ ਬੋਲੀ ਲਾਕੇ ਲੈ ਲਓ ਯਾਰੋ! ਰਿਸ਼ਤੇ ਵਿਕਦੇ ਨੇ।

ਐਵੇਂ ਹੀ ਕਹਿੰਦੇ ਹੋ ਯਾਰੋ! ਅਪਣਾ ਕੋਈ ਨਹੀਂ ਰਿਹਾ,
ਸੰਡੇ ਦੇ ਅਖ਼ਬਾਰਾਂ ਵਿਚ ਬਸ! ਰਿਸ਼ਤੇ ਹੀ ਰਿਸ਼ਤੇ ਨੇ।





ਸਮਝੇ ਹਾਂ ਜੀਵਨ ਦਾ ਹਾਲੇ
ਊੜਾ - ਐੜਾ - ਈੜੀ।
ਹਊਮੈਂ ਐਵੇਂ ਮੱਥੇ ਉੱਪਰ
ਪਾਈ ਫਿਰਦੀ ਤੀੜੀ।

ਮਾਰਨ ਫਿਰਦਾ ਰਾਹਾਂ ਦੇ ਵਿਚ
ਹਰ ਬੰਦੇ ਨੂੰ ਬੰਦਾ,
ਕਿੰਨੇ ਮੋਹ ਵਿਚ ਮਿਲ਼ ਕੇ ਜਾਂਦੀ
ਪਰ ਕੀੜੀ ਨੂੰ ਕੀੜੀ।

ਅਹੰ ਦਾ ਝੰਡਾ ਗੱਡ ਦੇਵੇਗਾ
ਹਰ ਤਾਰੇ ’ਤੇ ਮਾਨਵ,
ਬੌਣਾ ਹੋਈ ਜਾਊ ਅੰਦਰ
ਪਰ ਪੀੜ੍ਹੀ ਦਰ ਪੀੜ੍ਹੀ।

ਝੂਲਣਾ ਚਾਹੁੰਦੇ ਰੁੱਖਾਂ ਉੱਤੇ
ਜਾਂ ਰਾਹਾਂ ’ਤੇ ਰੁੜ੍ਹਨਾ,
ਮਜਬੂਰਨ ਡੂਨਾਂ ਬਣ ਜਾਂਦੇ
ਜਾਂ ਬਣ ਜਾਂਦੇ ਬੀੜ੍ਹੀ।

ਤੰਗ ਗਲੀ ’ਚੋਂ ਸਿੱਧੀ ਜਾਂਦੀ
ਅਪਣੇ ਹੀ ਅੰਦਰ ਨੂੰ,
ਸੂਈ ਦੇ ਨੱਕੇ ਨਾਲੋਂ ਵੀ
ਹੋਈ ਜਾਵੇ ਭੀੜੀ।

ਦਸਦਾ ਹੈ ‘ਜਸਬੀਰ’ ਉਨ੍ਹਾਂ ਨੂੰ
ਖ਼ੁਆਬ ਦਾ ਅਸਲੀ ਚਿਹਰਾ,
ਜਿਸ ਵਿਚ ਉਸਦੀ ਅਰਥੀ ਉੱਠਦੀ
ਪਰ ਉਠਦੀ ਬਿਨ ਸੀੜ੍ਹੀ।

## 2

ਹਰ ਬੰਦੇ ਦੇ ਅੰਦਰ ਹੁੰਦੇ ਥਾਂ ਕੁਝ ਚੰਗੇ-ਮੰਦੇ।
ਜਿੱਥੇ ਅਕਸਰ ਲੱਗੇ ਰਹਿੰਦੇ ਲਾਚਾਰੀ ਦੀ ਜੰਦੇ ।

ਮਨ ਦੇ ਕੱਪੜੇ ਕਿੱਦਾਂ ਧੋਵਾਂ ? ਕਿਹੜਾ ਸਾਬਣ ਲਾਵਾਂ ?
ਥਾਂ-ਥਾਂ ਤੋਂ ਇਹ ਛਿੱਜੇ ਯਾਰੋ! ਥਾਂ-ਥਾਂ ਤੋਂ ਨੇ ਗੰਦੇ ।

ਚਿੱਟੇ ਵਸਤਰ ਪਾ ਕੇ ਆਉਂਦੇ ਹਰ ਮਹਿਫ਼ਲ ਦੇ ਅੰਦਰ ,
ਕੁਝ ਲੋਕਾਂ ਦੇ ਅੰਦਰ ਵੱਸਦੇ ਜਿਹੜੇ ਕਾਲ਼ੇ ਬੰਦੇ ।

ਖ਼ੁਸ਼ਬੂ ਲੱਦੇ ਹਾਰਾਂ ਵਾਂਗਰ ਤੇਰੇ ਰਾਹ ਨੇ ਕੂਲ਼ੇ,
ਮੇਰੇ ਰਾਹ ਤਾਂ ਘੁੰਮ-ਘੁੰਮਾਕੇ ਬਣ ਜਾਂਦੇ ਨੇ ਫੰਦੇ ।

ਲਾਸ਼ਾਂ ਦੇ ਵਿਚੋਂ ਦੀ ਭਾਲਣ ਹਿੰਦੂ-ਮੁਸਲਿਮ ਚਿਹਰੇ,
ਮਰ ਕੇ ਵੀ ਬੰਦੇ ਨੂੰ ਹਾਕਮ ਬਣਨ ਨਾ ਦਿੰਦੇ ਬੰਦੇ ।

ਦਸ-ਵੀਹ ਮਰਲੇ ਥਾਂ ਹੁੰਦਾ ਹੈ ਹਰ ਇਕ ਪਿੰਡ ਦੇ ਬਾਹਰ,
ਖਪ ਜਾਂਦੇ ਨੇ ਜਿੱਥੇ ਸਾਰੇ ਬੰਦੇ ਚੰਗੇ-ਮੰਦੇ।



## 3

ਤੁਸੀਂ ਉਸ ਰੋਜ਼ ਜੇ ਇਕਰਾਰ ਕਰਦੇ ਹੀ ਚਲੇ ਜਾਂਦੇ।
ਅਸਾਂ ਦੇ ਰੀਂਘਦੇ ਸਾਏ ਨਾ ਵਿਚ ਰਾਹਾਂ ਛਲੇ ਜਾਂਦੇ।

ਤੁਹਾਡਾ ਜ਼ਿਕਰ ਹੁੰਦਾ ਹੈ ਜਦੋਂ ਗੱਲਬਾਤ ਕਰਦੇ ਹਾਂ,
ਤੁਹਾਡਾ ਜ਼ਿਕਰ ਕਰਕੇ ਹੀ ਤਾਂ ਸਾਡੇ ਤੌਖ਼ਲੇ ਜਾਂਦੇ।

ਤੁਸੀਂ ਜੋ ਦਰਦ ਦਿੱਤਾ ਹੈ ਉਹ ਸਾਡੇ ਦਿਲ 'ਚ ਭਰਿਆ ਹੈ,
ਨਹੀਂ ਤਾਂ ਮੁਫ਼ਲਿਸੀ ਦੇ ਦੌਰ ਵਿਚ ਤਾਂ ਖੋਖਲੇ ਜਾਂਦੇ ।

ਖ਼ੁਦਾ ਖ਼ੈਰਾਂ ਕਰੇ! ਪਰ ਆਪ ਕੁਝ ਹੈ ਇਸ ਤਰ੍ਹਾਂ ਚੱਲੇ,
ਹਵਾ ਹੰਕਾਰ ਦੀ ਭਰ ਕੇ ਜਿਵੇਂ ਹਨ ਬੁਲਬੁਲੇ ਜਾਂਦੇ ।

ਜਦੋਂ ਆਉਂਦੇ ਨੇ ਹੋ ਜਾਂਦੇ ਕੋਈ ਦਰਵੇਸ਼ ਜਾਂ ਸ਼ਾਇਰ,
ਉਹ ਕਮਸਿਨ ਲੋਕ ਜੋ ਅਕਸਰ ਘਰੋਂ ਨੇ ਦਿਲ ਢਲੇ ਜਾਂਦੇ।

ਤੁਸੀਂ ਜੇ ਹੋਰ ਕੁਝ ਪਲ ਸਾਥ ਮੇਰਾ ਕਰ ਲਿਆ ਹੁੰਦਾ,
ਤੁਹਾਡੇ ਨਾਲ ਮੰਜ਼ਲ ਤੀਕ ਮੇਰੇ ਵਲਵਲੇ ਜਾਂਦੇ ।

ਉਨ੍ਹਾਂ ਨੇ ਤਿੜਕ ਜਾਣਾ ਸੀ ਉਨ੍ਹਾਂ ਨੇ ਟੁੱਟ ਜਾਣਾ ਸੀ,
ਉਹਨਾਂ ਪਿੱਛੇ ਅਗਰ 'ਜਸਬੀਰ' ਦਿਲ ਦੇ ਵਲਵਲੇ ਜਾਂਦੇ।

## 4

ਬੜੀ ਹੀ ਦੇਰ ਤਕ ਰਾਹਾਂ 'ਚ ਮੇਰੇ ਨਾਲ ਉਹ ਚੱਲੇ।
ਮਗਰ ਇਕ ਮੋੜ 'ਤੇ ਆ ਕੇ ਅਸੀਂ ਹੋਏ ਬੜੇ 'ਕੱਲੇ।

ਪਤਾ ਨਹੀਂ ਕੀ ਦਾ ਕੀ ਆਖਦੇ ਕਾਸਦ ਰਹੇ ਉਸ ਨੂੰ ?
ਸੁਨੇਹੇ ਮਿਸ਼ਰੀਆਂ ਵਰਗੇ ਅਸੀਂ ਤਾਂ ਸੀ ਬੜੇ ਘੱਲੇ।

ਜਿਨ੍ਹਾਂ ਤਾਮੀਰ ਕਰ ਛੱਡੇ ਕਈ ਸੁਪਨੇ ਹਵਾਵਾਂ ਵਿਚ,
ਉਹ ਅਕਸਰ ਆਖਦੇ ਨੀਹਾਂ ਦੇ ਪੱਥਰ ਹਨ ਬੜੇ ਝੱਲੇ।

ਜਦੋਂ ਉਹ ਜਾ ਰਹੇ ਸੀ ਤਾਂ ਉਦੋਂ ਮੈਂ ਕੁਝ ਨਾ ਦੇ ਸਕਿਆ,
ਉਹ ਸਭ ਪਰ ਲੈ ਗਏ ਮੈਥੋਂ ਰਿਹਾ ਕੁਝ ਵੀ ਨਹੀਂ ਪੱਲੇ।

ਰਿਹਾ ਨਾ ਯਾਦ ਫਿਰ ਅੱਲਾ ਨਾ ਸੁਣਦੀ ਬਾਂਗ ਮਸਜਿਦ 'ਚੋਂ,
ਜਦੋਂ ਪ੍ਰਭਾਤ ਦੇ ਸੁਪਨੇ ਨੂੰ ਉਸਦੀ ਯਾਦ ਆ ਮੱਲੇ।

ਜਿਨ੍ਹਾਂ ਲੋਕਾਂ ਲਈ 'ਜਸਬੀਰ' ਦੇ ਮੋਢੇ ਬਣੇ ਪੌੜੀ,
ਉਨ੍ਹਾਂ ਲੋਕਾਂ ਨੇ ਮੁੜ ਕੇ ਦੇਖਿਆ ਨਾ ਕੌਣ ਸੀ ਥੱਲੇ ?



## ਮਦਨ ਵੀਰਾ

ਰੁੱਖਾਂ 'ਤੇ ਪੱਤਾ ਨਹੀਂ ਉੱਤੋਂ ਸਿਖ਼ਰ ਦੁਪਹਿਰ।
ਕਿਹਦੀ ਛਾਵੇਂ ਜਾ ਬਹੇ ਧੁੱਪ 'ਚ ਸੜਦਾ ਸ਼ਹਿਰ ?

ਅਣਗੌਲ਼ੇ ਸੁਕਰਾਤ ਨੇ ਜੇ ਦੇਖੇ ਤਾਂ ਬਹੁਤ,
ਸ਼ਾਮ-ਸਵੇਰੇ ਡੀਕਦੀ ਜ਼ਿੰਦਗੀ ਬੀਬਾ ਜ਼ਹਿਰ।

ਪੱਥਰ ਦੇ ਭਗਵਾਨ ਤੋਂ ਕੀ ਭਾਲ਼ੇਂ ਨਾਦਾਨ,
ਪਰਖੀ ਰਹਿਮਤ ਏਸ ਦੀ ਝੱਲ ਲਵਾਂਗੇ ਕਹਿਰ।

ਬੂੰਦ-ਬੂੰਦ ਨੂੰ ਤਰਸਦੇ ਖੜ੍ਹੇ ਵਿਆਕੁਲ ਲੋਕ,
ਰੇਤਾ-ਰੇਤਾ ਹੋ ਗਈ ਦਿੱਲੀਓਂ ਤੁਰਕੇ ਨਹਿਰ।

ਇਸ ਮੌਸਮ ਦੇ ਨਾਲ ਹੈ ਮੇਰੀ ਵੀ ਕੁਝ ਸਾਂਝ,
ਤੂੰ ਹਰਿਆਲੀ ਵਾਂਗਰਾਂ ਦੋ ਪਲ ਇੱਥੇ ਠਹਿਰ।

ਧੁੱਪ ਦੇ ਵਾਂਗਰ ਲਿਸ਼ਕਦੇ ਚਿਹਰੇ ਨੂਰੋ-ਨੂਰ,
ਵਿੱਚ ਮਨਾਂ ਦੇ ਵਿਛ ਗਈ ਧੁੰਦ, ਧੂੰਆਂ 'ਤੇ ਗਹਿਰ।

ਤੇਰੇ ਤਖ਼ਤ ਨੇ ਡੋਲਣਾ ਵਕਤ ਨਹੀਂ ਹੁਣ ਦੂਰ,
ਦਰ 'ਤੇ ਦਸਤਕ ਦਏਗੀ ਇੱਕ ਸੁਨਾਮੀ ਲਹਿਰ।

ਤੇਰੀ ਮੇਰੀ ਦੋਸਤਾ! ਸੁਰ ਨਹੀਂ ਹੋਣੀ ਇੱਕ,
ਮੈਂ ਲਿਖਦਾ ਹਾਂ ਦਰਦ ਨੂੰ ਤੂੰ ਮਿਣਦਾ ਏਂ ਬਹਿਰ।

## ਪ੍ਰੇਮ ਸਿੰਘ ਹਾਰਟਾ

ਇੱਕ ਥਾਂ ਹੁੰਦੀਆਂ ਨਹੀਂ ਇਹ ਸਾਰੀਆਂ;
ਦੌਲਤਾਂ-ਦਿਲਦਾਰੀਆਂ-ਫ਼ਨਕਾਰੀਆਂ।

ਲਾ-ਇਲਾਜ ਹੁੰਦੀਆਂ ਇਹ ਸਾਰੀਆਂ;
ਤੋਹਮਤਾਂ-ਬਦਨਾਮੀਆਂ-ਬਦਕਾਰੀਆਂ।

ਹਰ ਜਗ੍ਹਾ ਇਹ ਜਾਂਦੀਆਂ ਫਿਟਕਾਰੀਆਂ;
ਚੋਰੀਆਂ-ਮੱਕਾਰੀਆਂ-ਬਦਕਾਰੀਆਂ।

ਹਰ ਕਿਸੇ ਦੀ ਲਾਲਸਾ ਵਿੱਚ ਹੁੰਦੀਆਂ;
ਮਸਤੀਆਂ-ਕਿਲਕਾਰੀਆਂ-ਸਰਦਾਰੀਆਂ।

ਹਰ ਕੋਈ ਇਹਨਾਂ ਤੋਂ ਬਚਣਾ ਲੋਚਦੈ;
ਆਫ਼ਤਾਂ-ਕਮਜ਼ੋਰੀਆਂ-ਸਰਦਾਰੀਆਂ।

ਲੱਖ ਛੁਪਾਓ, ਛੁਪਦੀਆਂ ਨਾ 'ਪ੍ਰੇਮ' ਇਹ;
ਆਦਤਾਂ-ਬੀਮਾਰੀਆਂ-ਚਿੰਗਾਰੀਆਂ।



### 2

ਅੱਗ ਵਰ੍ਹਦੀ ਹੈ ਚੁਫ਼ੇਰੇ ਬਚਕੇ ਤੁਰ।
ਹਾਦਸੇ ਹਨ ਨਾਲ਼ ਮੇਰੇ ਬਚਕੇ ਤੁਰ।

ਰਾਤ ਨੂੰ ਦੋਪਹਿਰ ਨੂੰ ਜਾਂ ਸ਼ਾਮ ਨੂੰ,
ਭਾਵੇਂ ਤੁਰ ਸੱਜਰੇ ਸਵੇਰੇ ਬਚਕੇ ਤੁਰ।

ਸੁਲਗਦੇ ਮੌਸਮ 'ਚ ਕੋਈ ਨਾਲ਼ ਨਾ,
ਉਂਝ ਨੇ ਸਾਥੀ ਬਥੇਰੇ ਬਚਕੇ ਤੁਰ।

ਨਾਗ ਨਾ ਬਣ ਕੈਦ ਤੂੰ ਹੋ ਜਾਏਂਗਾ,
ਹੁੰਦੇ ਨੇ ਜ਼ਾਲਮ ਸਪੇਰੇ ਬਚਕੇ ਤੁਰ।

ਤਿਤਲੀਆਂ ਮੰਡਰਾਉਂਦੀਆਂ ਹਨ ਹਰ ਜਗ੍ਹਾ,
ਪੰਧ ਨੇ ਤੇਰੇ ਲੰਮੇਰੇ ਬਚਕੇ ਤੁਰ।

ਤੂੰ ਜਿਨ੍ਹਾਂ ਗਲ਼ੀਆਂ 'ਚ 'ਪ੍ਰੇਮੀ' ਤੁਰ ਰਿਹੈਂ,
ਡਿਗ ਰਹੇ ਉੱਥੇ ਬਨੇਰੇ ਬਚਕੇ ਤੁਰ।

## 3

ਪੱਤਾ-ਪੱਤਾ ਤੰਗ ਬਾਬਿਓ!
ਗੁਲਸ਼ਨ ਹੈ ਬਦਰੰਗ ਬਾਬਿਓ!

ਹਰ ਇੱਕ ਬੰਦਾ 'ਬੰਦਾ' ਹੋਵੇ,
ਸਾਡੀ ਇੱਕੋ ਮੰਗ ਬਾਬਿਓ!

ਪਲ-ਪਲ ਬੰਦਾ ਬਦਲ ਰਿਹਾ ਹੈ,
ਗਿਰਗਟ ਵਾਂਗਰ ਰੰਗ ਬਾਬਿਓ!

ਵਕਤ-ਹਨ੍ਹੇਰੀ ਬਦਲ ਦਏਗੀ,
ਇਹ ਸੂਰਤ ਇਹ ਰੰਗ ਬਾਬਿਓ!

ਜੋ ਹੋਰਾਂ ਨੂੰ ਢੰਗ ਸਿਖਾਵੇ,
ਖ਼ੁਦ ਫਿਰਦਾ ਬੇ-ਢੰਗ ਬਾਬਿਓ!

ਗੁੱਝੇ ਰਹਿਣ ਕਦੇ ਨਾ ਏਹੋ;
ਆਦਤ, 'ਪ੍ਰੇਮ' 'ਤੇ ਡੰਗ ਬਾਬਿਓ!



## 4

ਹੋ ਰਿਹਾ ਮੇਰਾ ਗੁਜ਼ਾਰਾ ਵੇਖ ਲੈ।
ਹਰ ਘੜੀ ਹਰ ਪਲ ਅਵਾਰਾ ਵੇਖ ਲੈ।

ਨੇੜਤਾ ਤੇਰੀ ਰਹੀ ਨਾ ਦੋਸਤੀ,
ਫਿਰ ਵੀ ਤੂੰ ਮੈਨੂੰ ਪਿਆਰਾ ਵੇਖ ਲੈ।

ਬੇਰਹਿਮ ਨਾ ਬਣ ਤੂੰ ਇਸਨੂੰ ਮੋੜਦੇ,
ਤੂੰ ਲਿਆ ਸੀ ਦਿਲ ਉਧਾਰਾ ਵੇਖ ਲੈ।

ਜਾਣ ਵਾਲਾ ਆਖ਼ਰੀ ਸਾਹਾਂ 'ਤੇ ਵੀ,
ਵੇਖਦਾ ਤੇਰਾ ਇਸ਼ਾਰਾ ਵੇਖ ਲੈ।

ਦੋਸ਼ ਤੇਰਾ ਹੈ ਕਿ ਜਾਂ ਮੇਰਾ ਕਸੂਰ,
ਸੱਚ ਦਾ ਕਰਕੇ ਨਿਤਾਰਾ ਵੇਖ ਲੈ।

## 5

ਕਲੀ ਮੁਸਕਰਾਈ ਸਵੇਰੇ-ਸਵੇਰੇ।
ਤੇਰੀ ਯਾਦ ਆਈ ਸਵੇਰੇ-ਸਵੇਰੇ।

ਅਸੀਂ ਹੋਰ ਬਾਤਾਂ ਤਾਂ ਰਾਤਾਂ ਨੂੰ ਪਾਈਆਂ,
ਤੇਰੀ ਬਾਤ ਪਾਈ ਸਵੇਰੇ-ਸਵੇਰੇ।

ਖ਼ੁਆਬਾਂ 'ਚ ਵਸਲਾਂ ਦੀ ਰਾਤ ਗੁਜ਼ਰੀ,
ਮਿਲੀ ਫਿਰ ਜੁਦਾਈ ਸਵੇਰੇ-ਸਵੇਰੇ।

ਹਾਂ ਲੰਘੇਗਾ ਕਿੱਦਾਂ ਇਹ ਤਿੱਖਾ ਦੁਪਹਿਰਾ?
ਅਸਾਂ ਪੀੜ ਪਾਈ ਸਵੇਰੇ-ਸਵੇਰੇ।

ਉਨ੍ਹਾਂ ਆਉਣ ਕਰਕੇ ਸਵੇਰਾ ਸੀ ਹੋਇਆ,
ਗਏ ਰਾਤ ਆਈ ਸਵੇਰੇ-ਸਵੇਰੇ।



## ਸੁੱਖੀ ਪਰਵਾਨਾ

ਖ਼ਬਰੇ ਕੀ ਪਏ ਕਰਦੇ ਲੋਕ?
ਰੱਬ ਤੋਂ ਵੀ ਨਾ ਡਰਦੇ ਲੋਕ।

ਅਪਣੀ ਗੱਲ ਛੁਪਾਉਣਾ ਜਾਨਣ,
ਸਭ ਦੇ ਲਾਂਹਦੇ ਪਰਦੇ ਲੋਕ।

ਅਪਣੀ ਕਹਿਣਾ ਹਰ ਕੋਈ ਚਾਹੁੰਦਾ,
ਹੋਰਾਂ ਦੀ ਨਾ ਜਰਦੇ ਲੋਕ।

ਕਿੰਜ ਕਿਨਾਰਾ ਪਾਵਣਗੇ ਜੋ,
ਕੱਚਿਆਂ 'ਤੇ ਪਏ ਤਰਦੇ ਲੋਕ।

ਜਿੱਤ ਜਾਂਦੇ ਨੇ ਇਸ ਦੁਨੀਆ ਤੋਂ,
ਮੈਂ ਤਾਈਂ ਜੋ ਹਰਦੇ ਲੋਕ।

ਖ਼ੁਸ਼ ਹੁੰਦੇ ਚਤੁਰਾਈਆਂ ਕਰਕੇ,
ਜੁਰਮਾਨਾ ਵੀ ਭਰਦੇ ਲੋਕ।

ਝੂਠੀ ਆਨ-ਸ਼ਾਨ ਲਈ 'ਸੁੱਖੀ',
ਕਦ ਤੋਂ ਆ ਰਹੇ ਮਰਦੇ ਲੋਕ।

## ਪ੍ਰੇਮ ਸਾਹਿਲ

ਇਹ ਦੀਵਾ ਜਗ ਪਿਆ ਜਦ ਬਰਤਰੀ ਦਾ।
ਕਿ ਚਿਹਰਾ ਚਮਕ ਉਠਿਆ ਕਮਤਰੀ ਦਾ।

ਬੜੇ ਸੁਰਤਾਲ ਮੈਂ ਵੀ ਆਜ਼ਮਾਏ,
ਕਿ ਤੁਰਿਆ ਸਿਲਸਿਲਾ ਨਾ ਨਗ਼ਮਗੀ ਦਾ।

ਬੜਾ ਪਛਤਾਏ ਉਹ ਬੁੱਲ੍ਹਾਂ ਨੂੰ ਲਾ ਕੇ,
ਮਿਰਾ ਰੁਤਬਾ ਨਹੀਂ ਸੀ ਬੰਸਰੀ ਦਾ।

ਕਿ ਰਸਤਾ ਬਾ-ਅਦਬ ਤਈਆਰ ਸੀ ਪਰ,
ਕਦਮ ਉੱਠਿਆ ਨਹੀਂ ਆਵਾਰਗੀ ਦਾ।

ਲਿਖਣ ਮੈਂ ਨਾਮ ਉਸ ਦਾ ਜਾ ਰਿਹਾ ਸੀ,
ਕਿ ਵਰਕਾ ਕੰਬ ਉੱਠਿਆ ਡਾਇਰੀ ਦਾ।

ਇਹ ਲਹਿਰਾਂ ਹਾਰ ਲਿਖਿਆ ਪਾਣੀਆਂ 'ਤੇ,
ਸੁਨੇਹਾ ਸੀ ਖ਼ਰੇ ਕਿਸ ਜਲ ਪਰੀ ਦਾ?

ਲਿਪਟ ਕੇ ਨਾਲ ਮੇਰੇ ਬਹੁਤ ਰੋਈ,
ਕਿ ਮੈਂ ਪੱਤਣ ਪੁਰਾਣਾ ਸੀ ਨਦੀ ਦਾ।



## ਆਦੇਸ਼ ਅੰਕੁਸ਼

ਜੇ ਕਿਧਰੇ ਦੋਸਤਾਂ ਦਾ ਸ਼ਹਿਰ ਮੈਨੂੰ ਯਾਦ ਨਾ ਕਰਦਾ।
ਤਾਂ ਜ਼ਾਹਿਰ ਹੈ ਕਿ ਮੈਂ ਵੀ ਜੀਉਣ ਦੀ ਫ਼ਰਿਆਦ ਨਾ ਕਰਦਾ।

ਮੇਰੇ ਆਲੋਚਕਾਂ ਨੇ ਜੋ ਗ਼ਜ਼ਲ ਦਾ ਹਾਲ ਕਰ ਦਿੱਤੈ,
ਜੇ ਹੁੰਦਾ ਵੀ ਤਾਂ ਸ਼ਾਇਦ ਇਉਂ ਮੇਰਾ ਉਸਤਾਦ ਨਾ ਕਰਦਾ।

ਮੈਂ ਜੇਕਰ ਜਾਣਦਾ ਹੁੰਦਾ ਕਿ ਗੁੰਮ ਜਾਣੀ ਏਂ ਮੌਲਿਕਤਾ,
ਤੇਰੇ ਮੁਖੜੇ ਦੀ ਕਵਿਤਾ ਦਾ ਕਦੇ ਅਨੁਵਾਦ ਨਾ ਕਰਦਾ।

ਕਲਾ ਖਾਂਦੀ ਕਦੇ ਨਾ ਦੋਸਤੋ! ਏਦਾਂ ਕਲਾਬਾਜ਼ੀ,
ਕਲਾਕਾਰਾਂ ਦੇ ਅੰਦਰ ਘਰ ਕਿਤੇ ਜੇ 'ਵਾਦ' ਨਾ ਕਰਦਾ।

ਜੇ ਸ਼ਾਇਰ ਨੂੰ ਤੇਰੇ ਨਕਸ਼ਾਂ ਜਿਹਾ ਕੋਈ ਸ਼ਿਅਰ ਮਿਲ਼ ਜਾਂਦਾ,
ਉਹ ਸ਼ਾਇਦ ਭਟਕਣਾ ਵਿੱਚ ਜ਼ਿੰਦਗੀ ਬਰਬਾਦ ਨਾ ਕਰਦਾ।

ਮੁਖ਼ਾਤਿਬ ਕਿਸ ਤਰ੍ਹਾਂ ਹੁੰਦਾ ਉਹ ਦੁਨੀਆ ਨੂੰ ਖ਼ੁਦਾ ਜਾਣੇ?
ਜੇ ਤੇਰਾ ਖ਼ਤ ਤੇਰੇ ਖ਼ਾਦਿਮ ਥੀਂ ਇਉਂ ਸੰਵਾਦ ਨਾ ਕਰਦਾ।

ਜੇ ਮੰਜ਼ਲ ਜ਼ਿੰਦਗੀ ਦੀ ਓਸ ਨੇ ਸਰ ਕਰ ਲਈ ਹੁੰਦੀ,
ਤਾਂ 'ਅੰਕੁਸ਼' ਨੂੰ ਜ਼ਮਾਨਾ ਯਾਦ ਉਸਤੋਂ ਬਾਅਦ ਨਾ ਕਰਦਾ।

## 2

ਜੋ ਨਾ ਸੀਨਿਆਂ ਤਾਈਂ ਠਾਰੇ ਗ਼ਜ਼ਲ।
ਉਹ ਖ਼ੁਦ ਤਾਈਂ ਹਾਲੇ ਵਿਚਾਰੇ ਗ਼ਜ਼ਲ।

ਹੈ ਪਹਿਲਾਂ ਤੋਂ ਵੀ ਹੋਰ ਲਗਦੀ ਹੁਸੀਨ,
ਜਦੋਂ ਰੂਪ ਸ਼ਬਦਾਂ ਦਾ ਧਾਰੇ ਗ਼ਜ਼ਲ।

ਜੋ ਸ਼ਾਇਰ ਉਡਾਰੀ ਨਹੀਂ ਜਾਣਦਾ,
ਉਹ ਧਰਤੀ 'ਤੇ ਕੀਕਰ ਉਤਾਰੇ ਗ਼ਜ਼ਲ?

ਨਾ ਢੂੰਡੇ ਆਲੋਚਕ ਜਾਂ ਉਸਤਾਦ ਨੂੰ,
ਮੇਰੀ ਹੈ ਤਾਂ ਮੈਨੂੰ ਪੁਕਾਰੇ ਗ਼ਜ਼ਲ।

ਨਦੀ ਛਾਣਦੇ ਹੋਈ ਉਮਰਾ ਤਮਾਮ,
ਸੀ ਫਿਰਦੀ ਕਿਨਾਰੇ-ਕਿਨਾਰੇ ਗ਼ਜ਼ਲ।

ਸਦਾ ਹੀ ਸੱਚਾਈ ਦਾ ਪਰਚਮ ਬਣੇ,
ਸਦਾ ਕੂੜ ਤਾਈਂ ਨਕਾਰੇ ਗ਼ਜ਼ਲ।

ਭਲਾ ਕੌਣ ਕਾਨੀ ਨੂੰ ਕਰਦਾ ਸਲਾਮ?
ਜੇ ਲਿਖਦੇ ਸਿਰਫ਼ ਲਿਖਣਹਾਰੇ ਗ਼ਜ਼ਲ।

ਸਦਾ ਤੋਂ ਹੈ ਮੌਲਿਕ ਸਦਾ ਹੀ ਨਵੀਨ,
ਨਹੀਂ ਸ਼ਿਅਰ ਸਹਿੰਦੀ ਉਧਾਰੇ ਗ਼ਜ਼ਲ।

ਕਦੇ ਕੋਈ 'ਆਦੇਸ਼' ਸਹਿੰਦੀ ਨਹੀਂ,
'ਤੇ ਨਾ ਕੋਈ ਅੰਕੁਸ਼ ਸਹਾਰੇ ਗ਼ਜ਼ਲ।



# ਬਲਜਿੰਦਰ ਮਾਨ

ਵਿੱਚੋਂ ਤੀਰ ਚਲਾਉਂਦੇ ਨੇ ਉਹ।
ਉੱਪਰੋਂ ਪਿਆਰ ਜਤਾਉਂਦੇ ਨੇ ਉਹ।

ਦਿਲਕਸ਼ ਹੈ ਅੰਦਾਜ਼ ਉਨ੍ਹਾਂ ਦਾ,
ਲਾ ਕੇ ਆਪ ਬੁਝਾਉਂਦੇ ਨੇ ਉਹ।

ਮੇਰਾ ਹਰ ਇਕ ਸਾਹ ਤੇਰਾ ਹੈ,
ਏਦਾਂ ਵੀ ਭਰਮਾਉਂਦੇ ਨੇ ਉਹ।

ਦੋਵੇਂ ਹੱਥੀਂ ਲੁਟਕੇ ਸਾਨੂੰ,
ਗੱਲੀਂ ਹੀ ਪਰਚਾਉਂਦੇ ਨੇ ਉਹ।

ਮਾਲੀ ਬਣਕੇ ਫੁੱਲਾਂ ਦੇ ਹੁਣ,
ਤੇਲ ਜੜ੍ਹਾਂ ਵਿਚ ਪਾਉਂਦੇ ਨੇ ਉਹ।

ਕਿਉਂ ਰੁੱਖੇ ਅੰਦਾਜ਼ ਬਣਾਕੇ?
ਸਾਨੂੰ ਰੋਜ਼ ਸਤਾਉਂਦੇ ਨੇ ਉਹ।

ਲੋੜ ਪਵੇ ਤਾਂ ਪਿੱਠ ਦਿਖਾਉਂਦੇ,
ਓਦਾਂ ਯਾਰ ਕਹਾਉਂਦੇ ਨੇ ਉਹ।

ਭੁਲ ਜਾਂਦੇ ਹਨ 'ਮਾਨ' ਤਕੀਦਾਂ,
ਵਾਦੇ ਇੰਝ ਨਿਭਾਉਂਦੇ ਨੇ ਉਹ।

## 2.

ਹੁਣ ਹੋਵੇਗਾ ਕਿੰਜ ਗੁਜ਼ਾਰਾ ਵੇ ਸੱਜਣਾ?
ਤੁਰ ਚੱਲਿਆ ਤੂੰ ਲਾਕੇ ਲਾਰਾ ਵੇ ਸੱਜਣਾ!

ਖ਼ੁਸ਼ੀਆਂ ਖੋਹ ਕੇ ਝੋਲ਼ੀ ਦੇ ਵਿਚ ਹੰਝੂ ਪਾਏ,
ਕੀਤਾ ਤੂੰ ਇਹ ਚੰਗਾ ਕਾਰਾ ਵੇ ਸੱਜਣਾ!

ਕੱਲ੍ਹ ਤੱਕ ਜਿਹੜਾ ਮੇਰੀ-ਮੇਰੀ ਕਰਦਾ ਸੀ,
ਕਰ ਚੱਲਿਆ ਉਹ ਅੱਜ ਕਿਨਾਰਾ ਵੇ ਸੱਜਣਾ!

ਆਗੂ ਬਣਿਆ ਫਿਰਦਾ ਹਰ ਐਰਾ-ਗ਼ੈਰਾ,
ਹਰ ਕੋਈ ਹੈ ਆਪ ਮੁਹਾਰਾ ਵੇ ਸੱਜਣਾ!

ਹੇਰਾ-ਫੇਰੀ, ਝੂਠ, ਫ਼ਰੇਬੀ 'ਤੇ ਰਿਸ਼ਵਤ,
ਥਾਂ-ਥਾਂ ਏਥੇ ਕੂੜ ਪਸਾਰਾ ਵੇ ਸੱਜਣਾ!

ਪਿਆਰ-ਮੁਹੱਬਤ-ਸਾਂਝਾਂ ਦੀ ਗੱਲ ਕਰਿਆ ਕਰ,
ਕੇਸਰ ਵਰਗਾ 'ਮਾਨ' ਵਿਚਾਰਾ ਵੇ ਸੱਜਣਾ!



## 3.

ਯਾਦਾਂ ਵਿਛੜੇ ਯਾਰ ਦੀਆਂ।
ਡੋਬਦੀਆਂ ਨਾ ਤਾਰ ਦੀਆਂ।

ਸਾਉਣ ਮਹੀਨੇ ਵਿਚ ਸੱਜਣਾ,
ਚਿੱਠੀਆਂ ਬੁੱਤਾਂ ਸਾਰਦੀਆਂ।

ਤੇਰੇ ਬਾਝੋਂ ਖ਼ਾਲੀ ਪੀਘਾਂ,
ਸਈਆਂ ਤਾਹਨੇ ਮਾਰਦੀਆਂ।

ਰੋਜ਼ ਗ੍ਰੰਥਾਂ ਵਾਂਗੂ ਪੜ੍ਹੀਏ,
ਸਤਰ੍ਹਾਂ ਤੇਰੇ ਪਿਆਰ ਦੀਆਂ।

ਭੁੱਲਕੇ ਸ਼ਿਕਵੇ ਗਲ਼ ਮਿਲ਼ੀਏ,
ਬਾਤਾਂ ਪਾਈਏ ਪਿਆਰ ਦੀਆਂ।

'ਮਾਨ' ਬਿਨਾਂ ਇਹ ਸ਼ੋਖ਼ ਬਹਾਰਾਂ,
ਕੰਮ ਦੀਆਂ ਨਾ ਕਾਰ ਦੀਆਂ।

## 4

ਯਾਦ ਤੇਰੀ ਨੇ ਆਣ ਸਤਾਇਆ।
ਪੀੜਾਂ ਦਿਲ ਵਿਚ ਝੁਰਮਟ ਪਾਇਆ।

ਗੁਜ਼ਰੇ ਵਕਤ ਦੀਆਂ ਯਾਦਾਂ ਨੇ,
ਦਿਲ ਮੇਰਾ ਸੂਲ਼ੀ ਲਟਕਾਇਆ।

ਲੋਕਾਂ ਤੇਰਾ ਨਾਂ ਲੈ-ਲੈ ਕੇ,
ਦਿਲ ਮੇਰੇ ਨੂੰ ਬਹੁਤ ਰੁਆਇਆ।

ਹਾਸੇ-ਖੇੜੇ ਲੁੱਟ ਅਸਾਡੇ,
ਦਿਲਬਰ ਕੈਸਾ ਕਹਿਰ ਕਮਾਇਆ?

ਪਿਆਰ ਬੜਾ ਅਨਮੋਲ ਖ਼ਜ਼ਾਨਾ,
ਤਾਂ ਹੀ ਹੱਸ-ਹੱਸ 'ਮਾਨ' ਲੁਟਾਇਆ।



## 5

ਹੁਣ ਨਾ ਕਿੱਧਰੇ ਦੀਨ-ਈਮਾਨ।
ਲੱਭਿਆਂ ਨਾ ਲੱਭੇ ਇਨਸਾਨ।

ਮਜ਼ਹਬ ਦੇ ਜੋ ਠੇਕੇਦਾਰ,
ਕਤਲ ਕਰਾਉਂਦੇ ਨੇ ਇਨਸਾਨ।

ਪੱਤ ਕਿਸੇ ਦੀ ਨਾ ਮਹਿਫ਼ੂਜ਼,
ਹਰ ਪਾਸੇ ਫਿਰਦੇ ਹੈਵਾਨ।

ਡਿਗੇ ਹੋਏ ਨੂੰ ਹੋਰ ਲਿਤਾੜ,
ਸਮਝਣ ਸਾਰੇ ਇਸ ਵਿਚ ਸ਼ਾਨ।

ਹੁਣ ਤਾਂ ਆ ਕੇ ਪੁੱਛ ਲੈ ਹਾਲ,
ਰੋ-ਰੋ ਕੇ ਮਰ ਚੱਲਾ 'ਮਾਨ'।

## ਸ਼ਾਮ ਸੁੰਦਰ

ਗ਼ਮਲਿਆਂ ਵਿਚ ਖਿੜ ਗਏ ਨੇ ਇਹ ਜੋ ਚੰਦ ਸੂਹੇ ਗੁਲਾਬ।
ਇਸਦਾ ਨਈਂ ਮਤਲਬ ਕਿ ਪੂਰੇ ਹੋ ਗਏ ਧਰਤੀ ਦੇ ਖ਼ਾਬ।

ਗੀਤ ਹਰਿਆਲੀ ਦੇ ਦੱਸੋ ਕਿਸ ਤਰ੍ਹਾਂ ਗਾਈਏ ਅਸੀਂ?
ਸਾਡੇ ਦਿਲ ਦਾ ਮਾਰੂਥਲ ਸੁੱਕਾ ਪਿਆ ਹਾਲੇ ਜਨਾਬ!

ਇਸਦੇ ਹਰ ਪੰਨੇ ਲਿਖੀ ਹੈ ਦਰਦ ਸਾਡੇ ਦੀ ਕਥਾ,
ਜ਼ਿੰਦਗੀ ਸਾਡੀ ਦੀ ਵੀ ਪੜ੍ਹ ਕੇ ਜ਼ਰਾ! ਦੇਖੋ ਕਿਤਾਬ।

ਖਿੜਨ ਤੋਂ ਪਹਿਲਾਂ ਹੀ ਇਸ ਦਿਲ ਦੀ ਕਲੀ ਮੁਰਝਾ ਗਈ,
ਇਸ 'ਤੇ ਨਾ ਆਈ ਜਵਾਨੀ ਇਸ 'ਤੇ ਨਾ ਆਇਆ ਸ਼ਬਾਬ।

ਜ਼ੁਲਫ਼ ਤੇਰੀ ਦੀ ਮੈਂ ਉਲਝਣ ਕਿਸ ਤਰ੍ਹਾਂ ਸੁਲਝਾ ਦਿਆਂ?
ਮੇਰੀ ਅਪਣੀ ਜ਼ਿੰਦਗੀ ਵਿੱਚ ਉਲਝਣਾ ਹਨ ਬੇਹਿਸਾਬ।

ਰੋਜ਼ ਮੈਂ ਲਿਖਦਾ ਰਹਾਂ ਮਹਿਬੂਬ ਨੂੰ ਦਰਦਾਂ ਦੇ ਖ਼ਤ,
ਬੇ-ਵਫ਼ਾ ਮਹਿਬੂਬ ਪਰ ਨਾ ਭੇਜਦਾ ਕੋਈ ਜਵਾਬ।



### 2

ਦੱਸੋ ਮੈਂ ਕਿੱਦਾਂ ਮਾਣਾ ਦਿਲਕਸ਼ ਨਜ਼ਾਰਿਆਂ ਨੂੰ?
ਦਿਲ 'ਚੋਂ ਭੁਲਾ ਨਾ ਹੁੰਦਾ ਗ਼ੁਰਬਤ ਦੇ ਮਾਰਿਆਂ ਨੂੰ।

ਪੁੱਛਿਆ ਸਵੇਰੇ ਯਾਰਾਂ ਅੱਖਾਂ ਤੂੰ ਕਿਓਂ ਸੁਜਾਈਆਂ?
ਦੱਸਿਆ ਮੈਂ ਰਾਤੀਂ ਰੋਇਆ ਟੁੱਟੇ ਸਿਤਾਰਿਆਂ ਨੂੰ।

ਨੀਵੇਂ ਘਰਾਂ ਦੀ ਹੋਈ ਕਿਧਰੇ ਜੇ ਸ਼ਾਨ ਉੱਚੀ,
ਗੱਲ ਰਾਸ ਨਾ ਇਹ ਆਈ ਉੱਚੇ ਚੁਬਾਰਿਆਂ ਨੂੰ।

ਚੁਣ-ਚੁਣ ਚਮਨ ਦੇ ਵਿੱਚੋਂ ਸਾੜ੍ਹੋ ਨਾ ਫੁੱਲ 'ਤੇ ਕਲੀਆਂ,
ਪਾਉਂਦਾ ਹਾਂ ਵਾਸਤੇ ਨਿੱਤ ਬਲ਼ਦੇ ਅੰਗਿਆਰਿਆਂ ਨੂੰ।

ਅੰਦਰ ਇਹਨਾਂ ਦੇ ਲੱਗੇ ਕਾਲਖ਼ ਦੇ ਢੇਰ ਵੀ ਹਨ,
ਬਾਹਰੋਂ ਨਾ ਵੇਖੀ ਜਾਓ ਚਿਹਰੇ ਸ਼ਿੰਗਾਰਿਆਂ ਨੂੰ।

3

ਦਿਲ ਦੇ ਬੂਹੇ 'ਤੇ ਪੌਣਾਂ ਤੋਂ ਜਦ ਵੀ ਦਸਤਕ ਮੰਗੀ ਹੈ।
ਅੱਗ ਵਰਗੀ ਇੱਕ ਤੇਜ਼ ਹਵਾ ਆ ਮੇਰੇ ਅੰਦਰ ਲੰਘੀ ਹੈ।

ਮੈਥੋਂ ਹੀ ਨਾ ਹਿੰਮਤ ਹੋਈ ਮੈਂ ਖਿੜਿਆ ਫੁੱਲ ਤੋੜ ਲਵਾਂ,
ਵਰਨਾ ਡਾਲ਼ੀ ਫੁੱਲਾਂ ਦੀ ਕਦ ਮੇਰੇ ਕੋਲੋਂ ਸੰਗੀ ਹੈ?

ਅਪਣੇ ਤਨ ਨੂੰ ਕੱਜਣ ਨੂੰ ਭਾਵੇਂ ਮੈਂ ਬਸਤਰ ਪਹਿਨ ਲਏ,
ਅੰਦਰ ਮੇਰੇ ਵੜ ਕੇ ਦੇਖੋ! ਰੂਹ ਤਾਂ ਮੇਰੀ ਨੰਗੀ ਹੈ।

ਬਾਗ਼ 'ਚ ਤਿਤਲੀਆਂ ਦੇ ਪਿੱਛੇ ਜੋ ਲਟਬਾਉਰਾ ਹੋਇਆ ਹੈ,
ਉਸਨੇ ਅਪਣੇ ਘਰ ਦੀ ਤਿਤਲੀ ਸੂਲ਼ੀ ਉਤੇ ਟੰਗੀ ਹੈ।

ਸੋਨਾ-ਚਾਂਦੀ ਜੇ ਉਹ ਮੰਗਦੇ ਸ਼ਾਇਦ ਦੇ ਨਾ ਸਕਦਾ ਮੈਂ,
ਪਰ ਕਿੱਦਾਂ ਇਨਕਾਰ ਕਰਾਂ ਜਦ ਯਾਰਾਂ ਨੇ ਜਿੰਦ ਮੰਗੀ ਹੈ।



4

ਇਸ ਨਗਰੀ 'ਚੋਂ ਕਿੱਥੋਂ ਭਾਲ਼ਾਂ ਚਾਨਣ ਦਾ ਸਿਰਨਾਵਾਂ?
ਹਰ ਇਕ ਬੂਹੇ ਅੱਗੇ ਬੈਠਾ ਨੇਰ੍ਹੇ ਦਾ ਪਰਛਾਵਾਂ।

ਉੱਜੜੇ ਜੰਗਲ਼ ਅੰਦਰ ਪੰਛੀ ਭਟਕਣ ਪਰ ਨਾ ਸੋਚਣ,
ਕਿਹੜਾ ਇਸ ਦੇ ਬਿਰਖ਼ ਖਾ ਗਿਐ ਕੌਣ ਲੈ ਗਿਆ ਛਾਵਾਂ?

ਆਪ ਸੁਆਗਤ ਕਰੇ ਉਹਨਾਂ ਦਾ ਅੱਗੇ ਹੋ-ਹੋ ਮਾਲੀ,
ਜੋ ਫੁੱਲਾਂ ਨੂੰ ਸਾੜਨ ਆਈਆਂ ਮਾਰੂ ਗਰਮ ਹਵਾਵਾਂ।

ਹਾਰ ਬਣਾ ਕੇ ਫੁੱਲਾਂ ਦੇ ਹੁਣ ਨਾ ਪੱਥਰਾਂ ਗਲ਼ ਪਾਓ,
ਫੁੱਲ ਨਾਜ਼ੁਕ ਹਨ ਝੱਲ ਨਹੀਂ ਸਕਦੇ ਇੰਨੀਆਂ ਸਖ਼ਤ ਸਜ਼ਾਵਾਂ।

ਕਿਉਂ ਪਰਾਈਆਂ ਨਦੀਆਂ ਸਿੰਜਣ ਇਸ ਬੰਜਰ ਧਰਤੀ ਨੂੰ,
ਇਸ ਤੋਂ ਹੀ ਜਦ ਮੋੜ ਲਿਆ ਮੁੱਖ ਇਸਦੇ ਪੁੱਤ ਦਰਿਆਵਾਂ।

ਅੱਜ ਕੱਲ ਬਣੇ ਤਿਆਗੀ ਵੀ ਹੁਣ ਏਦਾਂ ਭੇਖ ਬਣਾਉਂਦੇ,
ਸੋਨੇ ਦੇ ਉਹ ਬਸਤਰ ਪਹਿਨਣ ਚਾਂਦੀ ਦੀਆਂ ਖੜ੍ਹਾਵਾਂ।

ਸੁੱਤੀ ਖ਼ਲਕਤ ਸਾਰੀ ਜਾਗੇ, ਖੁੱਲ੍ਹੇ ਤੀਜਾ ਨੇਤਰ,
ਦਿਲ ਕਰਦਾ ਹੈ ਚਿੰਤਨ ਦਾ ਕੋਈ ਐਸਾ ਤੀਰ ਚਲਾਵਾਂ।

## 5

ਕਲੀ ਦੀ ਹੋਂਦ ਨੂੰ ਉਹ ਖਿੜਨ ਤੋਂ ਪਹਿਲਾਂ ਮੁਕਾ ਦਿੰਦੇ।
ਗੁਨਾਹ ਤਾਂ ਆਪ ਕਰਦੇ ਨੇ ਸਜ਼ਾ ਉਸ ਨੂੰ ਸੁਣਾ ਦਿੰਦੇ।

ਜੋ ਬਣਕੇ ਗੂੰਜਣੀ ਸੀ ਸ਼ੋਖ਼ ਕਿਲਕਾਰੀ ਫ਼ਜ਼ਾ ਅੰਦਰ,
ਮਗਰ ਕੁਛ ਲੋਕ ਉਸ ਨੂੰ ਚੀਖ਼ ਨੇਰ੍ਹੇ ਦੀ ਬਣਾ ਦਿੰਦੇ।

ਬੜੇ ਚਾਲਾਕ ਨੇ ਵਾਸੀ ਸਮਝਦਾਰਾਂ ਦੀ ਬਸਤੀ ਦੇ,
ਮੁਸੀਬਤ ਆਉਣ ਤੋਂ ਪਹਿਲਾਂ ਹੀ ਜੜ੍ਹ ਉਸਦੀ ਮਿਟਾ ਦਿੰਦੇ।

ਹਨੇਰਾ ਢੋਣ ਦੀ ਫ਼ਿਤਰਤ ਹੀ ਏਨੀ ਹੋ ਗਈ ਹਾਵੀ,
ਬਲ਼ੇ ਦੀਵਾ ਜੇ ਘਰ ਅੰਦਰ ਤਾਂ ਝੱਟ ਉਸਨੂੰ ਬੁਝਾ ਦਿੰਦੇ।

ਹਮੇਸ਼ਾ ਆਪਣੀ ਕਰਤੂਤ 'ਤੇ ਪਛਤਾਉਣ ਉਹ ਲੋਕੀਂ,
ਜੋ ਪਹੀਆ ਵਕਤ 'ਤੇ ਇਤਿਹਾਸ ਦਾ ਪੁੱਠਾ ਘੁੰਮਾ ਦਿੰਦੇ।



# ਕਸ਼ਿਸ਼ ਹੁਸ਼ਿਆਰਪੁਰੀ

ਪੱਥਰ ਨੂੰ ਇਨਸਾਨ ਬਣਾਉਣੇ ਵਾਲਾ ਤੂੰ।
ਦੁਨੀਆ-ਭਰ ਨੂੰ ਰਿਜ਼ਕ ਖੁਆਉਣੇ ਵਾਲਾ ਤੂੰ।

ਬੇ-ਮਕਸਦ ਮੈਂ ਭਟਕ ਰਿਹਾ ਸੀ ਰਾਹਾਂ ਵਿਚ,
ਮੈਨੂੰ ਮੰਜ਼ਲ 'ਤੇ ਪਹੁੰਚਾਉਣੇ ਵਾਲਾ ਤੂੰ।

ਮੇਰੀ ਰੂਹ ਦੇ ਸੁੱਕੇ ਬੰਜਰ ਖੇਤਾਂ ਦੀ,
ਹਰ ਮੌਸਮ ਵਿਚ ਪਿਆਸ ਬੁਝਾਉਣੇ ਵਾਲਾ ਤੂੰ।

ਦੁਨੀਆ ਤਾਂ ਮੁਹਤਾਜ ਹੈ ਤੇਰੀ ਰਹਿਮਤ ਦੀ,
ਸੱਤੇ ਹੀ ਅਸਮਾਨ ਬਣਾਉਣੇ ਵਾਲਾ ਤੂੰ।

ਤੂੰ ਤਾਂ ਮੈਨੂੰ ਹਰ ਇਕ ਨਿਆਮਤ ਬਖ਼ਸ਼ੀ ਹੈ,
ਮੈਨੂੰ ਹੱਸਣ ਅਤੇ ਰੁਆਉਣੇ ਵਾਲਾ ਤੂੰ।

ਦੁਨੀਆ ਤਾਂ ਅਹਿਸਾਨ ਜਤਾਉਣੇ ਵਾਲੀ ਹੈ,
ਹਰ ਮੁਸ਼ਕਿਲ ਵਿਚ ਸਾਥ ਨਿਭਾਉਣੇ ਵਾਲਾ ਤੂੰ।

ਦੁਨੀਆ ਵਾਲੇ 'ਕਸ਼ਿਸ਼' ਨੂੰ ਸ਼ਾਇਰ ਕਹਿੰਦੇ ਨੇ,
ਜਦ ਕਿ ਹਰ ਇਕ ਸ਼ਿਅਰ ਲਿਖਾਉਣੇ ਵਾਲਾ ਤੂੰ।

## 2.

ਚੀਜ਼ ਵੀ ਕੀ ਖ਼ੁਦਦਾਰੀ ਏ।
ਇਕ ਤਬੱਸੁਮ ਭਾਰੀ ਏ।

ਲਫ਼ਜ਼ਾਂ ਦੇ ਸਹਿਰਾਵਾਂ ਵਿਚ,
ਆਪਾਂ ਉਮਰ ਗੁਜ਼ਾਰੀ ਏ।

ਸੱਚ ਕਹਿਣੇ ਤੋਂ ਡਰਦੇ ਹੋ,
ਆਖ਼ਰ ਕੀ ਦੁਸ਼ਵਾਰੀ ਏ?

ਅਮਨ ਦੇ ਨਾਅਰੇ ਲਗਦੇ ਹਨ,
ਖ਼ੂਨ ਦਾ ਵਹਿਣਾ ਜਾਰੀ ਏ।

ਮੈਂ ਤਾਂ ਪਾਸਾ ਸੁੱਟ ਦਿੱਤਾ,
ਹੁਣ ਦੁਨੀਆ ਦੀ ਵਾਰੀ ਏ।

ਕੱਲ੍ਹ ਕਰਾਂਗਾ ਦਿਲ ਦੀ ਗੱਲ,
ਅੱਜ ਜ਼ਰਾ ਬੇਜ਼ਾਰੀ ਏ।

ਇਸ ਦੁਨੀਆ ਵਿਚ ਜੀਉਣਾ ਵੀ,
ਇਕ ਵੱਡੀ ਫ਼ਨਕਾਰੀ ਏ।

ਉਸ ਨੂੰ ਪਾਕੇ ਖੋਹ ਬੈਠਾਂ,
ਜਿੱਤ ਕੇ ਬਾਜ਼ੀ ਹਾਰੀ ਏ।

ਤੇਰਾ ਜੀਉਣਾ, ਜੀਉਣਾ ਏਂ,
ਆਪਾਂ ਉਮਰ ਗੁਜ਼ਾਰੀ ਏ।

ਮੈਂ ਇਹ ਤੋਲ ਕੇ ਦੇਖ ਲਿਆ,
ਦੁਨੀਆ ਡਾਢੀ ਭਾਰੀ ਏ।

ਇਸ ਦੁਨੀਆ ਦੇ ਨਾਲ 'ਕਸ਼ਿਸ਼',
ਚਾਰ ਦਿਨਾਂ ਦੀ ਯਾਰੀ ਏ।



## 3.

ਜਜ਼ਬੇ ਜਦ ਆਜ਼ਾਦ ਹੋਣਗੇ।
ਮੁਫ਼ਲਿਸ[1] ਤਦ ਆਬਾਦ ਹੋਣਗੇ।

ਮੇਰੀ ਵਫ਼ਾ ਦੇ ਕਿੱਸੇ ਸੁਣ-ਸੁਣ,
ਉਹ ਸ਼ਾਇਦ ਨਾਸ਼ਾਦ ਹੋਣਗੇ।

ਬੱਦਲਾਂ ਦੇ ਜਦ ਕਿਰਨਗੇ ਹੰਝੂ,
ਜੰਗਲ-ਸਹਿਰਾ ਸ਼ਾਦ[2] ਹੋਣਗੇ।

ਪਿਛਲੀ ਰੁੱਤ ਦੇ ਤਲਖ਼ ਤਜਰਬੇ,
ਸ਼ਾਇਦ ਤੈਨੂੰ ਯਾਦ ਹੋਣਗੇ।

ਇਲਮ ਨਹੀਂ ਸੀ ਇਸ਼ਕ ਨੂੰ ਖ਼ੁਦ ਵੀ,
ਏਨੇ ਘਰ ਬਰਬਾਦ ਹੋਣਗੇ।

ਹਿਰਸ-ਹਵਸ ਜੇ ਏਦਾਂ ਵਧਿਆ,
ਘਰ-ਘਰ ਵਿਚ ਸ਼ੱਦਾਦ[3] ਹੋਣਗੇ।

ਕਤਲ ਨਾ ਰੁਕਿਆ ਬਾਗ਼ਾਂ ਦਾ ਜੇ,
ਮੁਸ਼ਕਲ ਵਿਚ ਸੱਯਾਦ[4] ਹੋਣਗੇ।

ਵਾਰਿਸ-ਮੁਕਬਲ ਵਰਗੇ ਸ਼ਾਇਰ,
ਸ਼ਾਇਦ ਸਦੀਆਂ ਬਾਦ ਹੋਣਗੇ।

ਇਸ਼ਕ ਯਕੀਨਾਂ ਦਾ ਸੌਦਾ ਏ,
ਇਸ ਦੇ ਕੀ ਅਸਨਾਦ[5] ਹੋਣਗੇ।

ਦਾਦ 'ਕਸ਼ਿਸ਼' ਨੂੰ ਦੇਣਗੇ ਉਹ ਹੀ,
ਫ਼ਨ ਦੇ ਜੋ ਉਸਤਾਦ ਹੋਣਗੇ।

---

1. ਗ਼ਰੀਬ 2.ਖੁਸ਼ੀ 3.ਇਕ ਪ੍ਰਾਚੀਨ ਸ਼ਾਸਕ ਜਿਸਨੇ ਜ਼ਮੀਨ 'ਤੇ ਜੰਨਤ ਬਣਵਾਈ ਸੀ 4. ਬੁਲਬਲਾਂ ਦਾ ਸ਼ਿਕਾਰੀ 5. ਸਬੂਤ।



## 4

ਵਿਕਦੇ ਰੰਗ-ਬਰੰਗੇ ਪੱਥਰ।
ਰੁਲ਼ਦੇ ਨੇ ਬੇ-ਢੰਗੇ ਪੱਥਰ।

ਮੰਦਰਾਂ ਵਿਚ ਭਗਵਾਨ ਬਣੇ ਨੇ,
ਸਾਡੇ ਨਾਲੋਂ ਚੰਗੇ ਪੱਥਰ।

ਸਦੀਆਂ ਤੋਂ ਇਹ ਰਲ਼ ਕੇ ਰਹਿੰਦੇ,
ਕਦੇ ਨਾ ਕਰਦੇ ਦੰਗੇ ਪੱਥਰ।

ਰੱਬਾ! ਤੇਰੇ ਰੰਗ ਨਿਰਾਲੇ,
ਅੰਬਰੀਂ ਵੀ ਜਾ ਟੰਗੇ ਪੱਥਰ।

ਬਰਫ਼ਾਂ ਨੇ ਤਨ ਢੱਕੇ ਫਿਰ ਵੀ,
ਅਜੇ ਬੜੇ ਨੇ ਨੰਗੇ ਪੱਥਰ।

ਮੈਥੋਂ ਦੇਖ ਨਾ ਹੁੰਦੇ ਅਕਸਰ,
ਲਹੂਆਂ ਦੇ ਵਿਚ ਰੰਗੇ ਪੱਥਰ।

ਰੰਗ ਇਨ੍ਹਾਂ ਦੇ ਨੀਲੇ ਹੋਏ,
ਕਿਸ ਨਾਗਿਨ ਨੇ ਡੰਗੇ ਪੱਥਰ?

ਸਾਰੇ ਫੁੱਲਾਂ ਦੇ ਸ਼ੈਦਾਈ,
ਕਿਹੜਾ ਰੱਬ ਤੋਂ ਮੰਗੇ ਪੱਥਰ।

ਦੇਖ 'ਕਸ਼ਿਸ਼' ਫੁੱਲਾਂ ਦੀ ਨਰਮੀ,
ਅਪਣੇ-ਆਪ ਤੋਂ ਸੰਗੇ ਪੱਥਰ।

## 5

ਕਦੇ ਸੀ ਇਕ ਸਮੁੰਦਰ ਮੈਂ।
ਹੁਣ ਸਹਿਰਾ ਦਾ ਮੰਜ਼ਰ ਮੈਂ।

ਅੰਨੀ ਗ਼ਾਰ ਹੈ ਜ਼ਾਤ ਮੇਰੀ,
ਝਾਕਾਂ ਕਿੱਦਾਂ ਅੰਦਰ ਮੈਂ?

ਆਪਣਿਆਂ ਤੋਂ ਹਾਰ ਗਿਆ,
ਬਣਿਆ ਫਿਰਾਂ ਸਿਕੰਦਰ ਮੈਂ।

ਦੁਨੀਆ ਨਾਲ ਕੀ ਮੇਰਾ ਜੋੜ,
ਉਹ ਪੱਥਰ ਨਗ਼ਮਾਗਰ ਮੈਂ।

ਜੋ ਦੁਨੀਆ ਨੂੰ ਕੀਲ ਲਵੇ,
ਸਿੱਖ ਗਿਆ ਉਹ ਮੰਤਰ ਮੈਂ।

ਤੂੰ ਸ਼ਹਿਜ਼ਾਦੀ ਲੇਖਾਂ ਦੀ,
ਰੁੱਸਿਆ ਹੋਇਆ ਮੁਕੱਦਰ ਮੈਂ।

ਅਪਣਾ ਦਾਮਨ ਸਾਂਭ 'ਕਸ਼ਿਸ਼',
ਖ਼ੂਨ 'ਚ ਡੁੱਬਿਆ ਖ਼ੰਜਰ ਮੈਂ।



## ਐੱਸ. ਡੀ. ਕ੍ਰਿਸ਼ਨਾ 'ਰਾਓ'

ਸਦਕੇ ਸਿਦਕ ਜਵਾਨਾਂ ਦੇ।
ਮੋੜਨ ਮੁੱਖ ਤੂਫ਼ਾਨਾਂ ਦੇ।

ਅੱਜ ਕੱਲ੍ਹ ਦੇ ਇਨਸਾਨਾਂ ਦੇ।
ਕਾਰੇ ਸਭ ਹੈਵਾਨਾਂ ਦੇ।

ਸ਼ਾਮ ਢਲੇ ਹੋ ਜਾਂਦੇ ਹਨ,
ਬੂਹੇ ਬੰਦ ਮਕਾਨਾਂ ਦੇ।

ਮੇਰੇ ਘਰ ਆ ਕੇ ਉਤਰਨ,
ਰੰਗ ਮੇਰੇ ਮਹਿਮਾਨਾਂ ਦੇ।

ਸਾਡਾ ਵਿਰਸਾ-ਬੋਲੀ-ਆਬ,
ਭੇਟ ਚੜ੍ਹੇ ਸ਼ੈਤਾਨਾਂ ਦੇ।

ਕਿਹੜਾ ਚੇਤੇ ਰੱਖੇ 'ਰਾਓ',
ਐਨੇ ਨਾਂ ਭਗਵਾਨਾਂ ਦੇ।

## ਹਰਮੀਤ ਸਿੰਘ ਅਟਵਾਲ

ਯਾਦ ਤੇਰੀ ਜਦ ਆ ਜਾਂਦੀ ਹੈ ਖਿੱਚ ਪੈਂਦੀ ਵਿੱਚ ਸੀਨੇ।
ਮਨੋਖ਼ਿਆਲ ਫਿਰ ਇਉਂ ਉਡਦੇ ਜਿਉਂ ਉਡਣ ਕਬੂਤਰ ਚੀਨੇ।

ਉਬਲੇ ਤੱਤੇ ਪਾਣੀ ਵਾਂਗਰ ਸੇਕ ਜਿਹਾ ਦਿਲ 'ਚੋਂ ਆਵੇ,
ਬਿਨ ਮਿਲ਼ਿਆਂ ਹੀ ਲੰਘ ਜਾਂਦੇ ਨੇ ਕਈ-ਕਈ ਜਦੋਂ ਮਹੀਨੇ।

ਉਸਦਾ ਬੁਰਾ ਵਿਛੋੜਾ ਦਿਲ ਨੂੰ ਖ਼ੋਰਾ ਲਾਈ ਜਾਵੇ,
ਅੰਤਿਮ ਇੱਛਾ ਵੀ ਨਾ ਪੁੱਛੇ ਕਾਤਿਲ ਵਾਂਗ ਕਮੀਨੇ।

ਵਿੱਚ ਵਿਯੋਗ ਦੇ ਭੁੱਜਦੇ ਰਹੀਏ ਜਿਉਂ ਕੋਈ ਭੁੰਨਦੀ ਦਾਣੇ,
ਤੀਰ ਦੇ ਵਿੰਨ੍ਹੇ ਪੰਛੀ ਵਾਂਗਰ ਜਾਈਏ ਡਿਗ ਜ਼ਮੀਨੇ।

ਸਾਦੇ ਬਸਤਰ ਸੋਹਣੀ ਸੂਰਤ ਨਾਲ ਹੀ ਲੈ ਗਿਆ ਦਿਲ ਨੂੰ,
ਖ਼ਾਲੀ ਰਹਿ ਵਹਿ ਵਹਿਣ ਹਿਜਰ ਦੇ ਛੁੱਟਦੇ ਜਾਣ ਪਸੀਨੇ।

ਸਾਰੀ ਕੁਦਰਤ ਸਾਰੀ ਖ਼ਲਕਤ ਬੇਅਰਥੀ ਹੀ ਲਗਦੀ,
ਰੂਹ ਕੁਰਲਾਉਂਦੀ ਔਂਸੀਆਂ ਪਾਉਂਦੀ ਕੀ ਕਰਨੇ ਪਸ਼ਮੀਨੇ।

ਹਰ ਰੁੱਤ ਚੰਗੀ ਹਰ ਮਾਹ ਚੰਗਾ ਜੇ ਸੱਜਣ ਸੰਗ ਰਹੀਏ,
ਦਿਲਬਰ ਬਾਝੋਂ ਕਿਸ ਕੰਮ ਨੇ ਇਹ ਰੁੱਤਾਂ ਅਤੇ ਮਹੀਨੇ।





ਇਸ਼ਕ-ਪ੍ਰੀਤ-ਪ੍ਰੇਮ-ਮੁਹੱਬਤ ਸਾਰੀ ਦੁਨੀਆ ਕਰਦੀ।
ਨਾ ਉਹ ਪ੍ਰੀਤ 'ਤੇ ਨਾ ਉਹ ਪ੍ਰੇਮੀ ਨਾ ਕੋਈ ਸਿਰਦਰਦੀ।

ਤੂੰ ਮੇਰੀ ਮੈਂ ਤੇਰਾ ਐਵੇਂ ਕਹਿਣ ਦੀਆਂ ਹੀ ਗੱਲਾਂ,
ਨਾ ਕੋਈ ਕਿਸੇ 'ਤੇ ਮਰਦਾ 'ਤੇ ਨਾ ਕੋਈ ਕਿਸੇ 'ਤੇ ਮਰਦੀ।

ਯਾਰ ਦੀ ਖ਼ਾਤਰ ਮਰ-ਮਿਟ ਜਾਣਾ ਬੀਤ ਗਏ ਦੀਆਂ ਗੱਲਾਂ,
ਯਾਰ ਬਿਨਾਂ ਜਿੰਦ ਜੀ ਲੈਂਦੀ ਨਾ ਹਿਜਰ 'ਚ ਹਉਕੇ ਭਰਦੀ।

ਟੱਪ ਨਾ ਹੁੰਦੀ ਨਾਲ਼ੀ ਹੁਣ ਤਾਂ ਕੀ ਦਰਿਆ ਹਨ ਟੱਪਣੇ?
ਕੋਈ ਜਿੰਦ ਵੀ ਪ੍ਰੀਤ-ਛੱਲਾਂ ਵਿਚ ਨਾ ਡੁੱਬਦੀ ਨਾ ਤਰਦੀ।

ਪਹਿਲੀ ਨਜ਼ਰੇ ਪਿਆਰ ਨਾ ਹੁੰਦਾ, ਹੁੰਦੇ ਯਤਨ ਹਜ਼ਾਰਾਂ,
ਦਿਲ-ਮੌਸਮ ਵਿਚ ਫ਼ਰਕ ਨਾ ਪੈਂਦਾ ਨਾ ਗਰਮੀ ਨਾ ਸਰਦੀ।

ਪਿਛਲੇ ਪ੍ਰੇਮੀ ਵਸਲ ਪਲਾਂ ਵਿਚ ਨਿੱਘ ਪਿਆਰ ਦਾ ਲੈਂਦੇ,
ਨਾ ਉਹ ਮੇਲ 'ਤੇ ਨਾ ਉਹ ਬਿਰਹਾ ਜਿੰਦੜੀ ਰਹਿੰਦੀ ਠਰਦੀ।

ਕੀ ਲੈਣਾ ਕੀ ਦੇਣਾ ਸੱਜਣੋ! ਬਸ! ਕੁਝ ਮੋਹ ਦੀਆਂ ਤੰਦਾਂ,
ਇਹ ਮੋਹ-ਤੰਦਾਂ ਕਦੇ ਨਾ ਤਿੜਕਣ ਜੇ ਛੱਡੀਏ ਖ਼ੁਦਗਰਜ਼ੀ।

## ਸੁਖਦੇਵ ਨਡਾਲੋਂ

ਮੈਨੂੰ ਮੰਜ਼ਿਲ ਤੀਕ ਪੁਚਾਓ।
ਸ਼ਬਦੋ! ਮੇਰਾ ਸਾਥ ਨਿਭਾਓ।

ਸਿਰ 'ਚੋਂ ਸ਼ੋਰ-ਸ਼ਰਾਬਾ ਕੱਢੋ,
ਸੁੰਨ-ਸਮਾਧੀ ਵਿਚ ਵੀ ਆਓ।

ਕੀ ਇਸ ਦਾ ਹੀ ਨਾਂ ਹੈ ਜੀਵਨ?
ਕਿਸ਼ਤਾਂ ਦੇ ਵਿਚ ਮਰਦੇ ਜਾਓ।

ਹਰ ਪੱਤੇ 'ਤੇ ਦਰਦ ਵਿਛੋੜਾ,
ਜਿੱਧਰ ਮਰਜ਼ੀ ਨਜ਼ਰ ਘੁਮਾਓ।

ਪਰਵਾਨੇ ਦਾ ਇਸ਼ਕ ਸਲਾਮਤ,
ਲਾਟ ਜਿਹੀ ਕੋਈ ਗੱਲ ਚਲਾਓ।

ਚਾਲ ਮਿਰੀ ਹੈ ਉਲਟੀ ਗੰਗਾ,
ਬਸ! ਮੈਨੂੰ ਕੁਝ ਨਾ ਸਮਝਾਓ।



### 2

ਤੇਰੇ ਦਰ ਤੋਂ ਠੋਕਰ ਖਾ ਕੇ।
ਖ਼ੁਸ਼ ਹਾਂ ਕੁਝ ਨਾ ਕੁਝ ਤਾਂ ਪਾ ਕੇ।

ਮੈਂ ਤਾਂ ਸਾਂ ਇਕ ਸੁਪਨ-ਸੁਨਹਿਰਾ,
ਤੂੰ ਹੀ ਤੱਕਿਆ ਨਾ ਮਟਕਾ ਕੇ।

ਜੀਅ ਚਾਹੇ ਹਲਕਾ ਹੋ ਜਾਵਾਂ,
ਅਪਣੇ ਹੀ ਆਪੇ ਵਿਚ ਨ੍ਹਾ ਕੇ।

ਮਸਤੀ ਦੇ ਇਕ ਪਲ ਦੀ ਖ਼ਾਤਰ,
ਬੈਠਾਂ ਸੀਨੇ ਅੱਗ ਲਗਾ ਕੇ।

ਰਾਤੀਂ ਮੈਂ ਜੀਅ ਭਰ ਕੇ ਰੋਇਆ,
ਅੱਥਰੂਆਂ ਦੇ ਦੀਪ ਬੁਝਾ ਕੇ।

ਦੇਖ! ਤੇਰੇ ਲਈ ਕੀ ਬਣ ਆਇਆ,
ਇਕ ਮਨ ਮੌਜੀ ਮੌਜ 'ਚ ਆ ਕੇ।

## 3

ਖ਼ੌਰੇ ਕਿਸ ਸਿਰਨਾਵਾਂ ਪਾਇਆ ?
ਦੁੱਖ ਲਿਫ਼ਾਫ਼ੇ ਭਰ ਕੇ ਆਇਆ।

ਮੈਂ ਉਹ ਗੀਤ ਖ਼ੁਸ਼ੀ ਦਾ ਜਿਸਨੂੰ,
ਵਕਤ ਉਦਾਸ ਸੁਰਾਂ 'ਤੇ ਗਾਇਆ।

ਜਾਣ ਤੇਰੇ ਦਾ ਕੋਈ ਨਾ ਸ਼ਿਕਵਾ,
ਅਪਣਾ ਤਾਂ ਹਰ ਸਾਹ ਪਰਾਇਆ।

ਚਾਨਣ ਵਿਚ ਸਭ ਨੇੜੇ ਢੁੱਕਣ,
ਨੇਰ੍ਹੇ ਸਾਥ ਨਾ ਦਿੰਦਾ ਸਾਇਆ।

ਸ਼ਹਿਰ ਤੇਰੇ ਵਿਚ ਸਮਝ ਕੇ ਸੂਰਜ,
ਉਡਦੇ ਜੁਗਨੂੰ ਨੂੰ ਹੱਥ ਪਾਇਆ।



## 4

ਮਾਰੂਥਲ ਦੀ ਪਿਆਸ ਜਿਹਾ ਹੈ।
ਜੀਵਨ ਇਕ ਬਣਵਾਸ ਜਿਹਾ ਹੈ।

ਉਂਝ ਤਾ ਘਰੋਂ ਉਦਾਸ ਜਿਹਾ ਹੈ।
ਖ਼ੁਸ਼ ਹਾਂ ਤਾਂ ਇਹ ਆਸ ਜਿਹਾ ਹੈ।

ਮਾਣ ਕਰਾਂ ਮੈਂ ਕਿਸ ਸ਼ੈਅ ਉੱਤੇ ?
ਸਭ ਕੁਝ ਤਾਂ ਪਰਵਾਸ ਜਿਹਾ ਹੈ।

ਯਾਦ ਤੇਰੀ ਦਾ ਹਾਜ਼ਰ ਹੋਣਾ,
ਹੋਣੇ ਦੇ ਅਹਿਸਾਸ ਜਿਹਾ ਹੈ।

ਰੂਹ ਦੇ ਘੋਰ ਹਨੇਰੇ ਅੰਦਰ,
ਚਾਨਣ ਇਕ ਵਿਸ਼ਵਾਸ ਜਿਹਾ ਹੈ।

## ਸਾਂਵਲ ਧਾਮੀ

ਚਿਹਰਿਆਂ ਦਾ ਕੀ ਏ ਚਿਹਰੇ, ਹਰ ਜਗ੍ਹਾ ਮਿਲ ਜਾਣਗੇ।
ਤੂੰ ਨਹੀਂ ਮਿਲਣਾ ਕਿਤੋਂ ਵੀ ਸੌ ਖ਼ੁਦਾ ਮਿਲ ਜਾਣਗੇ।

ਜ਼ਿੰਦਗੀ ਬਣਕੇ ਜੋ ਵਿਛੜੇ, ਉਹ ਕਿਤੋਂ ਮਿਲਦਾ ਨਹੀਂ,
ਹਾਦਸੇ ਤਾਂ ਹਾਦਸੇ ਨੇ ਹਰ ਜਗ੍ਹਾ ਮਿਲ ਜਾਣਗੇ।

ਪਿੰਡ ਤੋਂ ਲੈ ਕੇ ਨਗਰ ਤਕ, ਕੁੱਖ ਤੋਂ ਲੈ ਕੇ ਕਬਰ ਤਕ,
ਮੇਰੀ ਬਰਬਾਦੀ ਦੇ ਕਿੰਨੇ ਹੀ ਗਵਾਹ ਮਿਲ ਜਾਣਗੇ।

ਉਸ ਦਾ ਖ਼ਤ ਦਰਿਆ ਜਿਹਾ,ਹਰ ਇਕ ਸਤਰ ਇਕ ਲਹਿਰ ਹੈ,
ਇਸ ਦੀ ਹਰ ਇਕ ਬੂੰਦ 'ਚੋਂ ਸੌ ਕਰਬਲਾ ਮਿਲ ਜਾਣਗੇ।

ਪਰਤਣੇ ਨੂੰ ਕੋਲ ਤੇਰੇ ਪੈਰ ਵੀ ਬਚਣੇ ਨਹੀਂ,
ਉਸ ਦੇ ਘਰ ਤੱਕ ਜਾਣ ਨੂੰ ਸੈਆਂ ਹੀ ਰਾਹ ਮਿਲ ਜਾਣਗੇ।

ਢੂੰਡਿਆਂ ਮਿਲਣੇ ਨਹੀਂ ਘਰ ਪਰਤ ਆ , ਦੀਵੇ ਜਗਾ,
ਰਹਿਮ ਸੱਜਣ ਕਰਨਗੇ ਹੋ ਕੇ ਹਵਾ ਮਿਲ ਜਾਣਗੇ ।

ਖ਼ਾਕ ਹੋ ਕੇ ਉਡ ਗਏ ਜੋ ਹੋ ਕੇ ਮਿੱਟੀ ਰੁੜ੍ਹ ਗਏ,
ਜੋ ਜਹਾਂ ਤੋਂ ਮੁੜ ਗਏ 'ਸਾਂਵਲ' ਕਿਵੇਂ ਮਿਲ ਜਾਣਗੇ ?



2

ਦਿਲ 'ਚ ਵੱਸਦਾ ਸ਼ਖ਼ਸ ਹੀ ਜਦ ਅਜਨਬੀ ਹੋ ਜਾਏਗਾ।
ਮੁਸਕਰਾਉਣਾ ਮੌਤ ਤੀਕਰ ਮੁਲਤਵੀ ਹੋ ਜਾਏਗਾ।

ਉਸਦਿਆਂ ਹੱਕਾਂ 'ਚ ਤੱਕ ਕੇ ਫੁੱਲ ਜਾਂ ਬਲ਼ਦਾ ਚਿਰਾਗ,
ਮਿਟ ਹੀ ਜਾਏਗਾ ਕੋਈ ਬੱਸ! ਕਬਰ ਹੀ ਹੋ ਜਾਏਗਾ।

ਇਉਂ ਹੀ ਜੇ ਚਲਦੀ ਰਹੀ ਵਿਕਣੇ-ਵਿਕਾਉਣੇ ਦੀ ਲੜੀ,
ਹਰਿਕ ਮੱਥੇ ਮੁੱਲ ਖੁਣਨਾ ਲਾਜ਼ਮੀ ਹੋ ਜਾਏਗਾ।

ਪਿੰਡ ਦੀ ਜੂਹ ਤੋਂ ਤੁਰੇਗਾ ਸ਼ਹਿਰ ਦੇ ਥਾਣੇ ਨੂੰ ਜਦ,
ਕਤਲ ਤੇਰਾ ਖ਼ੁਦਕੁਸ਼ੀ ਜਾਂ ਹਾਦਸਾ ਹੋ ਜਾਏਗਾ।

ਜਿਸਦੇ ਸਿਰ ਸੀ ਤਾਜ ਰੱਖਿਆ ਇਕ ਮਸੀਹਾ ਜਾਣ ਕੇ,
ਕੀ ਪਤਾ ਸੀ ਜਾ ਕੇ ਦਿੱਲੀ ਗ਼ਜ਼ਨਵੀ ਹੋ ਜਾਏਗਾ।

## 3

ਕਬਰਾਂ ਕੁਰੇਦਦੀ ਏ, ਮੜ੍ਹੀਆਂ ਨੂੰ ਫੋਲਦੀ ਏ।
ਪਾਗ਼ਲ ਏ ਜ਼ਿੰਦਗਾਨੀ, ਮੋਇਆਂ ਨੂੰ ਟੋਲ੍ਹਦੀ ਏ।

ਬਿਰਖਾਂ ਤੋਂ ਝਾੜ ਕੇ ਵੀ, ਹੋਈ ਜੋ ਰੂਹ ਨਾ ਰਾਜ਼ੀ,
ਪੱਤਿਆਂ ਨੂੰ ਪੌਣ ਤਾਂ ਹੀ, ਮਿੱਟੀ 'ਚ ਰੋਲ਼ਦੀ ਏ।

ਐਵੇਂ ਮੁਹੱਬਤਾਂ ਦਾ ਨਾ ਭਰਮ ਪਾਲ ਐ ਦਿਲ !
ਉਹ ਤਾਂ ਹਵਾ ਦੀ ਖ਼ਾਤਰ, ਖਿੜਕੀ ਨੂੰ ਖੋਲ੍ਹਦੀ ਏ।

ਜਿੰਦਾਂ ਨੂੰ ਹੋਣੀਆਂ ਨੇ, ਆਟੇ ਦੇ ਵਾਂਗ ਗੁੰਨਿਆਂ,
ਸਿਵਿਆਂ ਦੀ ਅੱਗ ਘਰ-ਘਰ, ਚੁੱਲ੍ਹੇ ਫਰੋਲਦੀ ਏ।

ਤੈਨੂੰ ਮਿਲੇ ਜੇ ਕਿਧਰੇ, ਪੁੱਛੀਂ ਤੂੰ ਹਾਲ ਉਸਦਾ,
ਮੇਰੇ ਨਾਲ ਜ਼ਿੰਦਗੀ ਹੁਣ, ਘੱਟ-ਵੱਧ ਹੀ ਬੋਲਦੀ ਏ।

ਤੇਰੀ ਗ਼ਜ਼ਲ ਤੋਂ ਸੁੱਚੀ, 'ਸਾਂਵਲ' ਏ ਚੁੱਪ ਉਸਦੀ,
ਹਰਫ਼ਾ ਜਹੇ ਜੋ ਹੰਝੂ, ਕਾਗ਼ਜ਼ 'ਤੇ ਡੋਲ੍ਹਦੀ ਏ।



## 4

ਜੇ ਇਉਂ ਖ਼ਾਬਾਂ 'ਚ ਆ ਕੇ ਵਿਲਕਣਾ ਸੀ।
ਤੂੰ ਮੈਨੂੰ ਅਲਵਿਦਾ ਕਿਉਂ ਆਖਣਾ ਸੀ?

ਉਹ ਡੁੱਬ ਗਈਆਂ ਨੇ ਚੰਦ ਕੁ ਹੰਝੂਆਂ ਵਿਚ,
ਜਿਨ੍ਹਾਂ ਅੱਖਾਂ ਨੇ ਦਰਿਆ ਡੋਬਣਾ ਸੀ।

ਹਵਾ ਹੀ ਮੋੜ ਕੇ ਲੈ ਆਈ ਘਰ ਨੂੰ,
ਮੈਂ ਹਾਲੇ ਹੋਰ ਕੁਝ ਦਿਨ ਭਟਕਣਾ ਸੀ।

ਬਿਨਾਂ ਦਸਤਕ ਉਹ ਮੇਰੇ ਰੂ-ਬ-ਰੂ ਏ,
ਬੁਰੀ ਹੋਈ ਮੈਂ ਚਿਹਰਾ ਬਦਲਣਾ ਸੀ।

ਮੇਰੇ ਹੱਥ ਮੂਰਤਾਂ ਜੇ ਨਾ ਬਣਾਉਂਦੇ,
ਤੇਰੀ ਮਿੱਟੀ ਨੂੰ ਰੱਬ ਕਿਸ ਆਖਣਾ ਸੀ ?

ਮੇਰੇ ਨੈਣਾ ਦੇ ਪਥਰਾ ਜਾਣ ਪਿੱਛੋਂ,
ਤੇਰੇ ਚਿਹਰੇ ਤੋਂ ਪਰਦਾ ਸਰਕਣਾ ਸੀ।

ਜੇ ਤੂੰ ਹੁੰਦਾ ਤੇਰੇ ਸਾਹਵਾਂ 'ਚ 'ਸਾਂਵਲ'!
ਕਿਸੇ ਨੇ ਸਿਸਕੀਆਂ ਹੋ ਮਹਿਕਣਾ ਸੀ।

## 5

ਸਿਖਰ-ਦੁਪਹਿਰੇ ਅਸਲਮ ਸੁੱਤਾ ਕਬਰਾਂ ਦੇ ਵਿਚਕਾਰ।
ਲੈ ਚਿਹਰੇ 'ਤੇ ਲਹੂ 'ਚ ਭਿੱਜਾ ਉਰਦੂ ਦਾ ਅਖ਼ਬਾਰ।

ਚੋਗ-ਚਿਰਾਗ਼ਾਂ ਦਾ ਜਦ ਚੁਗਦੀ ਰੋਵੇ ਧਾਹਾਂ ਮਾਰ।
ਲੀਕੋਂ ਪਾਰ ਗਈ ਨਾ ਉਡ ਕੇ ਜੋ ਕਬਰਾਂ ਦੀ ਡਾਰ।

ਤੇਰੇ ਮੁੱਢ ਸੀ ਸੱਪ ਦੀ ਵਰਮੀ ਮੇਰੇ ਮੁੱਢ ਹਥਿਆਰ।
ਤੂੰ ਕੰਡਿਆਲੀ ਥੋਹਰ ਸੀ ਬਣਿਆ ਮੈਂ ਕੰਡਿਆਲੀ ਤਾਰ।

ਮਸਜਿਦ, ਖੋਲ਼ਾ , ਤਕੀਆ, ਠੀਕਰ ਉੱਜੜੇ ਨੇ ਘਰ-ਬਾਰ।
ਤੈਨੂੰ ਸੌਂਹ ਅੱਲਾ ਦੀ ਸਾਂਭੀਂ ਗੁਰੂਆਂ ਦੇ ਦਰਬਾਰ।

ਮੈਂ ਕਾਫ਼ਰ, ਮੈਂ ਸੜ੍ਹ-ਬਲ਼ ਜਾਣਾ ਪਰ ਐ ਮੋਮਨ ਯਾਰ!
ਰੋਜ਼-ਏ-ਹਸ਼ਰ ਨੂੰ ਕਬਰੋਂ ਉੱਠ ਕੇ ਯਾਦ ਕਰੀਂ ਇਕ ਵਾਰ।



## ਅਮਰੀਕ 'ਹਮਰਾਜ਼'

ਤੁਸੀਂ ਤੁਰੇ ਧੋਖੇਬਾਜ਼ਾਂ ਦੇ ਕਬੀਲਿਆਂ ਦੇ ਨਾਲ।
ਅਸੀਂ ਲੁੱਟਣੇ ਤੋਂ ਬਚੇ ਬੜੇ ਹੀਲਿਆਂ ਦੇ ਨਾਲ।

ਬੀਨ ਇਸ਼ਕੇ ਦੀ ਮਾਰੂ ਰਾਗ ਛੇੜਦੀ ਰਹੀ,
ਸਦਾ ਖੇਡੇ ਅਸੀਂ ਨਾਗਾਂ ਜ਼ਹਿਰੀਲਿਆਂ ਦੇ ਨਾਲ।

ਸਾਡੇ ਵਿਹੜੇ ਆਵੇਂ ਅੱਗ ਦਾ ਤੂੰ ਰੂਪ ਧਾਰ ਕੇ ਹੀ,
ਅਸੀਂ ਆਲ੍ਹਣਾ ਬਣਾਇਆ ਸੁੱਕੇ ਤੀਲਿਆਂ ਦੇ ਨਾਲ।

ਲਾਹ ਕੇ ਮੁੱਖੜੇ ਤੋਂ ਚੁੰਨੀ ਕਰੇ ਬਰਫ਼ਾਂ ਨੂੰ ਪਾਣੀ,
ਅੱਗ ਖੇਡਦੀ ਪਹਾੜਾਂ ਬਰਫ਼ੀਲਿਆਂ ਦੇ ਨਾਲ।

ਪੋਲੇ-ਪੋਲੇ ਪੱਬ ਰੱਖ ਲੰਘ ਜਾਈਂ ਸਿਵੇ ਕੋਲੋਂ,
ਸਾਨੂੰ ਆਈ ਨੀਂਦ ਬੜਿਆਂ ਵਸੀਲਿਆਂ ਦੇ ਨਾਲ।

## ਕੁਲਵਿੰਦਰ 'ਕੁੱਲਾ'

ਕਿਸੇ ਕੋਂਪਲ ਨੂੰ ਵਿਗਸਣ ਦੇ ਸਹੀ ਅਵਸਰ ਨਹੀਂ ਮਿਲਦੇ।
ਤੇਰਾ ਉਪਦੇਸ਼ ਉੱਡਣ ਦਾ ਪਰ ਏਥੇ ਪਰ ਨਹੀਂ ਮਿਲਦੇ।

ਬਹੁਤ ਵਾਰੀ ਸਿੰਘਾਸਨ ਵੱਲ ਮੈਂ ਉੱਚੀ 'ਵਾਜ ਦਿੰਦਾ ਹਾਂ,
ਸਵਾਲ ਉੱਧਰ ਤਾਂ ਪੁੱਜਦੇ ਨੇ ਮਗਰ ਉੱਤਰ ਨਹੀਂ ਮਿਲਦੇ।

ਵਿਖਾ ਛਾਲੇ 'ਤੇ ਅੱਟਣ ਮਾਣ ਦੇ ਵਿਚ ਬੋਲਿਆ ਕਾਮਾ;
ਹਰ ਇਕ ਨੂੰ ਇਸ ਤਰ੍ਹਾਂ ਦੇ ਕੀਮਤੀ ਜ਼ੇਵਰ ਨਹੀਂ ਮਿਲਦੇ।

ਉਹੀ ਸਨ ਕਾਫ਼ਲੇ ਵਿਚ ਅੰਤ ਤੱਕ ਜੋ ਜਾਣਦੇ ਸੀ ਇਹ,
ਸਫ਼ਰ ਵਿਚ ਤੇਹ ਤਾਂ ਮਿਲਦੀ ਹੈ ਮਗਰ ਸਰਵਰ ਨਹੀਂ ਮਿਲਦੇ।

ਸਫ਼ੇ ਉੱਤੇ ਇਨ੍ਹਾਂ ਨੂੰ ਬੇ-ਮੁਹਾਰੇ ਛੱਡ ਨਾ ਐ ਸ਼ਾਇਰ!
ਤੇਰੇ ਸ਼ਬਦਾਂ ਨੂੰ ਅਰਥਾਂ ਦੇ ਅਗਰ ਵਸਤਰ ਨਹੀਂ ਮਿਲਦੇ।



## ਜਸਵੰਤ ਸਿੰਘ 'ਚੰਨ'

ਮੈਂ ਇਕ ਅਰਜ਼ੀ ਭੇਜੀ ਸੀ ਰਚਨਾਵਾਂ ਨਾਲ।
ਉਸ ਨੇ ਉੱਤਰ ਦਿੱਤਾ ਨਾ ਪਰ ਚਾਵਾਂ ਨਾਲ।

ਵਕਤ ਹਨ੍ਹੇਰਾ ਜਿਸ ਵੇਲੇ ਵੀ ਆ ਜਾਂਦਾ,
ਉਸ ਪਲ ਸਾਥ ਨਿਭਾਉਂਦਾ ਨਾ ਪਰਛਾਵਾਂ ਨਾਲ।

ਜੇਕਰ ਮੰਜ਼ਲ ਸੋਚੀ ਸਮਝੀ ਨਾ ਹੋਵੇ,
ਫਿਰ ਤਾਂ ਵਾਹ ਹੀ ਪੈਣਾ ਔਖੇ ਰਾਹਵਾਂ ਨਾਲ।

ਅੱਜ ਕੱਲ੍ਹ ਵੀਜ਼ਾ ਲੈਣਾ ਕੋਈ ਸੌਖਾ ਨਾ,
ਬਾਬਾ ਨਾਨਕ ਹਰ ਥਾਂ ਗਿਆ ਖੜਾਵਾਂ ਨਾਲ।

ਕੀ ਹੋਇਆ ਵਿਗਿਆਨ ਤਰੱਕੀ ਕੀਤੀ ਏ,
ਪਰ ਸਭ ਲੋਕਾਂ ਤੱਕੀ ਦੁਨੀਆ ਮਾਵਾਂ ਨਾਲ।

ਜਿਸ ਨੇ ਸਾਨੂੰ ਲਿਖਣੇ ਦੇ ਵੱਸ ਪਾਇਆ ਏ,
ਉਸ ਨੇ 'ਚੰਨ' ਲੁੱਟਿਆ ਸੀ ਮਸਤ ਅਦਾਵਾਂ ਨਾਲ।

## 2

ਕੋਸ਼ਿਸ਼ ਜਦ ਬੇਕਾਰ ਹੁੰਦੀ ਏ।
ਮਨ ਵਿਚ ਕੁਝ ਤਕਰਾਰ ਹੁੰਦੀ ਏ।

ਮੁਲਕ 'ਚ ਧਰਮਾਂ ਦੀ ਇਹ ਵੰਡੀ,
ਉੱਨਤੀ ਲਈ ਦੀਵਾਰ ਹੁੰਦੀ ਏ।

ਪਹਿਲੀ ਨਜ਼ਰੇ ਦਿਲ ਵਿਚ ਵਸਣਾ,
ਇਹ ਹੋਣੀ ਇਕ ਵਾਰ ਹੁੰਦੀ ਏ।

ਡਿੱਗਦੇ-ਢਹਿੰਦੇ ਮੰਜ਼ਲ ਪਾਉਣੀ,
ਇਹ ਵੀ ਇਕ ਵੰਗਾਰ ਹੁੰਦੀ ਏ।

ਤੋਰ ਨਿਰੰਤਰ ਚੱਲਦੇ ਰਹਿਣਾ,
ਮੋਹਣੀ ਉਹ ਰਫ਼ਤਾਰ ਹੁੰਦੀ ਏ।

ਉਸਦੇ ਬੱਚੇ ਅੱਵਲ ਆਵਣ,
ਮਾਂ ਜਿਹੜੀ ਹੁਸ਼ਿਆਰ ਹੁੰਦੀ ਏ।

'ਚੰਨ' ਜਿਹਨੂੰ ਜਿੱਤ ਕੇ ਵੀ ਹਰਿਆ,
ਇਕ ਉਹ ਵੀ ਸਰਕਾਰ ਹੁੰਦੀ ਏ।



## 3

ਦੁਨੀਆ ਦੇ ਵਿਚ ਰੁੱਤ ਅਨੋਖੀ ਆਈ ਏ।
ਬੇ-ਇਤਫ਼ਾਕੀ ਹਰ ਪਾਸੇ ਹੀ ਛਾਈ ਏ।

ਮਾੜੇ ਬੰਦੇ ਦਾ ਤਾਂ ਕੋਈ ਜੀਵਨ ਨਾ,
ਤਕੜੇ ਦੇ ਜੀਵਨ ਵਿਚ ਹਰ ਸ਼ਹਿਨਾਈ ਏ।

ਪਿਆਰ, ਵਫ਼ਾ 'ਤੇ ਇੱਜ਼ਤ ਇੱਥੇ ਲੱਭੇ ਨਾ,
ਹੁਣ ਤਾਂ ਠੱਗਾਂ-ਚੋਰਾਂ ਦੀ ਸੁਣਵਾਈ ਏ।

ਹਰ ਇਕ ਨੇਤਾ ਚੂਸੇ ਲਹੂ ਗ਼ਰੀਬਾਂ ਦਾ,
ਮਿਹਨਤੀਆਂ ਵਿਚ ਫੈਲੀ ਹੋਈ ਦੁਹਾਈ ਏ।

ਧਰਮਾਂ ਦੇ ਨਾਂ ਉੱਤੇ ਜਿਹੜਾ ਵੀ ਲੜਦਾ,
ਉਹ ਬੰਦਾ ਤਾਂ ਨਿਸਚਿਤ ਹੀ ਸ਼ੌਦਾਈ ਏ।

ਨੇਤਾਵਾਂ ਨੂੰ ਫ਼ਿਕਰ ਨਾ ਕੋਈ ਜਨਤਾ ਦਾ,
ਉਹਨਾਂ ਕੁਰਸੀ ਨੂੰ ਗਲਵੱਕੜੀ ਪਾਈ ਏ।

ਕੰਮ ਸਿੱਖਣ ਤੋਂ ਕੰਨੀ ਸਭ ਕਤਰਾਉਂਦੇ ਹਨ,
ਜਦ ਤੋਂ ਕੰਪਿਊਟਰ ਨੇ ਫੇਰੀ ਪਾਈ ਏ।

'ਚੰਨ' ਦੀ ਯਾਦ ਹੈ ਆਉਂਦੀ ਵਿਚ ਹਨੇਰੇ ਦੇ,
ਜਿਸ ਦੀ ਸਾਰੇ ਪਾਸੇ ਹੀ ਰੁਸ਼ਨਾਈ ਏ।

## ਰਣਜੀਤ 'ਪੋਸੀ'

ਖੰਭਾਂ ਦੀ ਉਹ ਡਾਰ ਬਣਾਈ ਜਾਂਦਾ ਹੈ।
ਨਿੱਕੀ ਜਿੰਨੀ ਗੱਲ ਵਧਾਈ ਜਾਂਦਾ ਹੈ।

ਕੁਝ ਉਹ ਆਪੇ ਕੁਝ ਲੋਕਾਂ ਨੂੰ ਭੜਕਾ ਕੇ,
ਬਲ਼ਦੀ ਉੱਤੇ ਤੇਲ ਉਹ ਪਾਈ ਜਾਂਦਾ ਹੈ।

ਜਿਹੜੇ ਬੋਲ ਦਿਲਾਂ ਨੂੰ ਛਲਣੀ ਕਰਦੇ ਨੇ,
ਉਹਨਾਂ ਦੇ ਉਹ ਤੀਰ ਚਲਾਈ ਜਾਂਦਾ ਹੈ।

ਉਹ ਪੈਰਾਂ ਨੂੰ ਚੁੰਮਦਾ ਵੱਡਿਆਂ-ਵੱਡਿਆਂ ਦੇ,
ਕਮਜ਼ੋਰਾਂ ਨੂੰ ਉਹ ਧਮਕਾਈ ਜਾਂਦਾ ਹੈ।

ਦੂਸਰਿਆਂ ਦੇ ਘਰ ਦੇ ਦੀਵੇ ਗੁੱਲ ਕਰਕੇ,
ਅਪਣੇ ਘਰ ਨੂੰ ਉਹ ਰੁਸ਼ਨਾਈ ਜਾਂਦਾ ਹੈ।

ਲੋਕ ਵਿਚਾਰੇ ਕੀ ਜਾਨਣ ਇਹ ਭੇਤ ਭਲਾ?
ਅੱਗ ਬੁਝਾਉਂਦਾ ਨਈਂ ਉਹ ਲਾਈ ਜਾਂਦਾ ਹੈ।

ਬਚਕੇ ਰਹਿ 'ਰਣਜੀਤ' ਤੂੰ ਉਸ ਦੀਆਂ ਚਾਲਾਂ 'ਤੋਂ,
ਪਲ-ਪਲ ਵਿੱਚ ਜੋ ਰੰਗ ਵਟਾਈ ਜਾਂਦਾ ਹੈ।



### 2

ਦਿਨ ਵੇਲੇ ਜੋ ਪਲ-ਪਲ ਰੱਬ-ਰੱਬ ਕਰਦਾ ਹੈ।
ਰਾਤਾਂ ਨੂੰ ਉਹ ਲੁੱਟ-ਲੁੱਟ ਬੋਝੇ ਭਰਦਾ ਹੈ।

ਕਹਿੰਦਾ ਇੱਕ ਛਲਾਵਾ ਹੈ ਜੋ ਮਾਇਆ ਨੂੰ,
ਉਸਦੀ ਖ਼ਾਤਰ ਆਪ ਚੌਂਕੀਆਂ ਭਰਦਾ ਹੈ।

ਲੋਅ ਵੇਲੇ ਉਹ ਜਿਸਦਾ ਪਹਿਰੇਦਾਰ ਬਣੇ,
ਨੇਰ੍ਹੇ ਵਿੱਚ ਉਸਦੇ ਘਰ ਚੋਰੀ ਕਰਦਾ ਹੈ।

ਇੱਜ਼ਤ-ਸ਼ੁਹਰਤ ਨੂੰ ਜੋ ਆਖੇ ਝੂਠ ਨਿਰਾ,
ਉਹ ਪਰ ਉਸਦੀ ਖ਼ਾਤਰ ਹੌਕੇ ਭਰਦਾ ਹੈ।

ਆਖ ਰਿਹਾ ਜੋ ਰਿਸ਼ਤੇ-ਨਾਤੇ ਝੂਠੇ ਨੇ,
ਰਿਸ਼ਤੇਦਾਰਾਂ ਨੂੰ ਖ਼ੁਦ ਬਾਹੀਂ ਭਰਦਾ ਹੈ।

## ਹਰਵਿੰਦਰ ਸਾਹਬੀ

ਸਾਕੀ! ਮੇਰੇ ਯਕੀਨ ਦਾ ਕੁਝ ਤਾਂ ਖ਼ਿਆਲ ਰੱਖੀਂ।
ਬਹਿਕਣ ਨਾ ਦੇਈਂ ਮੈਨੂੰ, ਮੈਨੂੰ ਸੰਭਾਲ ਰੱਖੀਂ।

ਹੈ ਦਰਦ ਦਾ ਸਮੁੰਦਰ 'ਤੇ ਦੂਰ ਹੈ ਕਿਨਾਰਾ,
ਐ ਮੇਰੇ ਦਿਲ! ਤੂੰ ਅਪਣਾ ਚੱਪੂ ਸੰਭਾਲ ਰੱਖੀਂ।

ਮਹਿਬੂਬ ਦੀ ਗਲ਼ੀ ਹੈ ਨਈਂ ਜੰਗ ਦਾ ਅਖਾੜਾ,
ਹੈ ਇਸ਼ਕ ਦਾ ਸਲੀਕਾ ਹੌਲ਼ੀ ਤੂੰ ਚਾਲ ਰੱਖੀਂ।

ਹੈ ਨ੍ਹੇਰ ਦੀ ਜੇ ਆਮਦ ਹੈ ਦੂਰ ਜੇ ਸਵੇਰਾ,
ਬਲ਼ਦੇ ਨੇ ਇਹ ਵੀ ਯਾਰਾ! ਹੰਝੂ ਸੰਭਾਲ ਰੱਖੀਂ।

ਜੋ ਆਸ ਸੀ ਅਖ਼ੀਰੀ ਪਰਵਾਸ ਕਰ ਗਈ ਹੈ,
ਬਸ! ਯਾਦ ਕੋਲ ਹੋਵੇ, ਏਨਾਂ ਖ਼ਿਆਲ ਰੱਖੀਂ।

ਸਾਹਾਂ 'ਚ ਵੀ ਨਾ ਆਏ, ਰਾਹਾਂ 'ਚ ਵੀ ਨਾ ਆਏ,
ਸੀ ਆਸ ਜਿਸ ਦੀ ਯਾਰਾ! ਭਰ ਉਮਰ ਨਾਲ ਰੱਖੀਂ।



### 2

ਤੈਨੂੰ ਹਰ ਦਮ ਮਹਿਕਾਂ ਮਿਲ਼ੀਆਂ, ਖ਼ੁਸ਼ੀਆਂ ਦੀ ਬਾਰਾਤ ਮਿਲ਼ੀ।
ਚੰਨ ਹੁੰਗਾਰੇ ਭਰਦਾ ਮਿਲ਼ਿਆ ਬਾਤਾਂ ਪਾਉਂਦੀ ਰਾਤ ਮਿਲ਼ੀ।

ਦਿਲ ਨੂੰ ਚੈਨ ਨਾ ਅੱਖੀਂ ਨੀਂਦਰ ਬੇਚੈਨੀ ਵਿਚ ਭਟਕ ਰਿਹਾਂ,
ਹੰਝੂਆਂ ਭਰਿਆ ਦਾਮਨ ਮੇਰਾ ਇਸ਼ਕੇ ਤੋਂ ਸੌਗ਼ਾਤ ਮਿਲ਼ੀ।

ਤੇਰੀ ਯਾਦ 'ਚ ਡੁੱਬਿਆ-ਡੁੱਬਿਆ ਤੇਰੇ ਤੋਂ ਜਦ ਦੂਰ ਗਿਆ,
ਮਾਰੂਥਲ ਪੈਰਾਂ ਨੂੰ ਮਿਲ਼ਿਆ ਨੈਣਾ ਨੂੰ ਬਰਸਾਤ ਮਿਲ਼ੀ।

ਤੇਰੀ ਯਾਦ 'ਚ ਵਹਿੰਦਾ-ਵਹਿੰਦਾ ਤਨਹਾਈਆਂ ਵਿਚ ਜਾ ਰਲ਼ਿਆ,
ਇੱਧਰ-ਉੱਧਰ, ਥਾਂ-ਥਾਂ ਤੱਕਿਆ ਤੇਰੀ ਨਾ ਪਰ ਝਾਤ ਮਿਲ਼ੀ।

ਮੇਰੇ ਦਿਲ ਦਾ ਕੱਚਾ ਕੋਠਾ ਜਿਸ ਦੇ ਭੁਰਦੇ ਜਾਣ ਬਨੇਰੇ,
ਤੇਰਾ ਮਹਿਲਾਂ ਵਿਚ ਬਸੇਰਾ ਤੈਨੂੰ ਇਹ ਸੌਗ਼ਾਤ ਮਿਲ਼ੀ।

## 3

ਸੱਜਣਾ ਬਾਝ ਹਨੇਰਾ ਹੈ।
ਜੀਵਨ ਪੰਧ ਲਮੇਰਾ ਹੈ।

ਰੋਜ਼ ਸੰਵਾਰਾਂ ਘਰ ਨੂੰ ਮੈਂ,
ਤੇਰਾ ਜੋਗੀ ਫੇਰਾ ਹੈ।

ਗੁਲਸ਼ਨ ਹੈ ਵੀਰਾਨ ਤਦੇ,
ਮਾਲੀ ਆਪ ਲੁਟੇਰਾ ਹੈ।

ਚਰਬੀ ਢਾਲ਼ੀ ਦੀਵੇ ਨੇ,
ਹੋਇਆ ਸੋਨ ਸਵੇਰਾ ਹੈ।

ਉਮਰ ਛੁਟੇਰੀ ਫੁੱਲਾਂ ਦੀ,
ਖ਼ੁਸ਼ਬੂ ਸਾਥ ਲੰਮੇਰਾ ਹੈ।

ਹੁਣ ਤਾਂ ਤੇਰਾ ਐ 'ਸਾਹਬੀ'!
ਸਾਹਾਂ ਵਿਚ ਬਸੇਰਾ ਹੈ।



## ਰੋਸ਼ਨੀ ਕੁਮਾਰੀ 'ਹਮਰਾਹ'

ਮੇਰੇ ਦਿਲ ਨੂੰ ਕੋਈ ਸਹਾਰਾ ਨਹੀਂ ਹੈ।
ਭੰਵਰ ਹੈ ਗ਼ਮਾਂ ਦਾ ਕਿਨਾਰਾ ਨਹੀਂ ਹੈ।

ਤਬੀਅਤ ਬੁਰੀ ਨਾ ਇਰਾਦਾ ਬੁਰਾ ਏ,
ਕਿਉਂ ਦਿਲ ਕਿਸੇ ਦਾ ਪਿਆਰਾ ਨਹੀਂ ਹੈ?

ਕਹੇ ਦਿਲ ਮੈਂ ਉੱਡ ਕੇ ਕਿ ਚੁੰਮਾਂ ਗਗਨ ਨੂੰ,
ਕਰਾਂ ਕੀ? ਫ਼ਿਜ਼ਾ ਦਾ ਇਸ਼ਾਰਾ ਨਹੀਂ ਹੈ।

ਜੋ ਮੈਨੂੰ ਜ਼ਮੀਨੋਂ ਗਗਨ 'ਤੇ ਬਿਠਾਏ,
ਮੁਕੱਦਰ 'ਚ ਐਸਾ ਸਿਤਾਰਾ ਨਹੀਂ ਹੈ।

ਮੈਂ ਅਪਣੇ ਹੀ ਕਾਤਿਲ ਦੀ ਦੇਵਾਂ ਗਵਾਹੀ,
ਕੋਈ ਮੇਰੇ ਜਿੰਨਾ ਵਿਚਾਰਾ ਨਹੀਂ ਹੈ।

ਮੇਰੀ ਮੁਫ਼ਲਿਸੀ ਕਹਿ ਰਹੀ ਹੈ ਇਹ ਮੈਨੂੰ,
ਕੋਈ ਜ਼ਹਿਰ ਦਿੰਦਾ ਉਧਾਰਾ ਨਹੀਂ ਹੈ।

## ਜਸਵਿੰਦਰ 'ਜੱਸੀ'

ਮੇਰੀ ਜਦ ਯਾਦ ਆ ਜਾਵੇ, ਤਾਂ ਮੇਰੇ ਕੋਲ਼ ਆ ਜਾਵੀਂ।
ਕੋਈ ਤੈਨੂੰ ਜੇ ਠੁਕਰਾਵੇ, ਤਾਂ ਮੇਰੇ ਕੋਲ਼ ਆ ਜਾਵੀਂ।

ਜਿਨ੍ਹਾਂ 'ਤੇ ਮਾਣ ਹੈ ਤੈਨੂੰ, ਉਨ੍ਹਾਂ ਦਿਲ ਤੋੜਨਾ ਤੇਰਾ,
ਜਦੋਂ ਦਿਲ ਤੇਰਾ ਟੁੱਟ ਜਾਵੇ, ਤਾਂ ਮੇਰੇ ਕੋਲ਼ ਆ ਜਾਵੀਂ।

ਬਹਾਰਾਂ ਕੋਲ਼ ਹਨ ਤੇਰੇ, ਉਜਾੜਾਂ ਨੇ ਵੀ ਆਉਣਾ ਹੈ,
ਕਦੇ ਮੌਸਮ ਜੇ ਨਾ ਭਾਵੇ, ਤਾਂ ਮੇਰੇ ਕੋਲ਼ ਆ ਜਾਵੀਂ।

ਬੜਾ ਜ਼ਾਲਿਮ ਜ਼ਮਾਨਾ ਹੈ, ਇਦ੍ਹੇ ਜ਼ੁਲਮਾਂ ਤੋਂ ਤੰਗ ਆ ਕੇ,
ਤੇਰੀ ਜਦ ਜਾਨ ਘਬਰਾਵੇ, ਤਾਂ ਮੇਰੇ ਕੋਲ਼ ਆ ਜਾਵੀਂ।

ਇਹ ਤੇਰੇ ਮਸਤ ਨੈਣਾ 'ਚੋਂ ਖ਼ੁਸ਼ੀ ਡੁੱਲ-ਡੁੱਲ ਕੇ ਪੈਂਦੀ ਹੈ,
ਖ਼ੁਸ਼ੀ ਕਿਧਰੇ ਜੇ ਗੁੰਮ ਜਾਵੇ, ਤਾਂ ਮੇਰੇ ਕੋਲ਼ ਆ ਜਾਵੀਂ।

ਤੂੰ ਚੱਲਿਐਂ ਦੂਰ ਮੇਰੇ ਤੋਂ, ਦਿਲੋਂ ਪਰ ਦੂਰ ਹੋਵੀਂ ਨਾ,
ਮੇਰੀ ਜੇ ਯਾਦ ਤੜਪਾਵੇ, ਤਾਂ ਮੇਰੇ ਕੋਲ਼ ਆ ਜਾਵੀਂ।

ਇਹ ਗ਼ਮ ਤਾਂ ਦਿਲ ਦੀ ਦੌਲਤ ਨੇ, ਗ਼ਮਾਂ ਨੂੰ ਜਰ ਲਵੀਂ ਹੱਸਕੇ,
ਜੇ ਗ਼ਮ ਜਰਿਆ ਹੀ ਨਾ ਜਾਵੇ, ਤਾਂ ਮੇਰੇ ਕੋਲ਼ ਆ ਜਾਵੀਂ।

ਕਿਤੇ ਦਿਲ ਰੋਣ ਨੂੰ ਕਰਦੈ, ਤਾਂ ਰੋ ਕੇ ਮਨ ਕਰੀਂ ਹੌਲ਼ਾ,
ਜੇ ਫਿਰ ਵੀ ਚੈਨ ਨਾ ਆਵੇ, ਤਾਂ ਮੇਰੇ ਕੋਲ਼ ਆ ਜਾਵੀਂ।

ਇਕੱਲਾ ਜਾਣ ਨਾ ਖ਼ੁਦ ਨੂੰ, ਕਿ 'ਜੱਸੀ' ਨਾਲ਼ ਹੈ ਤੇਰੇ,
ਗਲ਼ੇ ਕੋਈ ਨਾ ਜਦ ਲਾਵੇ, ਤਾਂ ਮੇਰੇ ਕੋਲ਼ ਆ ਜਾਵੀਂ।



### 2

ਜ਼ਮਾਨਾ ਬੀਤਿਆ ਹੋਇਆ, ਬੜਾ ਮੈਨੂੰ ਰੁਆਉਂਦਾ ਹੈ।
ਅਜੇ ਵੀ ਯਾਦ ਆਉਂਦਾ ਹੈ, ਮੇਰੇ ਦਿਲ ਨੂੰ ਸਤਾਉਂਦਾ ਹੈ।

ਬਹਾਨਾ ਮਾਰ ਕੇ ਤੇਰਾ, ਮੇਰੇ ਨਜ਼ਦੀਕ ਬਹਿ ਜਾਣਾ,
ਅਜੇ ਵੀ ਯਾਦ ਆਉਂਦਾ ਹੈ, ਮੇਰੇ ਦਿਲ ਨੂੰ ਸਤਾਉਂਦਾ ਹੈ।

ਬਰੋਟੇ ਹੇਠ ਬਹਿ-ਬਹਿ ਕੇ, ਅਸੀਂ ਜੋ ਗੱਲਾਂ ਕਰਦੇ ਸਾਂ,
ਅਜੇ ਵੀ ਯਾਦ ਆਉਂਦਾ ਹੈ, ਮੇਰੇ ਦਿਲ ਨੂੰ ਸਤਾਉਂਦਾ ਹੈ।

ਕਦੀ ਰੁੱਸਣਾ ਕਦੀ ਹੱਸਕੇ ਮਨਾਉਣਾ, ਐ ਮੇਰੇ ਦਿਲਬਰ!
ਅਜੇ ਵੀ ਯਾਦ ਆਉਂਦਾ ਹੈ, ਮੇਰੇ ਦਿਲ ਨੂੰ ਸਤਾਉਂਦਾ ਹੈ।

ਨਿਗਾਹਾਂ ਨਾਲ਼ ਹੀ ਸੱਜਣ, ਤੇਰਾ ਕੁਝ ਆਖਣਾ ਮੈਨੂੰ,
ਅਜੇ ਵੀ ਯਾਦ ਆਉਂਦਾ ਹੈ, ਮੇਰੇ ਦਿਲ ਨੂੰ ਸਤਾਉਂਦਾ ਹੈ।

ਕਦੀ ਖੜ੍ਹ ਕੇ ਬਨ੍ਹੇਰੇ 'ਤੇ, ਤੇਰਾ ਸੰਵਾਰਨਾ ਜ਼ੁਲਫ਼ਾਂ,
ਅਜੇ ਵੀ ਯਾਦ ਆਉਂਦਾ ਹੈ, ਮੇਰੇ ਦਿਲ ਨੂੰ ਸਤਾਉਂਦਾ ਹੈ।

ਲਗਾ ਕੇ ਨਾਲ ਸੀਨੇ ਦੇ, ਤੇਰਾ ਰੋਂਦੇ ਨੂੰ ਪਰਚਾਉਣਾ,
ਅਜੇ ਵੀ ਯਾਦ ਆਉਂਦਾ ਹੈ, ਮੇਰੇ ਦਿਲ ਨੂੰ ਸਤਾਉਂਦਾ ਹੈ।

ਕਦੀ 'ਜੱਸੀ' ਕਦੀ 'ਜਸਰਾਜ' ਤੇਰਾ ਆਖਣਾ ਮੈਨੂੰ,
ਅਜੇ ਵੀ ਯਾਦ ਆਉਂਦਾ ਹੈ, ਮੇਰੇ ਦਿਲ ਨੂੰ ਸਤਾਉਂਦਾ ਹੈ।

## 5

ਨੈਣ ਮੇਰੇ ਚੋ ਪਏ, ਯਾਦ ਤੈਨੂੰ ਕਰਦਿਆਂ।
ਬੀਤ ਚੁੱਕੀ ਰਾਤ ਹੈ, ਠੰਡੇ ਹੌਕੇ ਭਰਦਿਆਂ।

ਯਾਰ ਮੇਰੇ, ਆਣ ਕੇ, ਦਰਦ ਤੋਂ ਖਹਿੜਾ ਛੁਡਾ,
ਬੀਤੀਆਂ ਨੇ ਮੁੱਦਤਾਂ, ਪੀੜ ਤੇਰੀ ਜਰਦਿਆਂ।

ਆਖਦਾ ਸੀ ਤੂੰ ਸਦਾ, ਜੀਣ ਕੀ ਤੇਰੇ ਬਿਨਾਂ,
ਹੁਣ ਛੁਪਾਇਆ ਮੁੱਖੜਾ, ਕਿਹੜੀ ਗੱਲੋਂ ਡਰਦਿਆਂ?

ਵੇਖ! ਮੇਰੀ ਜ਼ਿੰਦਗੀ, ਮੌਤ ਵੱਲ ਹੈ ਜਾ ਰਹੀ,
ਮੌਤ ਵੀ ਆਉਂਦੀ ਨਹੀਂ, ਮਰ ਨਾ ਹੋਵੇ ਮਰਦਿਆਂ।

ਕੀ ਕਰਾਂਗਾ ਦੋਸਤਾ! ਜੀ ਕੇ ਮੈਂ ਤੇਰੇ ਬਗ਼ੈਰ,
ਛਾਨਣੀ ਦਿਲ ਹੋ ਗਿਐ, ਦੁੱਖ ਤੇਰੇ ਜਰਦਿਆਂ।

ਬਹਿ ਕੇ ਕਿਸ ਦੇ ਕੋਲ਼ ਮੈਂ, ਜ਼ਖ਼ਮ ਭਰ ਲਾਂ ਆਪਣੇ,
ਜ਼ਖ਼ਮ ਰਿਸਦੇ ਹੀ ਗਏ, ਭਰ ਨਾ ਹੋਏ ਭਰਦਿਆਂ।

ਸੋਚਦਾ ਹਾਂ ਕੀ ਕਰਾਂ? ਹੁਣ ਮੈਂ 'ਜੱਸੀ' ਬਿਨ ਤੇਰੇ,
ਤੂੰ ਨਾ ਆਇਆ ਮੁੜ ਕਦੇ, ਹਰ ਗਏ ਹਾਂ ਹਰਦਿਆਂ।



## ਅਸ਼ੋਕ 'ਅਸ਼ਕ'

ਸਮਝੋ ਨਾ ਬੇਕਾਰ ਬੁਢਾਪਾ।
ਬੜਾ ਤਜਰਬੇਕਾਰ ਬੁਢਾਪਾ।

ਚੰਗੇ-ਮੰਦੇ ਹਾਦਸਿਆਂ ਦਾ,
ਇਕ ਪੂਰੀ ਅਖ਼ਬਾਰ ਬੁਢਾਪਾ।

ਸਭ ਨੂੰ ਬਹਿ ਕੇ ਹੁਕਮ ਸੁਣਾਵੇ,
ਘਰ ਦੀ ਹੈ ਸਰਕਾਰ ਬੁਢਾਪਾ।

ਹਰ ਇਕ ਪੈਰਾਂ ਨੂੰ ਹੱਥ ਲਾਵੇ,
ਕਿੰਨਾ ਇੱਜ਼ਤਦਾਰ ਬੁਢਾਪਾ।

ਬੱਚਿਆਂ ਤੋਂ ਜੋ ਮੁਹਤਾਜੀ ਹੈ,
ਉਸ ਦਾ ਹੈ ਬੇਕਾਰ ਬੁਢਾਪਾ।

ਸਭ ਦੇ ਸਿਰ 'ਤੇ ਹੱਥ ਰਖਦਾ ਹੈ,
ਕਿੰਨਾ ਸਾਇਆਦਾਰ ਬੁਢਾਪਾ।

'ਅਸ਼ਕ' ਪਿਆ ਏ ਦਸਤਕ ਦਿੰਦੈ,
ਰਿਹਾ ਅਵਾਜ਼ਾਂ ਮਾਰ ਬੁਢਾਪਾ।

2.

ਦੁੱਖਾਂ ਦਾ ਨਾ ਕਰੋ ਖ਼ੁਲਾਸਾ।
ਮਨ ਅਪਣੇ ਨੂੰ ਦਿਉ ਦਿਲਾਸਾ।

ਅੱਜ ਬਣਿਆ ਏ ਖ਼ਾਕ ਦੀ ਢੇਰੀ,
ਕੱਲ੍ਹ ਜਿਹੜਾ ਸੀ ਅੱਛਾ-ਖ਼ਾਸਾ।

ਬੱਦਲ ਟੁੱਟ ਕੇ ਵਰ੍ਹ ਚੁੱਕੇ ਪਰ,
ਮਾਰੂਥਲ ਪਿਆਸੇ ਦਾ ਪਿਆਸਾ।

ਲੋਕੀਂ ਇੱਧਰ-ਉੱਧਰ ਢੂੰਡਣ,
ਉਸ ਦਾ ਕਣ-ਕਣ ਦੇ ਵਿਚ ਵਾਸਾ।

ਅਪਣਾ ਦਰਦ ਹੈ ਲਗਦਾ ਪਰਬਤ,
ਦੂਜੇ ਦਾ ਲਗਦਾ ਹੈ ਮਾਸਾ।

ਮਰਨ ਭਰਾ ਟੁੱਟ ਜਾਵਣ ਬਾਹਵਾਂ,
ਮਰ ਜਾਂਦਾ ਏ ਅੱਧਾ-ਪਾਸਾ।



ਹੁਣ ਵੀ ਜੇ ਤੂੰ ਖ਼ੈਰ ਨਾ ਪਾਈ,
ਫ਼ੱਕਰਾਂ ਨੇ ਭੰਨ ਸੁੱਟਣਾ ਕਾਸਾ।

ਆਵੇ ਜਾਂ ਨਾ ਆਵੇ ਯਾਰੋ!
ਅਗਲੇ ਸਾਹ ਦਾ ਕੀ ਭਰਵਾਸਾ?

ਬਾਹਰ ਛਬੀਲਾਂ ਲਾਉਨਾ ਏਂ ਤੂੰ,
ਅੰਦਰ ਟੱਬਰ ਪਿਆ ਪਿਆਸਾ।

ਸਿਹਤ ਲਈ ਲਾਹੇਵੰਦ ਹੁੰਦੈ;
ਤਾਜ਼ੀ ਲੱਸੀ, ਪਾਣੀ ਬਾਸਾ।

ਇਉਂ ਮੈਂ ਖ਼ੁਰਿਆ ਤੇਰੇ ਗ਼ਮ ਵਿਚ,
ਜਿਉਂ ਪਾਣੀ ਵਿਚ ਖ਼ੁਰੇ ਪਤਾਸਾ।

'ਅਸ਼ਕ' ਤਾਂ ਸਾਨੂੰ ਮਿਲੇ ਬਥੇਰੇ,
ਨਾ ਖ਼ੁਸ਼ੀਆਂ ਨਾ ਮਿਲਿਆ ਹਾਸਾ।

3.

ਐ ਦਿਲ! ਅਕਸ ਖ਼ੁਆਰ ਨਾ ਕਰ।
ਗੰਦਾ ਸਭਿਆਚਾਰ ਨਾ ਕਰ।

ਚੰਗੀ ਗੱਲ ਨੂੰ ਝੱਟ ਅਪਣਾ,
ਬੰਦਿਆ! ਸੋਚ-ਵਿਚਾਰ ਨਾ ਕਰ।

ਹੰਝੂਆਂ ਨਾਲ ਗ਼ਮਾਂ ਨੂੰ ਪੀ,
ਦੁੱਖ ਦਾ ਤੂੰ ਇਜ਼ਹਾਰ ਨਾ ਕਰ।

ਸਜਣਾ! ਜੇ ਖ਼ੁਸ਼ ਰਹਿਣਾ ਚਾਹੁਨੈਂ,
ਭੁੱਲ ਕੇ ਅੱਖੀਆਂ ਚਾਰ ਨਾ ਕਰ।

ਲਾਕੇ ਕੇ ਕਿਸਮਤ ਉੱਤੇ ਦੋਸ਼,
ਤੂੰ ਜੀਵਨ ਲਾਚਾਰ ਨਾ ਕਰ।

ਸੱਪਾਂ 'ਤੇ ਖ਼ੁਦਗਰਜ਼ਾਂ ਦਾ,
ਭੁੱਲ ਕੇ ਤੂੰ ਇਤਬਾਰ ਨਾ ਕਰ।



ਲੋਕੀਂ ਥੁੱਕਣ ਅਰਥੀ 'ਤੇ,
ਏਦਾਂ ਦਾ ਕਿਰਦਾਰ ਨਾ ਕਰ।

ਰੂਹ ਜ਼ਖ਼ਮੀ ਨਾ ਹੋ ਜਾਵੇ,
ਲਫ਼ਜ਼ਾਂ ਨੂੰ ਤਲਵਾਰ ਨਾ ਕਰ।

ਅਕਸਰ ਮਿੱਧੇ ਜਾਂਦੇ ਨੇ,
ਫੁੱਲਾਂ ਦਾ ਵਿਉਪਾਰ ਨਾ ਕਰ।

ਦੌਲਤ ਆਉਣੀ-ਜਾਣੀ ਹੈ,
ਇਸ ਦਾ ਤੂੰ ਹੰਕਾਰ ਨਾ ਕਰ।

ਟੋਏ-ਟਿੱਬੇ ਲੰਘ ਜਾਣੇ,
ਤੂੰ ਰਸਤਾ ਇਕਸਾਰ ਨਾ ਕਰ।

'ਅਸ਼ਕ' ਬਗ਼ਾਵਤ ਕਰ ਸਕਦੇ,
ਏਨਾ ਅੱਤਿਆਚਾਰ ਨਾ ਕਰ।

## ਰਾਕੇਸ਼ ਕੁਮਾਰ 'ਆਜ਼ਾਦ'

ਜੇ ਮੈਨੂੰ ਇਹ ਜੀਵਨ ਦੁਬਾਰਾ ਮਿਲੇ।
ਇਹ ਇੱਛਾ ਹੈ ਮੇਰਾ ਹੀ ਪਿਆਰਾ ਮਿਲੇ।

ਜੋ ਟੁੱਟਿਆ ਹੈ ਫੁੱਲ, ਫੁੱਲ ਦੀ ਸ਼ਾਖ਼ ਤੋਂ,
ਇਹ ਮੁਸ਼ਕਿਲ ਹੈ ਉਸਨੂੰ ਦੁਬਾਰਾ ਮਿਲੇ।

ਅਸਾਡੇ ਮੁਕੱਦਰ 'ਚ ਭਟਕਣ ਲਿਖੀ,
ਨਾ ਡੁੱਬਦੇ ਪਏ ਨਾ ਕਿਨਾਰਾ ਮਿਲੇ।

ਤੇਰੇ ਵਾਸਤੇ ਜਾਨ ਹਾਜ਼ਰ ਕਰਾਂ,
ਤੇਰਾ ਸ਼ੋਖ਼ ਜੇਕਰ ਇਸ਼ਾਰਾ ਮਿਲੇ।

ਉਦਾਸੇ-ਪਿਆਸੇ ਮੇਰੇ ਦੋਸਤੋ!
ਕਰੋ ਹੌਸਲਾ ਫ਼ਲ ਨਿਆਰਾ ਮਿਲੇ।





ਮੇਰੇ ਸੀ ਅਰਮਾਨ ਬੜੇ ਪਰ ਘੱਟ ਨਿੱਕਲੇ।
ਦਿਲ ਦੇ ਚੱਪੇ-ਚੱਪੇ ਉੱਤੇ ਫੱਟ ਨਿੱਕਲੇ।

ਜਦ ਵੀ ਤੈਨੂੰ ਚੇਤੇ ਕੀਤਾ ਬੇ-ਦਰਦਾ !
ਹੰਝੂ ਮੇਰੀਆਂ ਅੱਖੀਆਂ ਵਿਚੋਂ ਝੱਟ ਨਿੱਕਲੇ।

ਜਿਹੜਾ-ਜਿਹੜਾ ਵੀ ਮੈਂ ਬੂਹਾ ਖੜਕਾਵਾਂ,
ਉੱਥੇ-ਉੱਥੇ ਹੀ ਦੁੱਖਾਂ ਦਾ ਹੱਟ ਨਿੱਕਲੇ।

ਤੇਰੀਆਂ ਯਾਦਾਂ ਨੇ ਏਨਾਂ ਤੜਫ਼ਾਇਆ ਹੈ,
ਏਹੋ ਸੋਚਦਿਆਂ ਹੀ ਮੇਰੇ ਵੱਟ ਨਿੱਕਲੇ।

ਜਿਹਨਾਂ 'ਤੇ ਵਿਸ਼ਵਾਸ ਸੀ ਮੈਨੂੰ ਰੱਬ ਜਿਹਾ,
ਉਹ ਵੀ ਕਿਹੜੇ ਗ਼ੈਰਾਂ ਨਾਲੋਂ ਘੱਟ ਨਿੱਕਲੇ।

ਜਿਹਨਾਂ ਨੂੰ 'ਆਜ਼ਾਦ' ਅਸੀਂ ਕਰਵਾਇਆ ਸੀ,
ਮੌਕਾ ਮਿਲਿਆ ਤਾਂ ਉਹ ਸਾਨੂੰ ਕੱਟ ਨਿੱਕਲੇ।

3

ਦਿਨ ਬੁਰਾ ਹੁਣ ਜਾ ਰਿਹਾ ਹੈ ਆਦਮੀ ਦਾ।
ਵਕਤ ਕੱਟਦਾ ਜਾ ਰਿਹਾ ਹੈ ਜ਼ਿੰਦਗੀ ਦਾ।

ਖ਼ੂਬਸੂਰਤ ਰੂਪ ਤੇਰਾ ਦੇਖਦਾ ਹਾਂ,
ਆਖਦਾ ਹੈ ਦਿਲ ਸਮਾਂ ਹੈ ਸ਼ਾਇਰੀ ਦਾ।

ਮੋੜ 'ਤੇ ਮਿਲਣਾ ਅਸਾਡਾ ਸੀ ਅਚਾਨਕ,
ਹੋ ਗਿਆ ਅਹਿਸਾਸ ਮੈਨੂੰ ਦਿਲਲਗੀ ਦਾ।

ਆਪਣੇ ਵਿਚ ਫ਼ਾਸਲਾ ਹੈ 'ਤੇ ਨਹੀਂ ਵੀ,
ਕੀ ਲਵਾਂ ਮੈਂ ਨਾਮ ਇਸ ਦੀਵਾਨਗੀ ਦਾ?

ਤਲਖ਼ੀਆਂ-ਮਜਬੂਰੀਆਂ ਹਨ ਹਰ ਕਦਮ 'ਤੇ,
ਕੀ ਭਲਾ ਜੀਉਣਾ ਹੈ ਅੱਜਕਲ੍ਹ ਜ਼ਿੰਦਗੀ ਦਾ?

ਦੋਸਤੀ ਜਾਂ ਦੁਸ਼ਮਣੀ ਹੈ ਆਪ ਹੀ ਕਹਿ,
ਜਾਂ ਤੇਰਾ ਤੱਕਣਾ ਹੈ ਤੱਕਣਾ ਸਰਸਰੀ ਦਾ।



## ਵਿਜੇ ਭੱਟੀ

ਇਹ ਜੋ ਪੱਛਮ ਦੇ ਵਿਚ ਡੁੱਬੇ ਕੱਲ੍ਹ ਸਵੇਰੇ ਉੱਗਣਗੇ।
ਪੂਰਬ ਦੇ ਦਰਿਆ ਦੇ ਪੱਤਣੀ ਕੀਤੇ ਵਾਅਦੇ ਪੁੱਗਣਗੇ।

ਇਸ ਨਗਰੀ ਦੇ ਸਭ ਆਲੋਚਕ ਮੂੰਹ ਲਾਉਂਦੇ ਹੀ ਥੁੱਕਣਗੇ।
ਜਦ ਤੱਕ ਮੇਰੇ ਹਰਫ਼ਾਂ ਵਿੱਚੋਂ ਗੀਤ ਕੁਸੈਲ਼ੇ ਉੱਗਣਗੇ।

ਭੁੱਲ ਜਾ ਸਾਨੂੰ ਜਦ ਤੱਕ ਸਾਡੀ ਕੁੱਲੀ ਵਿਚ ਹਨੇਰਾ ਹੈ,
ਰੰਗਾਂ ਦੇ ਵਿਉਪਾਰ ਤਾਂ ਸੱਜਣਾ! ਰੋਸ਼ਨੀਆਂ ਵਿਚ ਪੁੱਗਣਗੇ।

ਕੱਚੀਆਂ-ਭੁੰਨੀਆਂ ਗ਼ਜ਼ਲਾਂ 'ਤੇ ਕੁਝ ਗੀਤ ਉਹਨਾਂ ਨੂੰ ਮਿਲਣੇ ਹਨ,
ਪਰਸੋਂ ਜਦੋਂ ਸਵੇਰੇ ਆ ਕੇ ਅਸਤ ਮੇਰੇ ਉਹ ਚੁੱਗਣਗੇ।

ਝੱਲੀ ਜਾ ਜਿੰਨੇ ਵੀ ਤੈਨੂੰ ਜ਼ਖ਼ਮ ਜ਼ਮਾਨਾ ਦਿੰਦਾ ਹੈ,
ਲੱਖਾਂ ਸੂਰਜ ਇੱਕ ਦਿਨ ਤੇਰੇ ਨਾਸੂਰਾਂ 'ਚੋਂ ਉੱਗਣਗੇ।

## 2.

ਸਾਲ ਸਾਰਾ ਜੋ ਭੁਲਾ ਕੇ ਰੱਖੀਆਂ।
ਮੀਂਹ ਪਿਆ ਤਾਂ ਯਾਦ ਆਈਆਂ ਛਤਰੀਆਂ।

ਉਹੀਓ ਰੋਸ਼ਨਦਾਨ-ਕੰਧਾਂ-ਬਾਰੀਆਂ।
ਬਦਲੀਆਂ ਕਰਵਾ ਦਿਓ ਬੱਸ! ਤਖ਼ਤੀਆਂ।

ਤਾਰੀਆਂ ਵਿਚ ਤਾਂ ਮੁਹਾਰਤ ਪਾ ਲਈ,
ਹੁਣ ਤੁਸਾਂ ਕੀ ਕਰਨੀਆਂ ਨੇ ਕਿਸ਼ਤੀਆਂ?

ਲੰਘਿਆ ਕੋਈ ਵਾ-ਵਰੋਲਾ ਇਸ ਤਰ੍ਹਾਂ,
ਹੱਥਾਂ ਵਿਚੋਂ ਉੱਡ ਗਈਆਂ ਰੋਟੀਆਂ।

ਆਪਣੇ ਵਿਹੜੇ ਦੇ ਰੁੱਖ ਨੂੰ ਵੱਢ ਕੇ,
ਕਿਉਂ ਬਣਾਈ ਜਾ ਰਹੇ ਹੋ ਕੁਰਸੀਆਂ?

ਖ਼ੂਨ ਤਾਂ ਇੱਕੋ ਜਿਹਾ ਹੀ ਚੂਸਣਾ,
ਜੋਕਾਂ ਹੋਵਣ ਨੀਲੀਆਂ ਜਾਂ ਚਿੱਟੀਆਂ।



## 3

ਇਹ ਜੋ ਤੇਰੀ ਸੋਚ ਦਾ ਬਲ਼ਦਾ ਚਿਰਾਗ਼ ਹੈ।
ਇਹ ਹੀ ਤਾਂ ਇਸ ਰਾਤ ਦੇ ਮੱਥੇ ਦਾ ਦਾਗ਼ ਹੈ।

ਕਿੰਨਾ ਵੀ ਹੋਵੇ ਅੱਥਰਾ ਇਹ ਰਹੂ ਤੇਰੇ ਅਧੀਨ,
ਜਦ ਤੱਕ ਸਮੇਂ ਦੇ ਘੋੜੇ ਨੂੰ ਸਿਦਕਾਂ ਦੀ ਵਾਗ ਹੈ।

ਜਿਸਦੀ ਹਰੇਕ ਸ਼ਾਖ਼ 'ਚੋਂ ਫਲ਼ਦੇ ਨੇ ਫਲਸਫ਼ੇ,
ਇਸ ਨੇਰ੍ਹਿਆਂ ਦੇ ਸ਼ਹਿਰ ਇਕ ਕਲਮਾਂ ਦਾ ਬਾਗ਼ ਹੈ।

ਜੋ ਨੇਰ੍ਹਿਆਂ ਨੂੰ ਚੀਰਦੀ ਅੱਗੇ ਨੂੰ ਜਾ ਰਹੀ,
ਇਹ ਬਲ਼ਦਿਆਂ ਹੱਥਾਂ ਦੀ ਲੋਅ ਸੂਰਜ ਦੀ ਲਾਗ ਹੈ।

ਵਕਤ ਦੀ ਆਵਾਜ਼ ਨੂੰ ਤੂੰ ਸੁਣ ਜ਼ਰਾ ਕੁ ਗ਼ੌਰ ਨਾਲ,
ਇਹ ਨਹੀਂ ਹੈ ਰਾਤ ਦਾ ਇਹ ਸਰਘੀਆਂ ਦਾ ਰਾਗ ਹੈ।

ਇੱਟਾਂ ਦੇ ਅੰਦਰ ਅਜੇ ਵੀ ਹੈ ਗੰਧ ਮਾਸ ਦੀ,
ਇਹ ਤਾਂ ਇਕ ਉੱਜੜ ਰਹੇ ਘਰ ਦਾ ਸੁਰਾਗ਼ ਹੈ।

## ਕੁਲਵੀਰ ਗੋਜਰਾ

ਟੁੱਟਕੇ ਰਿਸ਼ਤਾ ਅਸਾਡਾ, ਹੋਰ ਸੁੰਦਰ ਹੋ ਗਿਆ।
ਤੈਨੂੰ ਮੰਜ਼ਲ ਮਿਲ ਗਈ, ਮੈਂ ਫਿਰ ਮੁਸਾਫ਼ਰ ਹੋ ਗਿਆ।

ਉਹ ਤਾਂ ਸੀ ਚਸ਼ਮੇ ਜਿਹਾ, ਸਾਗਰ ਜਿਹਾ, ਲਹਿਰਾਂ ਜਿਹਾ,
ਰਿਸ਼ਤਿਆਂ ਦੀ ਜੂਨ ਪੈਕੇ, ਰੇਤ ਆਖ਼ਰ ਹੋ ਗਿਆ।

ਹੌਲ਼ੀ-ਹੌਲ਼ੀ ਪੁੱਜ ਗਈ, ਦੀਵਾਨਗੀ ਜਿਸ ਮੋੜ 'ਤੇ,
ਤੇਰਾ ਹਾਸਾ ਤੇਰਾ ਖ਼ੰਜਰ, ਇਕ ਬਰਾਬਰ ਹੋ ਗਿਆ।

ਉਹ ਤਾਂ ਸੀ ਐਸੀ ਕਥਾ, ਚਲਦੀ ਸੀ ਜਿਹੜੀ ਰਾਤ ਭਰ,
ਸਿਮਟਿਆ ਅਜਕਲ੍ਹ ਉਹ ਐਨਾ, ਬਸ! ਕਿ ਅੱਖਰ ਹੋ ਗਿਆ।

ਹਾਂ, ਉਦ੍ਹੀ ਵੀ ਪਿਆਸ ਸੀ, ਬਸ! ਦੋ ਘੜੀ ਦੇ ਵਾਸਤੇ,
ਦੋ ਕੁ ਘੜੀਆਂ ਵਾਸਤੇ, ਮੈਂ ਵੀ ਸਮੁੰਦਰ ਹੋ ਗਿਆ।

ਹੁਣ ਲਿਖੋ ਵਰਖਾ ਨੂੰ ਚਿੱਠੀਆਂ, ਜਾਂ ਕਰੋ ਨਦੀਆਂ ਤਲਬ,
ਉਸ ਨੇ ਤਾਂ ਹੋਣਾ ਸੀ ਬੰਜਰ, ਉਹ ਤਾਂ ਬੰਜਰ ਹੋ ਗਿਆ।

ਝੀਲ ਵਿਚ ਸੂਰਜ ਜਦੋਂ, ਡੁੱਬਿਆ ਤਾਂ ਲੱਗਿਆ ਇਸ ਤਰ੍ਹਾਂ,
ਜਿਸ ਤਰ੍ਹਾਂ ਇਕ ਫ਼ਰਜ਼ ਤੋਂ, ਅੰਬਰ ਸੁਤੰਤਰ ਹੋ ਗਿਆ।



### 2

ਮਸਾਂ ਹੀ ਖ਼ਾਬ ਸੁੱਤੇ ਨੇ, ਤੜਪਦਾ ਸਾਜ਼ ਨਾ ਦੇਣਾ।
ਕਿ ਹੁਣ ਆਇਆ ਨਹੀਂ ਜਾਣਾ, ਤੁਸੀਂ ਆਵਾਜ਼ ਨਾ ਦੇਣਾ।

ਮੇਰੇ ਮਨ ਦੇ ਪਰਿੰਦੇ ਨੂੰ, ਕੋਈ ਅੰਬਰ ਜਿਹਾ ਦੇ-ਦੇ,
ਨਹੀਂ ਤਾਂ ਰਹਿਣ ਦੇ ਟਿਕਿਆ, ਕੋਈ ਪਰਵਾਜ਼ ਨਾ ਦੇਣਾ।

ਇਹ ਸਿੱਖਿਆ ਦੋਸਤਾਂ ਕੋਲ਼ੋਂ, 'ਤੇ ਸੁਣਿਆ ਦੁਸ਼ਮਣਾਂ ਕੋਲ਼ੋਂ,
ਕਰੇ ਕੋਈ ਦੋਸਤੀ ਕਿੰਨੀ, ਕਿਸੇ ਨੂੰ ਰਾਜ਼ ਨਾ ਦੇਣਾ।

ਅਗਰ ਦੀਵਾਨਗੀ ਅੰਦਰ, ਕਰਾਂ ਮੈਂ ਪਿਆਰ ਬਿਰਖਾਂ ਨੂੰ,
ਹਵਾ ਤੂੰ ਫ਼ਿਕਰ ਨਾ ਕਰਨਾ, ਕੋਈ ਇਤਰਾਜ਼ ਨਾ ਦੇਣਾ।

ਕਿ ਮਿਲ਼ ਜਾਏ ਕੋਈ ਮੰਜ਼ਲ, ਰਹੇ ਨਾ ਤਾਂਘ ਭਟਕਣ ਦੀ,
ਸਫ਼ਰ ਨੂੰ ਯਾ-ਖ਼ੁਦਾ! ਐਸਾ, ਕੋਈ ਅਗ਼ਾਜ਼ ਨਾ ਦੇਣਾ।

## ਕੁਲਦੀਪ ਦੀਪਕ

ਜ਼ਰਾ ਸੋਚੋ! ਕਿਤੇ ਇਹ ਹਾਦਸਾ ਹੁੰਦਾ ਤਾਂ ਕੀ ਹੁੰਦਾ?
ਕਿ ਇਸ ਦੁਨੀਆ 'ਚ ਹਰ ਕੋਈ ਭਲਾ ਹੁੰਦਾ ਤਾਂ ਕੀ ਹੁੰਦਾ?

ਖ਼ੁਦਾ ਹੋਣੇ ਦਾ ਦਾਅਵਾ ਕਰ ਰਿਹੈ ਇਨਸਾਨ ਹੋ ਕੇ ਜੋ,
ਮੈਂ ਅਕਸਰ ਸੋਚਦਾਂ, ਜੇ ਉਹ ਖ਼ੁਦਾ ਹੁੰਦਾ ਤਾਂ ਕੀ ਹੁੰਦਾ?

ਮੈਂ ਕੱਟ ਕੇ ਬਿਰਖ ਜਦ ਤੁਰਿਆ ਤਾਂ ਪੰਛੀ ਨੇ ਕਿਹਾ ਮੈਨੂੰ;
'ਜੇ ਇਸ ਉੱਪਰ ਤੇਰਾ ਵੀ ਆਲ੍ਹਣਾ ਹੁੰਦਾ ਤਾਂ ਕੀ ਹੁੰਦਾ?'

ਉਹ ਕਰ ਕੇ ਬੇ-ਵਫ਼ਾਈਆਂ ਵੀ ਸਦਾ ਚਰਚਾ 'ਚ ਰਹਿੰਦਾ ਏ,
ਜੇ ਕਿਧਰੇ ਯਾਰ ਮੇਰਾ ਬਾ-ਵਫ਼ਾ ਹੁੰਦਾ ਤਾਂ ਕੀ ਹੁੰਦਾ?

ਮੇਰੇ ਰਾਹਾਂ ਦੇ ਕੰਡੇ ਵੇਖ ਕੇ ਹੀ ਰੋ ਪਿਐ ਜਿਹੜਾ,
ਕਿਤੇ ਉਹ ਗੁਲਬਦਨ ਮੇਰੀ ਜਗ੍ਹਾ ਹੁੰਦਾ ਤਾਂ ਕੀ ਹੁੰਦਾ?

ਮੇਰੇ ਕਰਕੇ ਹੀ ਤਾਂ 'ਦੀਪਕ' ਮੁਹੱਬਤ ਹੈ ਅਜੇ ਜ਼ਿੰਦਾ,
ਜੇ ਇਸ ਬਸਤੀ 'ਚੋਂ ਮੈਂ ਵੀ ਤੁਰ ਗਿਆ ਹੁੰਦਾ ਤਾਂ ਕੀ ਹੁੰਦਾ?



### 2

ਅਸਾਂ ਦੀ ਬੇਵਸੀ ਵਰਗਾ, ਅਸਾਂ ਦੀ ਬੇਕਸੀ ਵਰਗਾ।
ਕਿਸੇ ਦਾ ਹਾਲ ਨਾ ਹੋਵੇ ਅਸਾਂ ਦੀ ਜ਼ਿੰਦਗੀ ਵਰਗਾ।

ਪਊ ਕਰਨੀ ਸਫ਼ਾਈ ਹੁਣ ਅਸਾਂ ਨੂੰ ਸੋਚ ਅਪਣੀ ਦੀ,
ਬੜਾ ਕੁਝ ਭਰ ਗਿਆ ਹੈ, ਏਸ ਦੇ ਵਿਚ ਗੰਦਗੀ ਵਰਗਾ।

ਬਹੁਤ ਮੁਮਕਿਨ ਹੈ ਦੁਨੀਆ ਓਸ ਨੂੰ ਵੀ ਚਾੜ੍ਹ ਦਏ ਸੂਲ਼ੀ,
ਉਹਦਾ ਕਿਰਦਾਰ ਹੁੰਦਾ ਜਾ ਰਿਹੈ, ਈਸਾ ਮਸੀਹ ਵਰਗਾ।

ਚਲੋ! ਮਿਲ਼ ਕੇ ਦੁਆ ਕਰੀਏ, ਅਸੀਂ ਸਾਰੇ ਖ਼ੁਦਾ ਅੱਗੇ,
ਕਿ ਮੁੜ ਕੇ ਵਕਤ ਨਾ ਆਵੇ ਕਦੇ ਪਿਛਲੀ ਸਦੀ ਵਰਗਾ।

ਜੇ ਦਿਲ ਦੇ ਵਿਚ ਤਮੰਨਾ ਆਪ ਦੀ ਸਾਗਰ ਨੂੰ ਮਿਲਣੇ ਦੀ,
ਤਾਂ ਉਸ ਦੇ ਵਾਸਤੇ ਕਰਨਾ ਪਊ ਜਿਗਰਾ ਨਦੀ ਵਰਗਾ।

ਇਵੇਂ ਨਾ ਭਟਕਦੇ ਰਾਹਾਂ 'ਚ ਫਿਰ ਸਾਡੇ ਕਦਮ 'ਦੀਪਕ',
ਕਿਤੇ ਜੇ ਪਿਆਰ ਮਿਲ ਜਾਂਦਾ ਅਸਾਂ ਨੂੰ ਰਹਿਬਰੀ ਵਰਗਾ।

## ਮਨਜੀਤ ਬੰਗਾ

ਇਤਬਾਰ ਨਾ ਰਿਹਾ ਹੁਣ, ਸੱਜਣਾ 'ਤੇ ਪਿਆਰਿਆਂ ਦਾ ।
ਇਕ ਸਿਲਸਿਲਾ ਨਾ ਮੁੱਕਦਾ, ਉਹਨਾਂ ਦੇ ਲਾਰਿਆਂ ਦਾ ।

ਲਹਿਰਾਂ ਦੀ ਇਹ ਰਵਾਨੀ, ਵੇਖੀ ਨਦੀ 'ਚ ਸਭ ਨੇ,
ਨਾ ਵੇਖਿਆ ਹੈ ਸੀਨਾ, ਜ਼ਖ਼ਮੀ ਕਿਨਾਰਿਆਂ ਦਾ।

ਮੁਰਦੇ ਜਿਵਾਲਦੇ ਮੈਂ, ਲੱਖਾਂ ਤਬੀਬ ਦੇਖੇ,
ਕੋਈ ਨਾ ਤੋੜ ਲੱਭਿਆ, ਹੁਸਨਾਂ ਦੇ ਮਾਰਿਆਂ ਦਾ।

ਅਰਸ਼ੀਂ ਸੀ ਜਦ ਚਮਕਦੇ ਆਸ਼ਕ ਤਮਾਮ ਹੀ ਸਨ ,
ਪੁੱਛਿਆ ਹੈ ਹਾਲ ਕਿਸਨੇ ਟੁੱਟੇ ਸਿਤਾਰਿਆਂ ਦਾ ?

ਉਹ ਇਸ਼ਕ ਦੀ ਕਹਾਣੀ, ਛੱਡ ਕੇ ਗਏ ਅਧੂਰੀ,
ਕੌਡੀ ਵੀ ਮੁੱਲ ਨਾ ਪਾਇਆ, ਮੇਰੇ ਹੁੰਗਾਰਿਆਂ ਦਾ।

ਕਲੀਆਂ 'ਤੇ ਫੁੱਲ ਵਿਛਾਏ ਜਿਸਦੇ ਮੈਂ ਰਸਤਿਆਂ ਵਿੱਚ,
ਉਸ ਹਾਰ ਮੇਰੇ ਗਲ਼ ਵਿੱਚ, ਪਾਇਆ ਅੰਗਾਰਿਆਂ ਦਾ ।

'ਮਨਜੀਤ' ਦਿਲ 'ਚ ਯਾਦਾਂ ਰੱਖੀਆਂ ਸੀ ਜੋ ਸਜਾ ਕੇ,
ਹੜ੍ਹ ਬਣ ਕੇ ਨਿਕਲ਼ੀਆਂ ਨੇ, ਹੰਝੂ ਉਹ ਖ਼ਾਰਿਆਂ ਦਾ ।



## ਸੋਮ ਦੱਤ 'ਦਿਲਗੀਰ'

ਮੈਂ ਵਿਦਾਈ ਦੇ ਸਮੇਂ ਰੋਇਆ ਨਹੀਂ।
ਦਾਗ਼ ਤੇਰਾ ਮੈਂ ਅਜੇ ਧੋਇਆ ਨਹੀਂ।

ਮੈਂ ਹਵਾ ਦੇ ਵਾਂਗਰਾਂ ਬੇ-ਰੰਗ ਸੀ,
ਇਸ ਲਈ ਮੈਂ ਹੋ ਕੇ ਵੀ ਹੋਇਆ ਨਹੀਂ।

ਖ਼ੁਸ਼ਕ ਮੌਸਮ ਜ਼ਰਦ ਪੱਤੇ ਨਾਲ ਨੇ,
ਫੇਰ ਵੀ ਫੁੱਲ ਜੀਅ ਰਿਹਾ ਮੋਇਆ ਨਹੀਂ।

ਸਿਰਫ਼ ਕੰਡੇ ਲੈ ਕੇ ਉੱਗਰੇ ਜੋ ਕਦੇ,
ਬੀਜ ਇੰਜ ਉਲਫ਼ਤ ਦਾ ਮੈਂ ਬੋਇਆ ਨਹੀਂ।

ਮੇਰੇ ਘਰ ਦਾ ਤਿੜਕਿਆ ਸ਼ੀਸ਼ਾ ਕਿਉਂ ?
ਮੈਂ ਤਾਂ ਅਪਣੇ ਰੂ-ਬ-ਰੂ ਹੋਇਆ ਨਹੀਂ।

ਮਹਿਲ ਵਾਂਗਰ ਇਸ ਦਫ਼ਾ ਬਰਸਾਤ ਵਿਚ,
ਝੌਂਪੜਾ ਮੇਰਾ ਵੀ 'ਤੇ ਚੋਇਆ ਨਹੀਂ।

ਖ਼ੁਰ ਨਾ ਜਾਏ ਤੇਰਾ ਚਿਹਰਾ ਅੱਖ 'ਚੋਂ,
ਇਸ ਲਈ ਜੀਅ ਭਰ ਕੇ ਮੈਂ ਰੋਇਆ ਨਹੀਂ।

ਮੈਂ ਹਕੀਕਤ ਜਾਣਦਾ ਸੀ ਖ਼ੁਆਬ ਦੀ,
ਇਸ ਲਈ ਮੈਂ ਰਾਤ ਭਰ ਸੋਇਆ ਨਹੀਂ।

## 2

ਸਦਾ ਹਰਫ਼ਾਂ ’ਤੇ ਦਰਦਾਂ ਦਾ ਭਿਅੰਕਰ ਹਾਦਸਾ ਹੋਵੇ।
ਇਹ ਗੱਲ ਸੱਚੀ ਕਿਤੇ ਵੀ ਨਾ ਇਨ੍ਹਾਂ ਦਾ ਫ਼ੈਸਲਾ ਹੋਵੇ।

ਉਦੋਂ ਮੁਸਕਾਨ ਝੂਠੀ ਮੂੰਹ ਦੇ ਉੱਤੇ ਟਿਕ ਨਹੀਂ ਸਕਦੀ,
ਜਦੋਂ ਅਪਣੇ ਹੀ ਅੰਦਰ ਦਰਦ ਕੋਈ ਡੁਸਕਦਾ ਹੋਵੇ।

ਉਦ੍ਹੀ ਖ਼ਾਤਰ ਮੈਂ ਤਨ ਦੇ ਮਾਸ ਦਾ ਬਿਸਤਰ ਬਣਾ ਦਿੰਦਾ,
ਕਦੇ ਜੇ ਆਉਣ ਮਗਰੋਂ ਉਹ ਘੜੀ ਪਲ ਅਟਕਦਾ ਹੋਵੇ।

ਮੇਰੇ ਵਾਂਗੂ ਮੇਰੇ ਰੱਬਾ! ਤਸੱਵਰ ਤੋਂ ਹਕੀਕਤ ਤੱਕ,
ਕੋਈ ਨਾ ਨੀਂਦ ਨੂੰ ਅੱਖਾਂ ’ਚ ਲੈ ਕੇ ਭਟਕਦਾ ਹੋਵੇ।

ਮੈਂ ਕਮਰੇ ਵਿਚ ਸਜਾਉਂਦਾ ਸੀ ਜਦੋਂ ਤਸਵੀਰ ਸਾਗਰ ਦੀ,
ਤਾਂ ਸਰਦਲ ਹੱਸ ਪਈ ਮੇਰੀ ਨਾ ਕੋਈ ਹਾਦਸਾ ਹੋਵੇ।

ਸ਼ਰਾਬੀ ਨੂੰ ਜਦੋਂ ਸਾਰਾ ਹੀ ਜੱਗ ਸਾਕੀ ਨਜ਼ਰ ਆਇਆ,
ਤਾਂ ਉਸਦਾ ਦਿਲ ਵੀ ਚਾਹੁੰਦਾ ਸੀ ਕੋਈ ਤਾਂ ਕੋਸਦਾ ਹੋਵੇ।



## 3.

ਝਨਾ ਅੱਖੀਆਂ ਦੀ ਵਿਚ ਉਸਨੇ ਜਵਾਨੀ ਨੂੰ ਵਹਾ ਦਿੱਤਾ।
’ਤੇ ਬਾਕੀ ਉਮਰ ਨੂੰ ਯਾਦਾਂ ਦੀਆਂ ਲਹਿਰਾਂ ’ਚ ਪਾ ਦਿੱਤਾ।

ਮੈਂ ਦਰਦੀ ਹੇਕ ਲਾ ਕੇ ਆਪਣਾ ਹੀ ਦਰਦ ਗਾ ਦਿੱਤਾ।
ਇਹ ਦੁਨੀਆ ਰੋ ਪਈ ਸਾਰੀ ਮੈਂ ਐਸਾ ਕੀ ਸੁਣਾ ਦਿੱਤਾ?

ਸੁਨਾਮੀ ਲਹਿਰ ਬਣਕੇ ਆਪ ਅੰਬਰ ’ਤੇ ਉਹ ਜਾ ਪੁੱਜੀ,
’ਤੇ ਮੈਨੂੰ ਤਲ ਬਣਾਕੇ ਬੱਸ! ਉਡੀਕਾਂ ਵਿਚ ਬਿਠਾ ਦਿੱਤਾ।

ਅਜੇਹਾ ਬਰਸਿਆ ਪਾਣੀ ਜੋ ਸੀ ਕੋਸਾ ਅਤੇ ਖ਼ਾਰਾ,
ਜਦੋਂ ਪੰਛੀ ਨੇ ਮੇਰਾ ਦਰਦ ਅੰਬਰ ਨੂੰ ਸੁਣਾ ਦਿੱਤਾ।

ਨਾ ਭੌਰੇ ਤੋਂ ਨਾ ਮਾਲੀ ਤੋਂ, ਨਾ ਬੁੱਤਾਂ ਤੋਂ ਗਿਆ ਜਰਿਆ,
ਜਦੋਂ ਤਿਤਲੀ ਨੇ ਮੈਨੂੰ ਹਾਰ ਫੁੱਲਾਂ ਦਾ ਸੀ ਪਾ ਦਿੱਤਾ।

ਮੇਰਾ ਦਿਲ ਯੁੱਗਾਂ-ਯੁੱਗਾਂ ਤੋਂ ਸੀ ਕਿ ਇਕ ਬੰਜਰ ਜਿਹੇ ਵਾਂਗੂੰ,
ਮਗਰ ਮੈਂ ਬੀਜ ਕੇ ਹਰਫ਼ਾਂ ਨੂੰ ਇਹ ਜੰਨਤ ਬਣਾ ਦਿੱਤਾ।

ਤੁਸੀਂ ਮੰਨੋ! ਜਾਂ ਨਾ ਮੰਨੋ! ਮਗਰ ਇਹ ਗੱਲ ਤਾਂ ਸੱਚੀ ਹੈ,
ਇਹ ਮੇਰਾ ਦਿਲ ਤਾਂ ਪੂਰਬ ਸੀ ਤੁਸੀਂ ਪੱਛਮ ਬਣਾ ਦਿੱਤਾ।

## ਸੁੱਚਾ ਸਿੰਘ 'ਲੇਹਲ'

ਅਸਾਡੀ ਪਿਆਸ ਕੀ ਬੁਝਣੀ, ਜਦੋਂ ਪਿਆਸੇ ਸਮੁੰਦਰ ਨੇ।
ਨਜ਼ਰ ਹੀ ਕਤਲ ਕਰ ਜਾਏ ਤਾਂ ਫਿਰ ਕਰਨਾ ਕੀ ਖ਼ੰਜਰ ਨੇ।

ਮੈਂ ਤੇਰੀ ਸਾਦਗੀ ਨੂੰ ਜਾਣਦਾਂ, ਤਾਂ ਹੀ ਤਾਂ ਕਹਿੰਦਾ ਹਾਂ,
ਕਿਸੇ ਵੀ ਹੋਰ ਦੇ ਪੱਲੇ ਕਦੋਂ ਐਨੇ ਅਡੰਬਰ ਨੇ।

ਕੋਈ ਆਵੇ ਜੇ ਪੈਗ਼ੰਬਰ, ਕਿਨੂੰ ਪੈਗ਼ਾਮ ਦੇਵੇ ਉਹ?
ਕਿ ਸਭ ਇਨਸਾਨ ਏਥੇ ਸਮਝਦੇ ਖ਼ੁਦ ਨੂੰ ਪੈਗ਼ੰਬਰ ਨੇ।

ਕਿਤੇ ਬੰਜਰ 'ਚ ਵੀ ਜੇ ਮਿਹਨਤੀ ਨੇ ਡੋਹਲਿਆ ਮੁੜ੍ਹਕਾ,
ਤਾਂ ਮਿਹਨਤ ਮੋੜ ਦਿੱਤੀ, ਫ਼ਸਲ ਦੇ ਦਿੱਤੀ ਹੈ ਬੰਜਰ ਨੇ।

ਕਦੋਂ ਉਹ ਗੱਲ ਸੁਣਦੇ ਨੇ ਕਿਸੇ ਤੋਂ ਰੱਬ ਦੇ ਘਰ ਦੀ,
ਜਿਨ੍ਹਾਂ ਠੇਕੇ ਬਣਾਏ ਗੁਰਦੁਆਰੇ, ਚਰਚ, ਮੰਦਰ ਨੇ।



## ਗੁਰਦੀਪ ਸਿਘ 'ਦੀਪ'

ਤੇਰੇ ਹਿੱਸੇ ਮੌਜ-ਬਹਾਰਾਂ।
ਸਾਡਾ ਦਾਮਨ ਮੱਲਿਆ ਖ਼ਾਰਾਂ।

ਨਾ ਅੰਬਰ ਨ ਜ਼ੱਰ੍ਹਾ ਬਣਿਆ,
ਐਸੀ ਮਾਰ ਹੈ ਮਾਰੀ ਯਾਰਾਂ।

ਨੈਣ ਤੇਰੇ ਜ਼ਹਿਰੀਲੇ ਖ਼ੰਜਰ,
ਕਰਦੇ ਦਿਲ 'ਤੇ ਗੁੱਝੀਆਂ ਮਾਰਾਂ।

ਤੇਰੇ ਹੱਥ ਖ਼ੁਸ਼ੀਆਂ ਦੀ ਡਫ਼ਲੀ,
ਸਾਡੇ ਹਿੱਸੇ ਸੋਗੀ ਤਾਰਾਂ।

ਦਿਲ ਦੇ ਝਰਨੇ ਵਿੱਚੋਂ ਫੁੱਟਣ,
ਨਿਸ-ਦਿਨ ਯਾਦ ਤੇਰੀ ਦੀਆਂ ਧਾਰਾਂ।

ਸ਼ਰਮ-ਹਯਾ ਜਿਹਨਾਂ ਦਾ ਗਹਿਣਾ,
ਕਿੱਥੇ ਜਾ ਵਸੀਆਂ ਉਹ ਨਾਰਾਂ?

ਯਾਦ ਤੇਰੀ ਹੈ ਦੁਲਹਨ ਜਿਸ ਤੋਂ,
ਨਿੱਤ ਸਾਹਾਂ ਦੇ ਮੋਤੀ ਵਾਰਾਂ।

'ਦੀਪ' ਇਹ ਗ਼ਮ ਉਸ ਵੇਲੇ ਤੱਕ ਨੇ,
ਜਦ ਤੱਕ ਹਨ ਸਾਹਾਂ ਦੀਆਂ ਡਾਰਾਂ।

## 2

ਹਰ ਸਤਰ ਮੇਰੀ ਤੇਰਾ ਹੀ ਨਾਮ ਸੱਜਣਾ ਬੋਲਦੀ।
ਹਰ ਨਜ਼ਾਰੇ 'ਚੋਂ ਨਜ਼ਰ ਸੂਰਤ ਹੈ ਤੇਰੀ ਟੋਲ੍ਹਦੀ।

ਦਿਲ ਜਲ਼ੇ, ਸੀਨਾ ਜਲ਼ੇ, ਜਿੰਦ ਮੂੰਹ ਤੋਂ ਕੁਝ ਨਾ ਬੋਲਦੀ।
ਪਰ ਕਲਮ ਮੇਰੀ ਰਹੇ ਕਾਗ਼ਜ਼ 'ਤੇ ਹੰਝੂ ਡੋਲ੍ਹਦੀ।

ਭਟਕਦੀ ਰਹਿੰਦੀ ਹੈ ਹਰ ਦਮ ਪੀੜ ਮੇਰੀ ਦਰ-ਬ-ਦਰ,
ਗੁੰਮ ਗਏ ਹਾਸੇ ਨੂੰ ਲੱਭਦੀ, ਚੈਨ ਦਿਲ ਦਾ ਟੋਲ੍ਹਦੀ।

ਬੋਲਦੇ ਭਾਵੇਂ ਨਾ ਰੁੱਖ ਇਹ ਰਹਿਣ ਗੁੰਮ-ਸੁੰਮ ਹੀ ਖੜ੍ਹੇ,
ਪੌਣ ਲੰਘ ਜਾਏ ਮਗਰ ਕੰਨਾਂ 'ਚ ਕੁਝ-ਕੁਝ ਬੋਲਦੀ।

ਹਰ ਕਦਮ 'ਤੇ ਹਾਦਸਾ ਹੈ, ਹਾਦਸਾ ਮੇਰਾ ਨਸੀਬ,
ਹੁਣ ਕਦੇ ਵੀ, ਰੂਹ ਨਾ ਮੇਰੀ ਹਾਦਸੇ ਤੋਂ ਡੋਲਦੀ।

ਦਿਲ ਦੀ ਪੁਸਤਕ ਜਦ ਕਦੀ ਖੋਲ੍ਹਾਂ ਮੈਂ ਤੇਰੀ ਯਾਦ ਵਿੱਚ,
ਸੋਚ ਮੇਰੀ ਵਰਕਿਆਂ 'ਚੋਂ ਨਕਸ਼ ਤੇਰੇ ਟੋਲ੍ਹਦੀ।

ਜਿਸ ਨੇ ਬੁਣਿਆ ਦਿਲ ਮੇਰੇ 'ਤੇ ਪਿਆਰ ਦਾ ਤਾਣਾ ਹਮੇਸ਼,
ਹੁਣ ਪਰਾਇਆਂ ਦੀ ਤਰ੍ਹਾਂ ਤੁਰ ਜਾਏ ਮੇਰੇ ਕੋਲ਼ਦੀ।

ਤੇਰਿਆਂ ਹੋਠਾਂ ਨੂੰ ਛੂਹ ਕੇ ਨਜ਼ਮ ਤੁਰਦੀ ਹੈ ਸਦਾ,
'ਤੇ ਗ਼ਜ਼ਲ ਤੈਨੂੰ ਸਦਾ ਝੱਲਿਆਂ ਦੇ ਵਾਂਗੂ ਟੋਲ੍ਹਦੀ।

'ਦੀਪ' ਜਲ ਉੱਠਦੇ ਨੇ ਮੇਰੇ ਦਿਲ ਦੇ ਸੁੰਨੇ ਮਹਿਲ ਵਿੱਚ,
ਜਦ ਕਦੀ ਉਹ ਮੁਸਕਰਾ ਕੇ ਲੰਘੇ ਮੇਰੇ ਕੋਲ਼ਦੀ।



## 3

ਚਾੜ੍ਹਦੇ ਨੇ ਲੋਕ ਵੇਖੋ! ਫੁੱਲ ਉਦ੍ਹੇ ਕਿਰਦਾਰ 'ਤੇ।
ਪੁੱਛ ਗ਼ਰੀਬਾਂ ਦੀ ਨਹੀਂ ਕੋਈ ਜਿਦ੍ਹੇ ਦਰਬਾਰ 'ਤੇ।

ਓਸ ਨੂੰ ਮੰਨਣ ਮਸੀਹਾ ਲੋਕ ਇਸ ਸੰਸਾਰ 'ਤੇ।
ਰੱਤ ਲੱਗਾ ਹੈ ਗ਼ਰੀਬਾਂ ਦਾ ਜਿਹਦੀ ਤਲਵਾਰ 'ਤੇ।

ਗੂੰਜਦੇ ਰਹਿੰਦੇ ਸਦਾ ਕੰਨਾਂ 'ਚ ਬੰਬ 'ਤੇ ਗੋਲ਼ੀਆਂ,
ਛਾ ਗਿਆ ਹੈ, ਇਕ ਬੁਰਾ ਸਾਇਆ ਮੇਰੇ ਘਰ-ਬਾਰ 'ਤੇ।

ਵਾਂਗ ਗਿਰਗਿਟ ਦੇ ਬਦਲਦੇ ਰਹਿਣ ਅਪਣਾ ਰੰਗ ਉਹ,
ਕਾਇਮ ਨਾ ਰਹਿੰਦੇ ਕਦੇ ਵੀ ਆਪਣੇ ਇਕਰਾਰ 'ਤੇ।

ਭਾਵੇਂ ਲੱਖ ਵਾਰੀ ਹੀ ਉਹ ਸੋਨੇ ਦਾ ਬਣ ਦਸਦਾ ਫਿਰੇ,
ਪਰ ਨਜ਼ਰ ਰੱਖੀਂ ਸਦਾ ਤੂੰ ਓਸ ਦੇ ਕਿਰਦਾਰ 'ਤੇ।

ਰੌਸ਼ਨੀ ਦੀ ਕਿਰਣ ਵਾਂਗੂ ਸ਼ਾਇਦ ਉਹ ਆ ਜਾਣਗੇ,
'ਦੀਪ' ਤਾਂ ਬਸ! ਜੀ ਰਿਹਾ ਹੈ ਸਿਰਫ਼ ਇਸ ਇਤਬਾਰ 'ਤੇ।

## ਗਗਨਦੀਪ ਸ਼ੇਰਗਿੱਲ

ਕਰਦੇ ਨੇ ਪਿੱਠ ਪਿੱਛੇ ਉਹ ਵਾਰ ਇਸ ਤਰ੍ਹਾਂ।
ਮੈਨੂੰ ਮਿਲੇ ਨੇ ਦੁਸ਼ਮਣ ਸੌ ਵਾਰ ਇਸ ਤਰ੍ਹਾਂ।

ਮਰ ਜਾਏਗੀ ਨਜ਼ਾਕਤ, ਮਿਟ ਜਾਏਗੀ ਮੁਹੱਬਤ,
ਠੱਗਣਗੇ ਇਕ-ਦੂਏ ਨੂੰ ਜੇ ਯਾਰ ਇਸ ਤਰ੍ਹਾਂ।

ਜੇ ਚਿਮਨੀਆਂ 'ਚੋਂ ਏਦਾਂ ਉੱਠਦਾ ਰਹੇਗਾ ਧੂੰਆਂ,
ਲੱਭਣੀ ਨਾ ਉੱਡਦੀ ਕੂੰਜਾਂ ਦੀ ਡਾਰ ਇਸ ਤਰ੍ਹਾਂ।

ਆਦਮੀ ਦੇ ਉੱਤੇ ਹੱਸੇਗਾ ਇਹ ਜ਼ਮਾਨਾ,
ਮਰਦਾ ਰਿਹਾ ਜੇ ਹਰ ਪਲ ਕਿਰਦਾਰ ਇਸ ਤਰ੍ਹਾਂ।

ਰਹਿ ਜਾਣਗੇ ਚਮਨ ਵਿਚ ਕੰਡੇ ਹੀ ਕੰਡੇ ਹਰ ਥਾਂ,
ਲੁੱਟਦੇ ਰਹੇ ਜੇ ਮਾਲੀ ਗੁਲਜ਼ਾਰ ਇਸ ਤਰ੍ਹਾਂ।

ਜ਼ਿੰਦਗੀ ਨਾ ਮਿਲਣੀ ਮਹਿਕਾਂ ਭਰੀ ਕਦੇ ਵੀ,
ਦੁੱਖਾਂ ਦੇ ਵਿਚ ਰਿਹਾ ਜੇ ਸੰਸਾਰ ਇਸ ਤਰ੍ਹਾਂ।



## ਦਲਜੀਤ ਪੱਖੋਵਾਲ

ਜਗਦੇ ਦੀਵੇ ਰਾਤਾਂ ਨੂੰ ਇਹ ਬੋਲ ਰਹੇ।
ਚੰਨ ਦਾ ਬੂਹਾ ਤਾਰੇ, ਕਿਉਂ ਨਹੀਂ ਖੋਲ੍ਹ ਰਹੇ?

ਕੱਲ ਜੋ ਸਿਰ 'ਤੇ ਅੰਮ੍ਰਿਤ ਚੁੱਕੀ ਫਿਰਦੇ ਸੀ,
ਅੱਜ ਪੌਣਾ ਵਿੱਚ ਓਹੀ ਜ਼ਹਿਰਾਂ ਘੋਲ਼ ਰਹੇ।

ਉਹ ਪੁੱਜਣਗੇ ਇਕ ਦਿਨ ਅਪਣੀ ਮੰਜ਼ਲ 'ਤੇ,
ਜੋ ਸਾਗਰ ਵਿੱਚ ਠਿਲ੍ਹ ਕੇ ਸਾਹਿਲ ਟੋਲ਼ ਰਹੇ।

ਅੱਜ ਪੌਣਾ ਨੇ ਚੁੰਮਿਆ ਰੁੱਖਾਂ ਦਾ ਆਂਚਲ,
ਤਾਂ ਹੀ ਪੱਤੇ ਗੀਤ ਵਫ਼ਾ ਦੇ ਬੋਲ ਰਹੇ।

ਉਸਦੇ ਬਾਝੋਂ ਤੜਪ-ਤੜਪ ਮਰ ਜਾਵਾਂਗਾ,
ਆਖੋ ਉਸਨੂੰ ਹਰ ਦਮ ਮੇਰੇ ਕੋਲ਼ ਰਹੇ।

ਖੌਰੇ! ਏਸ ਗਰਾਂ ਸੰਗ ਮੇਰਾ ਕੀ ਰਿਸ਼ਤਾ?
ਇਸਦੇ ਬੂਹੇ ਮੈਨੂੰ ਕੁਝ-ਕੁਝ ਬੋਲ ਰਹੇ।

ਮੁੱਦਤ ਮਗਰੋਂ ਪੈਦਾ ਕੀਤੀ ਜੋ ਕਵਿਤਾ,
ਉਸ ਕਵਿਤਾ ਨੂੰ ਉਹ ਰੱਦੀ ਵਿਚ ਤੋਲ ਰਹੇ।

ਦਿਲ ਵਿਚਲੀ ਹਰ ਰੀਝ ਪੁਕਾਰੇ ਐ 'ਜੀਤੇ'!
ਪੰਛੀ 'ਤੇ ਪਰਦੇਸੀ ਕਿਸਦੇ ਕੋਲ਼ ਰਹੇ?

## 2

ਮਾਤਮ ਦੇ ਵਿਚ ਡੁੱਬਿਆ ਮੌਸਮ ਦਿਲ ਰੁੱਖਾਂ ਦੇ ਰੋਏ।
ਪੀਲ਼ੇ ਹੋ ਕੇ ਪੱਤੇ ਜਦ ਟਾਹਣੀ ਤੋਂ ਵਿਦਿਆ ਹੋਏ।

ਰਹਿਮ ਕਰੋ ਰੁੱਖ ਆਖਣ ਲੱਗੇ ਸਾਡੀ ਜ਼ਿੰਦਗੀ ਬਖ਼ਸ਼ੋ!
ਲੱਕੜਹਾਰੇ ਜਦ ਏਹਨਾਂ ਦੇ ਥੱਲੇ ਆਣ ਖਲੋਏ।

ਘਾਹ ਦੇ ਉੱਤੇ ਤੜਫ਼ ਰਹੀ ਹੈ ਹਾਲੇ ਤੀਕਰ ਸ਼ਬਨਮ,
ਖ਼ੌਰੇ! ਕਿਸਦੀ ਯਾਦ 'ਚ ਰਾਤੀਂ ਤਾਰੇ ਏਨਾ ਰੋਏ?

ਮੇਰੇ ਦਿਲ ਦਾ ਸੂਰਜ ਕਾਹਤੋਂ ਕੰਬਣ ਹੈ ਲੱਗ ਪੈਂਦਾ,
ਜਦ ਉਹ ਚੰਨ ਦਾ ਟੋਟਾ ਮੇਰੇ ਅੱਗੇ ਆਣ ਖਲੋਏ।

ਤੇਰੀ ਭਾਲ ਦੇ ਅੰਦਰ ਝੱਲਾ ਇੰਝ ਕੁਰਲਾਵਣ ਲੱਗਾ,
ਜ਼ਖ਼ਮੀ ਪੰਛੀ ਜਿਉਂ ਅੰਬਰਾਂ 'ਤੇ ਉੱਡਦਾ-ਉੱਡਦਾ ਰੋਏ।

ਹੰਝੂਆਂ ਦਾ ਤੂੰ ਡੋਲ੍ਹ ਕੇ ਪਾਣੀ ਨਾ ਲਾ ਸੋਚ ਦੇ ਪੋਚੇ,
ਦਾਗ਼ ਜੋ ਲੱਗਦੇ ਜ਼ਿੰਦਗੀ ਉੱਤੇ ਕਦੇ ਨਾ ਜਾਂਦੇ ਧੋਏ।

ਓਨੇ ਜਨਮ ਤੇਰੇ ਲਈ ਜੀਣਾ 'ਤੇ ਮਰਨਾ ਮੈਂ 'ਜੀਤੇ',
ਜਿੰਨੇ ਤੇਰੀ ਅੱਖ ਨੇ ਮੇਰੇ ਨਾਂ ਦੇ ਹੰਝੂ ਚੋਏ।



## 3

ਰਸ ਚੂਸਿਆ ਹੈ ਗ਼ਮ ਨੇ ਦਿਲ ਦੇ ਗੁਲਾਬ ਵਿੱਚੋਂ।
ਵੇਖੋ! ਸਿਲਾ ਕੀ ਪਾਇਆ ਉਸਦੇ ਸ਼ਬਾਬ ਵਿੱਚੋਂ।

ਫੁੱਲਾਂ ਨੂੰ ਛੱਡ ਕੇ ਸੂਲ਼ਾਂ 'ਤੇ ਪੈ ਗਿਆ ਹੈ ਸੌਣਾ,
ਲੰਘਿਆ ਮੈਂ ਉਸਦੀ ਖ਼ਾਤਰ ਖ਼ੂਨੀ ਝਨਾਬ ਵਿੱਚੋਂ।

ਅੱਖਾਂ 'ਚੋਂ ਵਹਿੰਦੇ ਹੰਝੂ ਛਾਈ ਏ ਇੱਕ ਉਦਾਸੀ,
ਸੁਣ-ਸੁਣ ਕੇ ਰਾਗ ਤੇਰੀ ਵਜਦੀ ਰਬਾਬ ਵਿੱਚੋਂ।

ਰਾਤਾਂ ਨੂੰ ਉੱਚੀ-ਉੱਚੀ ਮੈਂ ਮਾਰਦਾ ਹਾਂ ਧਾਹਾਂ,
ਜਦ ਵੀ ਤੂੰ ਆ ਕੇ ਜਾਵੇਂ ਮੇਰੇ ਖ਼ੁਆਬ ਵਿੱਚੋਂ।

ਹਿੱਕ ਨਾਲ ਲਾ ਲਿਆ ਮੈਂ ਬੁੱਲ੍ਹਾਂ ਦੇ ਨਾਲ ਚੁੰਮਿਆ,
ਦਿਸਿਆ ਹੈ ਜਦ ਵੀ ਤੇਰਾ ਚਿਹਰਾ ਸ਼ਰਾਬ ਵਿੱਚੋਂ।

ਮੈਂ ਖ਼ੂਨ ਨਾਲ ਅਪਣੇ ਲਿਖਿਆ ਸੀ ਖ਼ਤ ਜੋ ਤੈਨੂੰ,
ਮਿਲ਼ਿਆ ਨਹੀਂ ਹੈ ਕੁਝ ਵੀ ਤੇਰੇ ਜਵਾਬ ਵਿੱਚੋਂ।

ਚਿਹਰੇ 'ਤੇ ਭਾਵੇਂ ਤੇਰੇ ਜ਼ੁਲਫ਼ਾਂ ਦਾ ਹੈ ਹਨੇਰਾ,
ਚੰਦ ਦਿਸ ਰਿਹਾ ਹੈ ਫਿਰ ਵੀ ਕਾਲ਼ੀ ਨਕਾਬ ਵਿੱਚੋਂ।

ਜੰਗਲ 'ਚ ਨਾ ਗਿਆ ਮੈਂ ਨਾ ਹੀ ਮੈਂ ਲਾਏ ਆਸਣ,
'ਜੀਤੇ' ਮੈਂ ਪਾ ਲਿਆ ਹੈ ਉਸਨੂੰ ਜਨਾਬ ਵਿੱਚੋਂ।

## 4

ਕਿਸ ਵਣਜਾਰੇ ਆ ਕੇ ਲੁੱਟੇ ਇਕ ਚਿਹਰੇ ਤੋਂ ਹਾਸੇ ?
ਅੱਖੀਆਂ ਦੇ ਇਹ ਛੰਭ ਮਟਿਆਲ਼ੇ ਹਰ ਦਮ ਰਹਿਣ ਉਦਾਸੇ।

ਤੈਨੂੰ ਚੇਤੇ ਕਰ-ਕਰ ਫੇਰਾਂ ਮੈਂ ਹੰਝੂਆਂ ਦੀ ਤਸਵੀ,
ਤੇਰੇ ਅੱਗੇ ਅੱਡੀ ਰੱਖਾਂ ਮੈਂ ਲੇਖਾਂ ਦੇ ਕਾਸੇ।

ਤੇਰੇ ਦਿਲ ਦੇ ਮੱਕੇ ਅੰਦਰ ਜਾਣੋਂ ਪਹਿਲਾਂ ਸੋਚਾਂ,
ਅਪਣੇ ਮਨ ਦੀ ਮੈਲ਼ੀ ਚਾਦਰ ਰੱਖਾਂ ਕਿਹੜੇ ਪਾਸੇ ?

ਰੁੰਡ-ਮੁੰਡ ਹੋਈਆਂ ਸ਼ਾਖਾਵਾਂ 'ਤੇ ਮੁੜ ਆ ਜਾਣੇ ਪੱਤੇ,
ਰੁੱਖਾਂ ਨੂੰ ਪਾ ਕੇ ਗਲ਼ਵਕੜੀ ਦਿੰਦੀ ਪੌਣ ਦਿਲਾਸੇ।

ਰੱਬ ਉਨ੍ਹਾ ਦੀ ਰੂਹ ਨੂੰ ਪਾਉਂਦਾ ਹੈ ਸਾਗਰ ਦੀ ਜੂਨੇ,
ਰੇਗਿਸਤਾਨਾਂ ਵਿਚ ਮਰ ਜਾਂਦੇ ਜੋ ਰਾਹਗੀਰ ਪਿਆਸੇ।

ਨਿੱਤ ਰੀਝਾਂ ਦੇ ਸੋਗ ਮਨਾਵਾਂ ਬਹਿ ਸੋਚਾਂ ਦੇ ਵਿਹੜੇ,
ਗ਼ਮ ਦਾ ਘੁਣ ਲੱਗ ਚੁੱਕਾ ਮੇਰੀ ਜਿੰਦੜੀ ਨੂੰ ਹਰ ਪਾਸੇ।

ਅੱਖਾਂ ਦੇ ਅੱਜ ਖ਼ਾਬ ਸੁਨਿਹਰੀ ਹੰਝੂ ਬਣਕੇ ਡੁੱਲ੍ਹਣ,
ਉੱਡਦਾ ਹੈ ਰਸਮਾਂ ਦਾ ਗ਼ਰਦਾ ਜਾਈਏ ਕਿਹੜੇ ਪਾਸੇ ?

ਤੇਰੀ ਦੀਦ ਲਈ ਤਿਰਹਾਏ ਨੈਣਾ ਦੇ ਦੋ ਪੰਛੀ,
ਵੇਖੀਂ 'ਜੀਤੇ' ਤੇਰੇ ਦਰ ਤੋਂ ਮੁੜ ਨਾ ਜਾਣ ਪਿਆਸੇ।



## 5

ਨਾ ਬੁੱਲ੍ਹਾਂ ਦਾ ਬੂਹਾ ਖੁੱਲ੍ਹਦਾ ਨਾ ਅੱਖਾਂ ਦੀ ਬਾਰੀ।
ਤੇਰੇ ਗ਼ਮ ਦਾ ਫ਼ਨੀਅਰ ਬੈਠਾ ਦਿਲ 'ਤੇ ਫ਼ਨ ਖਿਲਾਰੀ ।

ਹਰ ਖ਼ਤ ਤੇਰਾ ਪੜ੍ਹਕੇ ਰੋਵਾਂ ਚੁੰਮਾਂ ਸੌ-ਸੌ ਵਾਰੀ।
ਇਸ ਦੇ ਅੱਖਰਾਂ ਵਿੱਚੋਂ ਵੇਖਾਂ ਤੇਰੀ ਸੂਰਤ ਪਿਆਰੀ।

ਰੁੱਖਾਂ ਦੇ ਦਿਲ ਕੰਬਣ ਲੱਗੇ 'ਤੇ ਫੁੱਲ ਰੋਵਣ ਲੱਗੇ,
ਮਾਲੀ ਬਾਗ਼ 'ਚ ਆ ਵੜਿਆ ਜਦ ਹੱਥ ਵਿਚ ਲੈ ਕੇ ਆਰੀ।

ਨੀਂਦ ਦਾ ਨਗ਼ਮਾਂ ਖ਼ਤ ਵਿਚ ਲਿਖਕੇ ਸੱਜਣਾ ਮੈਨੂੰ ਪਾਈਂ,
ਸੂਲ਼ਾਂ ਉੱਤੇ ਰੋ-ਰੋ ਕੇ ਨਹੀਂ ਜਾਂਦੀ ਰਾਤ ਗੁਜ਼ਾਰੀ।

ਤੂੰ ਜਿੱਥੇ ਦਿਲ ਲਾਇਆ ਉਹ ਨੇ ਜਿਸਮਾਂ ਦੇ ਵਣਜਾਰੇ,
ਸੋਚੀਂ ਚਿੜੀਆਂ 'ਤੇ ਬਾਜ਼ਾਂ ਦੀ ਕਦ ਨਿਭਦੀ ਹੈ ਯਾਰੀ ?

ਸੂਲ਼ਾਂ ਨਾਲ ਝਰੀਟੀ ਜਿਸ ਨੇ ਫੁੱਲਾਂ ਵਰਗੀ ਜ਼ਿੰਦਗੀ,
ਨਾ ਜਾਣੇ ਕਿਉਂ ਦਿਲ ਨੂੰ ਲਗਦੀ ਹੈ ਉਹ ਤਿਤਲੀ ਪਿਆਰੀ ?

ਦਿਨ ਚੜ੍ਹਦੇ ਤੱਕ ਉਸ ਦਾ ਸੀਨਾ ਜਲ਼ ਕੇ ਕਾਲ਼ਖ ਬਣਿਆ,
ਜਿਸ ਨੇ ਹਿੱਕ 'ਤੇ ਦੀਪ ਜਗਾ ਕੇ ਸਾਰੀ ਰਾਤ ਗੁਜ਼ਾਰੀ।

ਸ਼ਾਇਦ ਥਲ ਦਾ ਤਪਦਾ ਸੀਨਾ ਕੁਝ ਠੰਡਾ ਹੋ ਜਾਵੇ,
ਇਸ ਦੇ ਉੱਪਰ ਜੇ ਵਰ੍ਹ ਜਾਵੇ ਬੱਦਲ਼ਾਂ ਦੀ ਫੁੱਲਕਾਰੀ।

ਮੇਰੀ ਗਲ੍ਹ ਦੇ ਥਲ 'ਤੇ ਉਸ ਦਮ ਨਕਸ਼ਾ ਬਣੇ ਨਦੀ ਦਾ,
ਜਦ ਅੱਖਾਂ ਦੇ ਅਰਸ਼ੋਂ ਹੁੰਦੀ ਕਿਣਮਿਣ-ਕਿਣਮਿਣ ਖ਼ਾਰੀ।

ਮੈਂ ਤੇਰਾ ਹਾਂ ਇਕ ਵਾਰੀ ਬਸ! ਏਹੀ ਮੂੰਹ ਤੋਂ ਕਹਿ ਦੇ,
ਏਸ ਖੁਸ਼ੀ ਵਿਚ ਕੱਟ ਲਵਾਂਗਾ 'ਜੀਤੇ' ਜ਼ਿੰਦਗੀ ਸਾਰੀ।

## ਰਾਜਵਿੰਦਰ ਸਿੰਘ 'ਰਾਜ'

ਝੂਠੇ ਸਭ ਯਾਰਾਨੇ ਨਿਕਲੇ।
ਅਪਣੇ ਵੀ ਬੇਗਾਨੇ ਨਿਕਲੇ।

ਯਾਦ ਤੇਰੀ ਆਈ ਤਾਂ ਦਿਲ 'ਚੋਂ,
ਦੁੱਖਾਂ ਭਰੇ ਤਰਾਨੇ ਨਿਕਲੇ।

ਪਿਆਰ, ਮੁਹੱਬਤ ਹਰਫ਼ ਵਫ਼ਾ ਦੇ,
ਸਭ ਦੇ ਸਭ ਬੇ-ਮਾਨ੍ਹੇ ਨਿਕਲੇ।

ਤੇਰੇ ਹਿਜਰ 'ਚ ਮੇਰੇ ਸੱਜਣਾ!
ਹੁਣ ਤੱਕ ਬਹੁਤ ਜ਼ਮਾਨੇ ਨਿਕਲੇ।

ਤੇਰੀ ਮਹਿਫ਼ਿਲ ਵਿੱਚੋਂ ਅੱਕੇ,
ਲੋਕੀਂ, ਜਾ ਮੈਖ਼ਾਨੇ ਨਿਕਲੇ।

'ਰਾਜ' ਸੀ ਜਿਸਦਾ ਦੀਵਾਨਾ,
ਉਸਦੇ ਸੌ ਦੀਵਾਨੇ ਨਿਕਲੇ।



### 2

ਤੇਰੇ ਕਿੰਨੇ ਪਿਆਰੇ ਨੈਣ?
ਕੱਜਲ ਨਾਲ ਸ਼ਿੰਗਾਰੇ ਨੈਣ।

ਤੇਰੇ ਹਿਜਰਾਂ ਮਾਰੇ ਨੈਣ।
ਰਹਿੰਦੇ ਅੱਜ ਕੱਲ੍ਹ ਖ਼ਾਰੇ ਨੈਣ।

ਦਿਲ ਮੇਰੇ 'ਤੇ ਕਰਦੇ ਵਾਰ,
ਤੇਰੇ ਤੇਜ਼-ਕਟਾਰੇ ਨੈਣ।

ਯਾਦ ਤੇਰੀ ਦਾ ਕੱਜਲ ਪਾ ਕੇ,
ਆਪਾਂ ਅੱਜ ਸ਼ਿੰਗਾਰੇ ਨੈਣ।

ਉੱਧਰ-ਉੱਧਰ ਮਹਿਕਾਂ ਖਿਲਰਣ,
ਜਿਸ ਪਾਸੇ ਤੂੰ ਮਾਰੇ ਨੈਣ।

ਤੇਰੇ ਮੁੱਖ ਦੇ ਅੰਬਰ 'ਤੇ ਇਹ,
ਚਮਕਣ ਚੰਨ-ਸਿਤਾਰੇ ਨੈਣ।

ਦੀਪਕ ਆਸ ਦਾ ਬੁੱਝਦਾ ਜਾਏ,
ਰਾਹ ਤੇਰਾ ਤੱਕ ਹਾਰੇ ਨੈਣ।

ਯਾਦ ਤੇਰੀ ਜਦ ਆਵੇ 'ਰਾਜ',
ਹੁੰਦੇ ਭਾਰ-ਭਾਰੇ ਨੈਣ।

## 3

ਕਿੰਨੇ ਸਨ ਉਹ ਪਿਆਰੇ ਦਿਨ?
ਤੇਰੇ ਨਾਲ ਗੁਜ਼ਾਰੇ ਦਿਨ।

ਸਾਰੇ ਜਗ ਤੋਂ ਨਿਆਰੇ ਦਿਨ।
ਚੇਤੇ ਆਉਂਦੇ ਸਾਰੇ ਦਿਨ।

ਕੋਈ ਕਿਵੇਂ ਗੁਜ਼ਾਰੇ ਦਿਨ?
ਤੇਰੇ ਬਿਨ ਇਹ ਖ਼ਾਰੇ ਦਿਨ।

ਮੌਤ ਕਿਨਾਰੇ ਪਹੁੰਚੇ ਨੇ,
ਜੋ ਸਨ ਬਹੁਤ ਪਿਆਰੇ ਦਿਨ।

ਮੈਂ ਤਾਂ ਕੋਸ਼ਿਸ਼ ਕਰਦਾ ਹਾਂ,
ਪਰ ਨਾ ਜਾਣ ਵਿਸਾਰੇ ਦਿਨ।

ਮੇਰੇ ਸੱਜਣਾ ਤੇਰੇ ਬਿਨ,
ਕਿੰਨੇ ਭਾਰੇ-ਭਾਰੇ ਦਿਨ?

ਜਾਨ ਕਰਾਂ ਮੈਂ ਤੇਰੇ ਨਾਂ,
ਦੇਵੇ ਰੱਬ ਉਧਾਰੇ ਦਿਨ।

'ਰਾਜ' ਮੁਹੱਬਤ ਕਰਕੇ ਮੈਂ,
ਕੀਤੇ ਸਭ ਦੁਪਿਆਰੇ ਦਿਨ।



## 4

ਸੋਹਣੀ ਸੂਰਤ ਪਿਆਰੀ ਰੱਖ।
ਦਿਲ ਦੇ ਵਿੱਚ ਖ਼ੁਮਾਰੀ ਰੱਖ।

ਹਰ ਇੱਕ ਨਾਲ ਤੂੰ ਯਾਰੀ ਰੱਖ।
ਪਰ ਕੁਝ-ਕੁਝ ਹੁਸ਼ਿਆਰੀ ਰੱਖ।

ਦਿਲ ਦਾ ਮਸਲਾ ਇਸਦੇ ਵਿੱਚ,
ਵੇਖ! ਜ਼ਰਾ ਹੁਸ਼ਿਆਰੀ ਰੱਖ।

ਦਿਲ 'ਤੇ ਡੰਗ ਇਹ ਮਾਰੇਗੀ,
ਬੰਦ ਤੂੰ ਯਾਦ ਪਟਾਰੀ ਰੱਖ।

ਪੈਰਾਂ ਹੇਠ ਲਿਤਾੜਣਗੇ,
ਉੱਚਿਆਂ ਸੰਗ ਨਾ ਯਾਰੀ ਰੱਖ।

ਮੰਜ਼ਲ ਮਿਲ ਜਾਏਗੀ 'ਰਾਜ',
ਅਪਣੀ ਕੋਸ਼ਿਸ਼ ਜਾਰੀ ਰੱਖ।

## ਸਤਨਾਮ ਸਿੰਘ ਚੌਹਾਨ

ਸਾਡੇ ਚਾਅ 'ਤੇ ਖ਼ੁਸ਼ੀਆਂ ਸਾਰੇ ਦੁੱਖਾਂ ਵਿੱਚ ਸਮੋਏ।
ਜਿੰਨੇ ਦੱਸੇ ਲੋਕਾਂ ਨੂੰ ਦੁੱਖ ਦੂਣ-ਸਵਾਏ ਹੋਏ।

ਦਰਦ ਕੋਈ ਨਹੀਂ ਐਸਾ ਜਿਹੜਾ ਪੱਲੇ ਪੈਣ ਤੋਂ ਬਚਿਆ,
ਜੀਉਂਦੇ ਰਹਿਣ ਦਾ ਚਾਅ ਸੀ ਸਾਨੂੰ ਕਰ ਦਿੱਤਾ ਅਧਮੋਏ।

ਦਰਦ ਲੁਕੋਈਏ ਲੋਕਾਂ ਕੋਲੋਂ ਯਤਨ ਬਥੇਰਾ ਕੀਤਾ,
ਅਪਣੇ ਆਪ ਹੀ ਹੰਝੂ ਗਏ ਨੇ ਅੱਖਾਂ ਵਿਚ ਪਰੋਏ।

ਜਿਹੜਾ ਮੌਤ ਕਿਸੇ ਦੀ ਮਰਦਾ ਜਿਹੜਾ ਹੰਝੂ ਪੂੰਝੇ,
ਵਿਰਲਾ ਹੀ ਕੋਈ ਦੁਨੀਆ ਅੰਦਰ ਦੁੱਖ ਦਾ ਦਰਦੀ ਹੋਏ।

ਪੰਛੀ ਵੀ ਛੱਡ ਜਾਂਦੇ ਡੇਰੇ ਸੁੱਕੇ ਬਾਗ਼ਾਂ ਵਿੱਚੋਂ,
ਮੁੜ ਨਹੀਂ ਮੁੜਦੇ ਇਸ ਦੁਨੀਆ 'ਤੇ ਜੋ ਜਾਂਦੇ ਨੇ ਮੋਏ।

ਇਹ ਦੁਨੀਆ ਹੈ ਦੁੱਖਾਂ ਦੀ 'ਤੇ ਖ਼ੁਸ਼ੀਆਂ ਦੇ ਸਭ ਸੰਗੀ,
ਦਰਦ ਹੀ ਚੀਜ਼ ਹੈ ਐਸੀ ਜਿਸਦੇ ਲੱਗੇ ਜਾਣੇ ਸੋਏ।



## ਅਜਮੇਰ ਸਿੰਘ 'ਦੀਵਾਨਾ'

ਚੇਤੇ ਕਰ-ਕਰ ਤੇਰੇ ਲਾਰੇ।
ਰਾਤ ਲੰਘਾਈ ਗਿਣ-ਗਿਣ ਤਾਰੇ।

ਅਜੇ ਨਾ ਆਏ ਆਵਣ ਵਾਲੇ,
ਪੁੱਛਦੇ ਨੇ ਮੈਨੂੰ ਲੋਕੀਂ ਸਾਰੇ।

ਬੇ-ਵੱਸ ਹਾਂ ਬੇ-ਵੱਸਾਂ ਕੋਲ਼ੋਂ,
ਚੱਲਦੇ ਨਹੀਂ ਕੋਈ ਕੋਈ ਹੀਲੇ-ਚਾਰੇ।

ਕਿਹੜੀ ਗੱਲੋਂ ਹੌਲ਼ੇ ਪੈ ਗਏ ?
ਦੋਸ਼ ਨੇ ਮੇਰੇ, ਏਡੇ ਭਾਰੇ।

ਤੇਰੀਆਂ ਨੂੰ ਤੂੰ ਆਪੇ ਜਾਣੇਂ,
ਤੇਰੇ ਸੱਭੇ ਚੋਜ ਨਿਆਰੇ।

ਜਿੱਤ ਗਏ ਉਹ ਖੇਡ ਹਾਰ ਕੇ,
ਆਪਾਂ ਜਿੱਤ ਕੇ ਬਾਜ਼ੀ ਹਾਰੇ।

## 2

ਇਹ ਜੀਵਨ ਦਾ ਸਾਗਰ ਕਿਨਾਰੇ ਤੋਂ ਖ਼ਾਲੀ।
ਇਹ ਬੇੜੀ ਦਾ ਚੱਪੂ ਸਹਾਰੇ ਤੋਂ ਖ਼ਾਲੀ।

ਦਿਸਣ ਕੋਣੇ-ਕੋਣੇ 'ਚ ਫੁੱਲਾਂ ਦੇ ਖੇੜੇ,
ਇਹ ਪਰ ਹੈ ਬਗ਼ੀਚੀ ਫ਼ੁਹਾਰੇ ਤੋਂ ਖ਼ਾਲੀ।

ਇਹ ਦੱਸੋ ਭਲਾ ਉਹ ਕਾਹਦੀ ਮੁਹੱਬਤ?
ਕਿ ਜਿਹੜੀ ਮੁਹੱਬਤ ਨਜ਼ਾਰੇ ਤੋਂ ਖ਼ਾਲੀ।

ਇਹ ਕਿੱਦਾਂ ਇਹ ਕਹੀਏ ਚੰਗੀ ਹੈ ਕਿਸਮਤ?
ਕਿ ਜਿਹੜੀ ਹੈ ਭਾਗਾਂ ਦੇ ਤਾਰੇ ਤੋਂ ਖ਼ਾਲੀ।

ਉਹ ਦਿਲ ਵੀ ਕੋਈ ਦਿਲ ਹੈ 'ਦੀਵਾਨਾ',
ਕਿ ਜਿਸ ਦੀ ਵੀ ਧੜਕਣ ਹੈ ਪਿਆਰੇ ਤੋਂ ਖ਼ਾਲੀ।





1. ਮਨਜ਼ੂਰ ਹੁਸ਼ਿਆਰਪੁਰੀ (1895-1980) ਪੂਰਾ ਨਾਂ: ਕੁੰਦਨ ਲਾਲ, ਪਿੰਡ: ਚੱਕ ਰਾਜੂ ਸਿੰਘ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਹੁਸ਼ਿਆਰਪੁਰ ਸ਼ਹਿਰ।
2. ਦਾਮਨ ਹੁਸ਼ਿਆਰਪੁਰੀ (1902-22ਜਨਵਰੀ 1982) ਪੂਰਾ ਨਾਂ: ਜਲੰਧਰੀ ਰਾਮ, ਹੁਸ਼ਿਆਰਪੁਰ ਸ਼ਹਿਰ।
3. ਮੋਤਾ ਸਿੰਘ 'ਸ਼ਰਨ' (1904-26 ਅਗਸਤ 1986) ਪਿੰਡ: ਮੁਕੀਮ ਪੁਰ, ਜ਼ਿਲ੍ਹਾ:ਹੁਸ਼ਿਆਰਪੁਰ।
4. ਮੁਜਰਿਮ ਦਸੂਹੀ (09 ਸਤੰਬਰ 1909-16 ਜਨਵਰੀ 1985) ਪੂਰਾ ਨਾਂ: ਹਰਬੰਸ ਲਾਲ,ਦਸੂਹਾ,ਹੁਸ਼ਿਆਰਪੁਰ।
5. ਖ਼ੁਸ਼ੀ ਰਾਮ 'ਰਿਸ਼ੀ'( ਸਵਰਗੀ) (1910) ਪਿੰਡ: ਝਿੰਗੜ ਕਲਾਂ, ਤਹਿਸੀਲ: ਦਸੂਹਾ, ਜ਼ਿਲ੍ਹਾ:ਹੁਸ਼ਿਆਰਪੁਰ।
6. ਠਾਕੁਰ ਭਾਰਤੀ (21 ਅਪ੍ਰੈਲ 1911-22 ਦਸਬੰਰ 1999) ਪੂਰਾ ਨਾਂ: ਖੇਮ ਚੰਦਰ ਠਾਕੁਰ, ਜੀਂਦ, ਹਰਿਆਣਾ। ਰਿਹਾਇਸ਼: ਹੁਸ਼ਿਆਰਪੁਰ ਸ਼ਹਿਰ।
7. ਈਸ਼ਵਰ ਚਿੱਤਰਕਾਰ (1912-1971) ਪਿੰਡ: ਪੋਸੀ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ:ਹੁਸ਼ਿਆਰਪੁਰ।
8. ਦਾਗ਼ੀ ਗੜ੍ਹਸ਼ੰਕਰੀ (1916-1972) ਗੜ੍ਹ ਸ਼ੰਕਰ, ਹੁਸ਼ਿਆਰਪੁਰ।
9. ਪਿਆਰਾ ਸਿੰਘ ਰਮਤਾ (15 ਜੂਨ 1917) ਪਿੰਡ: ਹੁਸੈਨ ਪੁਰ-ਲਾਲੋਵਾਲ, ਤਹਿਸੀਲ:ਦਸੂਹਾ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਭੋਗਪੁਰ, ਜ਼ਿਲ੍ਹਾ: ਜਲੰਧਰ।
10. ਬਿਸ਼ਨ ਸਿੰਘ ਉਪਾਸ਼ਕ (1919-1969) ਪਿੰਡ: ਲਾਂਬੜਾ, ਨੇੜੇ: ਬੁੱਲ੍ਹੋਵਾਲ, ਜ਼ਿਲ੍ਹਾ:ਹੁਸ਼ਿਆਰਪੁਰ।
11. ਡਾ. ਜਮਾਲ ਹੁਸ਼ਿਆਰਪੁਰੀ (ਪਾਕਿਸਤਾਨ) (13 ਅਪ੍ਰੈਲ 1923-ਦਸੰਬਰ 2005) ਪਿੰਡ: ਸਲੇਹਰੀਆਂ ਕਲਾਂ, ਤਹਿਸੀਲ: ਦਸੂਹਾ, ਜ਼ਿਲ੍ਹਾ: ਹੁਸ਼ਿਆਰਪੁਰ।
12. ਸਰਬਆਨੰਦ ਸਿੰਘ 'ਮੁਸ਼ਕਿਲ' (15 ਅਗਸਤ 1925-05 ਮਾਰਚ 1992) ਪਿੰਡ: ਮੂਣਕ ਕਲਾਂ, ਤਹਿਸੀਲ: ਦਸੂਹਾ, ਜ਼ਿਲ੍ਹਾ: ਹੁਸ਼ਿਆਰਪੁਰ।

13. ਅੰਮ੍ਰਿਤ ਦਸੂਹੀ (01 ਸਤੰਬਰ 1925) ਦਸੂਹਾ, ਹੁਸ਼ਿਆਰਪੁਰ।

14. ਤਾਰਾ ਸਿੰਘ ਕੋਮਲ, ਪਿੰਡ: ਬੱਸੀ ਗ਼ੁਲਾਮ ਹੁਸੈਨ, ਤਹਿਸੀਲ 'ਤੇ ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਫ਼ਰੀਦਾਬਾਦ।

15. ਬੇਦਿਲ ਹੁਸ਼ਿਆਰਪੁਰੀ (20 ਜੁਲਾਈ 1926) ਪੂਰਾ ਨਾਂ: ਦਿਲਜੀਤ ਸਿੰਘ, ਪਿੰਡ: ਘੜਿਆਲ, ਜ਼ਿਲ੍ਹਾ: ਜਲੰਧਰ। ਹੁਸ਼ਿਆਰਪੁਰ ਵਿਖੇ ਨੌਕਰੀ। ਰਿਹਾਇਸ਼: ਦਿੱਲੀ।

16. ਰਾਮ ਪਿਆਰਾ ਦੀਵਾਨਾ (28 ਅਗਸਤ 1926) ਪਿੰਡ: ਬੱਠੀਆਂ-ਬ੍ਰਾਹਮਣਾਂ, ਜ਼ਿਲ੍ਹਾ: ਹੁਸ਼ਿਆਰਪੁਰ।

17. ਪ੍ਰਵੇਜ਼ ਹੁਸ਼ਿਆਰਪੁਰੀ (14 ਜਨਵਰੀ 1928-15 ਨਵਬੰਰ 1990) ਜਨਮ: ਕਪੂਰਥਲਾ। ਰਿਹਾਇਸ਼: ਹੁਸ਼ਿਆਰਪੁਰ ਸ਼ਹਿਰ।

18. ਜੋਗਿੰਦਰ ਬਾਹਰਲਾ (07 ਫ਼ਰਵਰੀ 1928-25 ਫ਼ਰਵਰੀ 2000) ਪਿੰਡ: ਜਿਆਣ, ਨੇੜੇ ਚੱਬੇਵਾਲ, ਜ਼ਿਲ੍ਹਾ: ਹੁਸ਼ਿਆਰਪੁਰ।

19. ਮੁਨੀਰ ਨਿਆਜ਼ੀ (ਪਾਕਿਸਤਾਨ) (19 ਅਪ੍ਰੈਲ 1928-26 ਦਸੰਬਰ 2006) ਪਿੰਡ: ਖ਼ਾਨ ਪੁਰ, ਨੇੜੇ ਹੁਸ਼ਿਆਰਪੁਰ ਸ਼ਹਿਰ।

20. ਕੇਸਰ ਸਿੰਘ 'ਆਜਿਜ਼' (28 ਅਕਤੂਬਰ 1928) ਅਲਾਚੌਰ, ਜ਼ਿਲ੍ਹਾ: ਹੁਸ਼ਿਆਰਪੁਰ। ਹੁਣ ਜ਼ਿਲ੍ਹਾ: ਨਵਾਂ ਸ਼ਹਿਰ।

21. ਹਬੀਬ ਜਾਲਿਬ (ਪਾਕਿਸਤਾਨ) (1928-ਮਾਰਚ 1993) ਮਿਆਣੀ ਪਠਾਣਾਂ, ਜ਼ਿਲ੍ਹਾ: ਹੁਸ਼ਿਆਰਪੁਰ।

22. ਮਹਿੰਗਾ ਸਿੰਘ 'ਹੋਸ਼' (05 ਸਤਬੰਰ 1929-22 ਜੁਲਾਈ 2005) ਪਿੰਡ: ਸਿੰਬਲ ਮਜਾਰਾ, ਜ਼ਿਲ੍ਹਾ: ਹੁਸ਼ਿਆਰਪੁਰ। ਹੁਣ ਜ਼ਿਲ੍ਹਾ: ਨਵਾਂ ਸ਼ਹਿਰ।

23. ਤਾਰਾ ਸਿੰਘ 'ਕਾਮਿਲ' (15 ਅਗਸਤ 1929-02 ਫ਼ਰਵਰੀ 1993) ਪਿੰਡ: ਹੂਕੜਾਂ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਦਿੱਲੀ।

24. ਜਸਵੰਤ ਸਿੰਘ ਭੌਰ (25 ਦਸੰਬਰ 1931) ਪਿੰਡ: ਬਹਿਬਲ ਪੁਰ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਦਿੱਲੀ।

25. ਗੁਲਵੰਤ ਫ਼ਾਰਗ਼ (01 ਫ਼ਰਵਰੀ 1932) ਪਿੰਡ: ਬਾਹਲੇ, ਜ਼ਿਲ੍ਹਾ: ਹੁਸ਼ਿਆਰਪੁਰ।

26. ਦਲਜੀਤ ਸਿੰਘ ਸ਼ਾਨ (28 ਜੁਲਾਈ 1932-29 ਮਈ 2002) ਪਿਸ਼ਾਵਰ, ਪਾਕਿਸਤਾਨ। ਰਿਹਾਇਸ਼: ਪਿੰਡ: ਮੁਕੀਮ ਪੁਰ, ਜ਼ਿਲ੍ਹਾ: ਹੁਸ਼ਿਆਰਪੁਰ।

27. ਸਾਧੂ ਸਿੰਘ ਆਂਚਲ (09 ਅਕਤੂਬਰ 1932) ਪਿੰਡ: ਪਧਿਆਣਾ, ਜ਼ਿਲ੍ਹਾ: ਜਲੰਧਰ। ਰਿਹਾਇਸ਼: ਦਿੱਲੀ। ਹੁਸ਼ਿਆਰਪੁਰ ਨਾਲ ਸਾਹਿਤਕ ਸਾਂਝ।



28. ਅਜਾਇਬ ਕਮਲ (03 ਅਕਤੂਬਰ 1932) ਪਿੰਡ ਡਾਂਡੀਆਂ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

29. ਹਰਭਜਨ ਸਿੰਘ ਸਾਜਨ (28 ਜਨਵਰੀ 1933) ਪਿੰਡ: ਪੰਡੋਰੀ ਬਾਵਾ ਦਾਸ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਟਾਂਡਾ, ਹੁਸ਼ਿਆਰਪੁਰ।

30. ਅਨੂਪ ਸਿੰਘ ਨੂਰੀ (15 ਜੁਲਾਈ 1934) ਕਰਤਾਰਪੁਰ। ਹੁਸ਼ਿਆਰਪੁਰ ਨਾਲ ਸਾਹਿਤਕ ਸਾਂਝ।

31. ਸ.ਸ. ਮੀਸ਼ਾ (30 ਅਗਸਤ 1934-21 ਸਤਬੰਰ 1986) ਪਿੰਡ: ਭੇਟ, ਜ਼ਿਲ੍ਹਾ: ਜਲੰਧਰ। ਸਰਕਾਰੀ ਕਾਲਜ ਹੁਸ਼ਿਆਰਪੁਰ ਦਾ ਸਾਬਕਾ ਵਿਦਿਆਰਥੀ।

32. ਨਾਦਰ ਜਾਜਵੀ (ਪਾਕਿਸਤਾਨ) 8 ਸਤੰਬਰ 1934 ਪਿੰਡ: ਜਾਜਾ, ਜ਼ਿਲ੍ਹਾ: ਹੁਸ਼ਿਆਰਪੁਰ।

33. ਸਿਰੀ ਰਾਮ ਅਰਸ਼ (15 ਦਸੰਬਰ 1934) ਲੁਧਿਆਣਾ। ਹੁਸ਼ਿਆਰਪੁਰ ਵਿਖੇ ਨੌਕਰੀ। ਰਿਹਾਇਸ਼: ਮੋਹਾਲੀ।

34. ਸਵਰਨ ਸਿੰਘ ਪਰਵਾਨਾ (05 ਮਾਰਚ 1935) ਪਿੰਡ: ਸਿੰਬਲੀ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਡੈਨਮਾਰਕ।

35. ਡਾ. ਜਗਤਾਰ (23 ਮਾਰਚ 1935) ਪਿੰਡ: ਰਾਜ ਗੋਮਾਲ, ਜ਼ਿਲ੍ਹਾ: ਜਲੰਧਰ। ਰਿਹਾਇਸ਼: ਜਲੰਧਰ। ਹੁਸ਼ਿਆਰਪੁਰ ਵਿਖੇ ਨੌਕਰੀ।

36. ਅਮਰ ਮਸੀਤਪਲ ਕੋਟ (09 ਸਤੰਬਰ 1935) ਪਿੰਡ: ਮਸੀਤਪਲ ਕੋਟ, ਤਹਿਸੀਲ: ਦਸੂਹਾ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਜਲੰਧਰ।

37. ਸੁਰਿੰਦਰ ਦੀਪ (1936-23 ਨਵੰਬਰ 1987) ਪਿੰਡ: ਮੇਘੋਵਾਲ ਗੰਜਿਆਂ, ਜ਼ਿਲ੍ਹਾ: ਹੁਸ਼ਿਆਰਪੁਰ।

38. ਦੇਵਿੰਦਰ 'ਜੋਸ਼' (16 ਜਨਵਰੀ 1936-10 ਅਪ੍ਰੈਲ 1991) ਸਰਗੋਧਾ (ਪਾਕਿਸਤਾਨ) ਰਿਹਾਇਸ਼: ਹੁਸ਼ਿਆਰਪੁਰ ਸ਼ਹਿਰ।

39. ਬਿਸ਼ਨ ਸਿੰਘ ਮਤਵਾਲਾ (04 ਮਾਰਚ 1936-05 ਅਗਸਤ 2006) ਪਿੰਡ : ਨਡਾਲੋਂ, ਤਹਿਸੀਲ: ਫ਼ਗਵਾੜਾ, ਜ਼ਿਲ੍ਹਾ: ਕਪੂਰਥਲਾ। ਹੁਸ਼ਿਆਰਪੁਰ ਨਾਲ ਸਾਹਿਤਕ ਸਾਂਝ।

40. ਗੁਰਦਿਆਲ ਪੰਜਾਬੀ (04 ਅਪ੍ਰੈਲ 1936-27 ਮਈ 2006) ਪਿੰਡ: ਕੁੱਕੜਾਂ, ਤਹਿਸੀਲ : ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

41. ਭਗਵਾਨ ਸਿੰਘ ਦੀਪਕ (30 ਅਪ੍ਰੈਲ 1936) ਹੁਸ਼ਿਆਰਪੁਰ ਸ਼ਹਿਰ। ਰਿਹਾਇਸ਼: ਦਿੱਲੀ।

42. ਗਿਆਨ ਸਿੰਘ ਸੰਧੂ (01ਮਈ 1936) ਪਿੰਡ: ਗਿੱਲੋਤਰਾਂ ਵਾਲੀ, ਤਹਿਸੀਲ: ਚਨਿਓਟ, ਜ਼ਿਲ੍ਹਾ: ਝੰਗ (ਪਾਕਿਸਤਾਨ) ਰਿਹਾਇਸ਼: ਹੁਸ਼ਿਆਰਪੁਰ।

43. ਐੱਲ. ਡੀ. ਪ੍ਰਦੇਸੀ (ਅਗਸਤ 1936-18 ਮਈ 1995) ਹੁਸ਼ਿਆਰਪੁਰ ਵਿਖੇ ਨੌਕਰੀ।

44. ਸੋਮ ਨਾਥ ਭੱਟੀ (04 ਅਗਸਤ 1936) ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

45. ਮਹਿੰਦਰ ਦੀਵਾਨਾ (11ਅਕਤੂਬਰ 1936) ਪਿੰਡ: ਪੱਤਵਾਲੀ, ਤਹਿਸੀਲ: ਤਲਾਗੰਗ, ਜ਼ਿਲ੍ਹਾ: ਕੈਂਵਲਪੁਰ (ਪਾਕਿਸਤਾਨ) ਰਿਹਾਇਸ਼: ਹੁਸ਼ਿਆਰਪੁਰ ਸ਼ਹਿਰ।

46. ਕਸ਼ਮੀਰਾ ਸਿੰਘ 'ਚਮਨ' (02 ਦਸੰਬਰ 1936) ਪਿੰਡ: ਕੋਟ ਫਤੂਹੀ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

47. ਗਿੱਲ ਮੋਰਾਂਵਾਲੀ (20 ਮਈ 1937) ਪਿੰਡ: ਮੋਰਾਂਵਾਲੀ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਕੈਨੇਡਾ।

48. ਸੁਖਪਾਲਵੀਰ ਸਿੰਘ 'ਹਸਰਤ' (27 ਅਗਸਤ 1938-1995) ਚੱਕ ਨੰ: 09, ਤਹਿਸੀਲ: ਖਾਨੇਵਾਲ, ਜ਼ਿਲ੍ਹਾ: ਮੁਲਤਾਨ (ਪਾਕਿਸਤਾਨ) ਹੁਸ਼ਿਆਰਪੁਰ ਵਿਖੇ ਨੌਕਰੀ।

49. ਮੋਹਨ ਸਿੰਘ ਬੈਰੀ (01 ਜਨਵਰੀ 1939) ਪਿੰਡ: ਕੰਧਾਲੀ ਨਾਰੰਗਪੁਰ, ਤਹਿਸੀਲ: ਦਸੂਹਾ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਦਿੱਲੀ।

50. ਰਕਸ਼ਪਾਲ (05 ਜਨਵਰੀ 1939) ਪਿੰਡ: ਰੌੜੀਆਂ, ਤਹਿਸੀਲ 'ਤੇ ਜ਼ਿਲ੍ਹਾ: ਹੁਸ਼ਿਆਰਪੁਰ।

51. ਸੋਹਨ ਲਾਲ 'ਦਰਦੀ' (10 ਦਸੰਬਰ 1939) ਪਿੰਡ: ਅਰਗੋਵਾਲ, ਤਹਿਸੀਲ: ਦਸੂਹਾ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਜਲੰਧਰ।

52. ਕੁਲਤਾਰ (11 ਫ਼ਰਵਰੀ 1940) ਪਿੰਡ: ਭੇਰਾ, ਜ਼ਿਲ੍ਹਾ: ਸਰਗੋਧਾ (ਪਾਕਿਸਤਾਨ) ਰਿਹਾਇਸ਼: ਹੁਸ਼ਿਆਰਪੁਰ।

53. ਜਗਜੀਤ ਸਿੰਘ ਕੋਮਲ (11 ਮਾਰਚ 1941) ਪਿੰਡ: ਹਰਿਆਣਾ, ਜ਼ਿਲ੍ਹਾ: ਹੁਸ਼ਿਆਰਪੁਰ।

54. ਸੁਖਦੇਵ ਕੌਰ 'ਚਮਕ' (04 ਅਪ੍ਰੈਲ 1941) ਟੋਭਾ ਟੇਕ ਸਿੰਘ, ਜ਼ਿਲ੍ਹਾ: ਲਾਇਲਪੁਰ (ਪਾਕਿਸਤਾਨ) ਰਿਹਾਇਸ਼: ਦਸੂਹਾ।

55. ਸੁਰਿੰਦਰ ਗਿੱਲ (06 ਅਗਸਤ 1941) ਪਿੰਡ : ਪੰਡੋਰੀ, ਨੇੜੇ: ਮਾਹਿਲ ਕਲਾਂ, ਜ਼ਿਲ੍ਹਾ: ਸੰਗਰੂਰ। ਰਿਹਾਇਸ਼: ਕਪੂਰਥਲਾ। ਹੁਸ਼ਿਆਰਪੁਰ ਵਿਖੇ ਨੌਕਰੀ।



56. ਆਦਰਸ਼ ਕੁਮਾਰ ਦਰਸ਼ੀ (01 ਅਪ੍ਰੈਲ 1942) ਪਿੰਡ: ਬਹਿਰਾਮ ਸਰਿਸ਼ਤਾ (ਨਾਨਕਾ ਪਿੰਡ) ਰਿਹਾਇਸ਼: ਦਸੂਹਾ।

57. ਪਰਕਾਸ਼ ਰਾਮ ਖ਼ਾਮੋਸ਼ (10 ਜੂਨ 1942) ਪਿੰਡ: ਬਡਾਲਾ ਪੱਕਾ, ਤਹਿਸੀਲ: ਦਸੂਹਾ, ਜ਼ਿਲ੍ਹਾ: ਹੁਸ਼ਿਆਰਪੁਰ।

58. ਸਰਵਣ ਸਿੱਧੂ ਮੋਰਾਂਵਾਲੀ (21 ਮਾਰਚ 1943) ਪਿੰਡ: ਮੋਰਾਂਵਾਲੀ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

59. ਡਾ. ਰਣਧੀਰ ਸਿੰਘ 'ਚੰਦ' (24 ਅਗਸਤ 1943-26 ਮਾਰਚ 1992) ਪਿੰਡ: ਪਰਤਾਬਪੁਰਾ, ਜ਼ਿਲ੍ਹਾ: ਜਲੰਧਰ। ਹੁਸ਼ਿਆਰਪੁਰ ਵਿਖੇ ਨੌਕਰੀ।

60. ਆਤਮਾ ਰਾਮ ਕਿਸ਼ਨਪੁਰੀ (12 ਨਵੰਬਰ 1943-16 ਮਾਰਚ 1999) ਪਿੰਡ: ਕਿਸ਼ਨਪੁਰ, ਤਹਿਸੀਲ: ਬਲਾਚੌਰ, ਜ਼ਿਲ੍ਹਾ: ਹੁਸ਼ਿਆਰਪੁਰ। ਹੁਣ ਜ਼ਿਲ੍ਹਾ: ਨਵਾਂਸ਼ਹਿਰ।

61. ਸੱਜਾਦ ਮਿਰਜ਼ਾ (ਪਾਕਿਸਤਾਨ) (08 ਫ਼ਰਵਰੀ 1944) ਹੁਸ਼ਿਆਰਪੁਰ।

62. ਗੁਰਚਰਨ ਸਿੰਘ ਅਰਸ਼ੀ (13 ਮਈ 1944) ਪਿੰਡ: ਭੁਲਾਣਾ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਦਿੱਲੀ।

63. ਗੁਰਬਖ਼ਸ਼ ਡੋਗਰਾ (10 ਮਾਰਚ 1945) ਕਰਾਚੀ (ਪਾਕਿਸਤਾਨ) ਰਿਹਾਇਸ਼: ਹੁਸ਼ਿਆਰਪੁਰ।

64. ਦੀਦਾਰ ਸਿੰਘ ਦੀਦਾਰ (10 ਜੂਨ 1945-30 ਦਸੰਬਰ 1993) ਪਿੰਡ: ਓਡ੍ਹਰਾ, ਤਹਿਸੀਲ: ਦਸੂਹਾ, ਜ਼ਿਲ੍ਹਾ: ਹੁਸ਼ਿਆਰਪੁਰ।

65. ਤਰਸੇਮ ਸਿੰਘ ਸਫ਼ਰੀ (15 ਨਵੰਬਰ 1945) ਪਿੰਡ: ਗਰਨਾ ਸਾਹਿਬ ਬੋਦਲ, ਤਹਿਸੀਲ: ਦਸੂਹਾ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਦਸੂਹਾ।

66. ਇਸਤਮੁੱਲਾ ਸਾਕੀ (ਪਾਕਿਸਤਾਨ) (1946) ਹੁਸ਼ਿਆਰਪੁਰ।

67. ਅਮਰੀਕ ਡੋਗਰਾ (15 ਮਾਰਚ 1946) ਗੜ੍ਹਦੀਵਾਲਾ, ਜ਼ਿਲ੍ਹਾ: ਹੁਸ਼ਿਆਰਪੁਰ।

68. ਗੁਰਬਖ਼ਸ਼ ਜੱਸ (20 ਮਾਰਚ 1947) ਪੁਰਹੀਰਾਂ, ਹੁਸ਼ਿਆਰਪੁਰ।

69. ਤਾਲਿਬ ਹੁਸ਼ਿਆਰਪੁਰੀ, ਪੂਰਾ ਨਾਂ: ਕਮਲਜੀਤ ਸ਼ਰਮਾ (24 ਮਾਰਚ 1946-04 ਜੁਲਾਈ 2003) ਹੁਸ਼ਿਆਰਪੁਰ ਸ਼ਹਿਰ।

70. ਜਸਵੀਰ ਸਿੰਘ ਧੀਮਾਨ (24 ਦਸੰਬਰ 1946) ਹੁਸ਼ਿਆਰਪੁਰ ਸ਼ਹਿਰ।

71. ਜ਼ਾਹਿਦ ਨਵਾਜ਼ (ਪਾਕਿਸਤਾਨ) (16 ਮਾਰਚ 1947) ਪਿੰਡ: ਜਹਾਨ ਖੇਲਾਂ, ਜ਼ਿਲ੍ਹਾ: ਹੁਸ਼ਿਆਰਪੁਰ।

72. ਨਜ਼ੀਰ ਕੈਸਰ (ਪਾਕਿਸਤਾਨ) ਜ਼ਿਲ੍ਹਾ: ਹੁਸ਼ਿਆਰਪੁਰ।

ਸਿੱਦੀਕ ਥੇਕਸ ਕਾਦਰੀ (ਪਾਕਿਸਤਾਨ) ਜਿਲ੍ਹਾ: ਹੁਸ਼ਿਆਰਪੁਰ।

73. 

74. ਦੀਦਾਰ ਸ਼ੇਤਰਾ (01 ਜਨਵਰੀ 1948) ਪਿੰਡ: ਕੌਲਗੜ੍ਹ, ਨੇੜੇ ਬਲਾਚੌਰ, ਜ਼ਿਲ੍ਹਾ: ਹੁਸ਼ਿਆਰਪੁਰ। ਹੁਣ ਜ਼ਿਲ੍ਹਾ: ਨਵਾਂ ਸ਼ਹਿਰ।

75. ਭਗਤ ਬਛੌੜੀ (20 ਅਪ੍ਰੈਲ 1948) ਪਿੰਡ: ਬਛੌੜੀ, ਤਹਿਸੀਲ: ਬਲਾਚੌਰ, ਜ਼ਿਲ੍ਹਾ: ਹੁਸ਼ਿਆਰਪੁਰ। ਹੁਣ ਜ਼ਿਲ੍ਹਾ: ਨਵਾਂ ਸ਼ਹਿਰ।

76. ਜਸਵੰਤ ਪਰਮਾਰ 'ਚਮਨ' (01ਸਤੰਬਰ 1949) ਪਿੰਡ ਟੂਟੋ ਮਜ਼ਾਰਾ, ਜ਼ਿਲ੍ਹਾ: ਹੁਸ਼ਿਆਰਪੁਰ।

77. ਕੁੰਦਨ ਲਾਲ 'ਪਾਲ' (09 ਅਗਸਤ 1950) ਰਹੀਮ ਪੁਰ, ਹੁਸ਼ਿਆਰਪੁਰ ਸ਼ਹਿਰ। ਰਿਹਾਇਸ਼: ਅਮਰੀਕਾ।

78. ਸਬਜਿੰਦਰ ਕੇਦਾਰ (01 ਫ਼ਰਵਰੀ 1951) ਟਾਟਾ ਨਗਰ, ਜਮਸ਼ੇਦਪੁਰ, ਝਾੜਖੰਡ, ਜੱਦੀ ਪਿੰਡ: ਪੁਰਹੀਰਾਂ। ਰਿਹਾਇਸ਼: ਹੁਸ਼ਿਆਰਪੁਰ ਸ਼ਹਿਰ।

79. ਸੁਰਿੰਦਰ ਬਿਸ਼ਨਪੁਰੀ (28 ਦਸਬੰਰ 1951–22 ਜਨਵਰੀ 2006) ਪਿੰਡ: ਬਿਸ਼ਨਪੁਰ, ਤਹਿਸੀਲ: ਮੁਕੇਰੀਆਂ, ਜ਼ਿਲ੍ਹਾ: ਹੁਸ਼ਿਆਰਪੁਰ।

80. ਸੁਰਿੰਦਰ ਖੇਤਰਪਾਲ (01ਜਨਵਰੀ 1952) ਹੁਸ਼ਿਆਰਪੁਰ।

81. ਰੇਸ਼ਮ ਚਿੱਤਰਕਾਰ (07 ਜੁਲਾਈ 1952) ਪਿੰਡ ਪੋਸੀ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

82. ਨਰਿੰਦਰ ਡਾਨਸੀਵਾਲ (31 ਦਸੰਬਰ 1952) ਪਿੰਡ: ਡਾਨਸੀਵਾਲ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

83. ਕਪਿਲ ਦੇਵ (15 ਜਨਵਰੀ 1953) ਪਿੰਡ: ਘੰਡਾਵਲ ਪਨੋਹ, ਜ਼ਿਲ੍ਹਾ: ਊਨਾ, ਹਿਮਾਚਲ ਪ੍ਰਦੇਸ਼। ਰਿਹਾਇਸ਼: ਹੁਸ਼ਿਆਰਪੁਰ ਸ਼ਹਿਰ।

84. ਰਣਧੀਰ ਸਿੰਘ ਗਿੱਧਾ (03 ਜੂਨ 1953) ਪਿੰਡ: ਖਡਿਆਲਾ ਸੈਣੀਆਂ, ਜ਼ਿਲ੍ਹਾ: ਹੁਸ਼ਿਆਰਪੁਰ।

85. ਜੋਗਾ ਸਿੰਘ ਬਠੁੱਲਾ (25 ਨਵਬੰਰ 1953) ਪਿੰਡ: ਬਠੁੱਲਾ, ਨੇੜੇ ਚੱਬੇਵਾਲ, ਜ਼ਿਲ੍ਹਾ: ਹੁਸ਼ਿਆਰਪੁਰ।

86. ਸੱਜਣ ਸਿੰਘ 'ਸੱਜਣ' (02 ਮਾਰਚ 1954) ਪਿੰਡ: ਮੇਘੋਵਾਲ ਦੁਆਬਾ, ਤਹਿਸੀਲ:ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

87. ਬਲਦੇਵ ਸਿੰਘ ਬੱਦਨ (15 ਅਪ੍ਰੈਲ 1954) ਪਿੰਡ: ਡੱਫਰ, ਤਹਿਸੀਲ: ਦਸੂਹਾ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਦਿੱਲੀ।

88. ਸੰਧੂ ਵਰਿਆਣਵੀ (24 ਜੂਨ 1954) ਪਿੰਡ: ਦਿਆਲਪੁਰ, ਤਹਿਸੀਲ: ਫਿਲੌਰ, ਜ਼ਿਲ੍ਹਾ: ਜਲੰਧਰ। ਸਰਕਾਰੀ ਕਾਲਜ ਪੋਜੇਵਾਲ, ਹੁਸ਼ਿਆਰਪੁਰ ਵਿਖੇ ਨੌਕਰੀ।



89. ਡਾ. ਹਰਚਰਨ (07 ਅਗਸਤ 1954) ਹੁਸ਼ਿਆਰਪੁਰ ਸ਼ਹਿਰ।

90. ਮਨਜੀਤ ਸਿੰਘ 'ਪ੍ਰੀਤ' (ਅਪ੍ਰੈਲ 1955) ਪਿੰਡ: ਨੌਨੀਤਪੁਰ, ਜ਼ਿਲ੍ਹਾ: ਹੁਸ਼ਿਆਰਪੁਰ।

91. ਇਕਵਿੰਦਰ ਸਿੰਘ (ਢੱਟ) (03 ਅਪ੍ਰੈਲ 1955) ਪੁਰਹੀਰਾਂ, ਹੁਸ਼ਿਆਰਪੁਰ ਸ਼ਹਿਰ। ਜੱਦੀ ਪਿੰਡ: ਕੰਧਾਲੀ ਨਾਰੰਗਪੁਰ, ਤਹਿਸੀਲ: ਦਸੂਹਾ, ਜ਼ਿਲ੍ਹਾ: ਹੁਸ਼ਿਆਰਪੁਰ।

92. ਡਾ. ਜਨਮੀਤ (08 ਅਪ੍ਰੈਲ 1955) ਪਿੰਡ: ਕੌਲਪੁਰ, ਤਹਿਸੀਲ: ਮੁਕੇਰੀਆਂ, ਜ਼ਿਲ੍ਹਾ: ਹੁਸ਼ਿਆਰਪੁਰ।

93. ਬਲਵੀਰ ਮਾਧੋਪੁਰੀ (24 ਜੁਲਾਈ 1955) ਪਿੰਡ: ਮਾਧੋਪੁਰ, ਜ਼ਿਲ੍ਹਾ: ਜਲੰਧਰ। ਸਰਕਾਰੀ ਕਾਲਜ ਟਾਂਡਾ (ਹੁਸ਼ਿਆਰਪੁਰ) ਦਾ ਸਾਬਕਾ ਵਿਦਿਆਰਥੀ। ਰਿਹਾਇਸ਼: ਦਿੱਲੀ।

94. ਮਿਸਰਦੀਪ ਭਾਟੀਆ (07 ਸਤੰਬਰ 1955) ਪਿੰਡ: ਨੈਣੋਵਾਲ ਵੈਦ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਦਿੱਲੀ।

95. ਜਸਪਾਲ ਧਾਮੀ (12 ਜਨਵਰੀ 1956) ਪਿੰਡ: ਬੈਰਮਪੁਰ, ਜ਼ਿਲ੍ਹਾ: ਹੁਸ਼ਿਆਰਪੁਰ।

96. ਕੁਲਵਿੰਦਰ ਕੌਰ ਸ਼ੇਰਗਿੱਲ (05 ਨਵੰਬਰ 1956) ਪਿੰਡ: ਸੀਕਰੀ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਹੁਸ਼ਿਆਰਪੁਰ ਸ਼ਹਿਰ।

97. ਭੋਲਾ ਰਾਮ 'ਜੱਸਲ' (05 ਮਾਰਚ 1957) ਪਿੰਡ: ਐਮਾ ਜੱਟਾਂ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਗੜ੍ਹਸ਼ੰਕਰ।

98. ਸੁਰਿੰਦਰ ਕੰਗਵੀ (08 ਮਾਰਚ 1957) ਸਲਵਾੜਾ, ਹੁਸ਼ਿਆਰਪੁਰ ਸ਼ਹਿਰ।

99. ਕਮਲਦੇਵ ਪਾਲ (09 ਅਗਸਤ 1957) ਰਹੀਮਪੁਰ, ਹੁਸ਼ਿਆਰਪੁਰ ਸ਼ਹਿਰ। ਰਿਹਾਇਸ਼: ਅਮਰੀਕਾ।

100. ਸੁਖਦੇਵ ਹੀਰ (13 ਨਵੰਬਰ 1957) ਪਿੰਡ: ਤਾਜੋਵਾਲ, ਡਾਕਖ਼ਾਨਾ: ਬੁੱਲੋਵਾਲ, ਜ਼ਿਲ੍ਹਾ: ਹੁਸ਼ਿਆਰਪੁਰ।

101. ਡਾ. ਸਰਦੂਲ ਸਿੰਘ (21 ਨਵੰਬਰ 1957) ਪਿੰਡ: ਦੁਸਾਂਝ ਖ਼ੁਰਦ, ਜ਼ਿਲ੍ਹਾ: ਨਵਾਂ ਸ਼ਹਿਰ। ਹੁਸ਼ਿਆਰਪੁਰ ਵਿਖੇ ਨੌਕਰੀ।

102. ਸੁਰਜੀਤ ਕਰੜਾ (13 ਮਾਰਚ 1958) ਪਿੰਡ: ਘਮੌਰ, ਜ਼ਿਲ੍ਹਾ: ਨਵਾਂ ਸ਼ਹਿਰ। ਹੁਸ਼ਿਆਰਪੁਰ ਵਿਖੇ ਨੌਕਰੀ।

103. ਹਰਦਿਆਲ ਹੁਸ਼ਿਆਰਪੁਰੀ (15 ਅਗਸਤ 1958) ਹੁਸ਼ਿਆਰਪੁਰ।

104. ਜਤਿੰਦਰ ਪੱਤੜ (17 ਅਗਸਤ, 1959) ਜਨਮ-ਪਿੰਡ: ਸਿੰਗੜੀਵਾਲਾ (ਨਾਨਕਾ ਪਿੰਡ) ਜ਼ਿਲ੍ਹਾ: ਹੁਸ਼ਿਆਰਪੁਰ। ਪਿੰਡ: ਪੱਤੜ ਕਲਾਂ, ਜ਼ਿਲ੍ਹਾ: ਜਲੰਧਰ। ਰਿਹਾਇਸ਼: ਇੰਗਲੈਂਡ।

105. ਅੰਮ੍ਰਿਤ ਦੀਵਾਨਾ (12 ਨਵੰਬਰ 1959) ਪਿੰਡ ਬਡੇਸਰੋਂ, ਤਹਿਸੀਲ: ਗੜ੍ਹਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ, ਰਿਹਾਇਸ਼: ਕੈਨੇਡਾ।

106. ਬਲਵਿੰਦਰ ਸੈਣੀ (14 ਅਪ੍ਰੈਲ 1960) ਪਿੰਡ: ਸਟਿਆਣਾ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਕੈਨੇਡਾ।

107. ਨਵਤੇਜ ਗੜ੍ਹਦੀਵਾਲਾ (06 ਅਗਸਤ 1961) ਗੜ੍ਹਦੀਵਾਲਾ, ਤਹਿਸੀਲ:ਦਸੂਹਾ, ਜ਼ਿਲ੍ਹਾ: ਹੁਸ਼ਿਆਰਪੁਰ।

108. ਸੁਰਿੰਦਰ ਸੀਹਰਾ (05 ਸਤੰਬਰ 1961) ਪਿੰਡ: ਗੋਲੀਆਂ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਇੰਗਲੈਂਡ।

109. ਕੁਲਵਿੰਦਰ 'ਫੁੱਲ' (16 ਨਵੰਬਰ 1961) ਪਿੰਡ: ਕਡਿਆਣਾ, ਜ਼ਿਲ੍ਹਾ: ਜਲੰਧਰ। ਸਰਕਾਰੀ ਕਾਲਜ ਹੁਸ਼ਿਆਰਪੁਰ ਦਾ ਸਾਬਕਾ ਵਿਦਿਆਰਥੀ। ਰਿਹਾਇਸ਼: ਜਲੰਧਰ ਸ਼ਹਿਰ।

110. ਸੋਹਨ ਕੋਜ਼ੀ (01 ਮਈ 1962) ਹੁਸ਼ਿਆਰਪੁਰ ਸ਼ਹਿਰ।

111. ਜਸਵੀਰ ਕਾਲਰਵੀ (04 ਜੁਲਾਈ 1962) ਪਿੰਡ: ਕਾਲਰਾ, ਜ਼ਿਲ੍ਹਾ: ਜਲੰਧਰ। ਹੁਸ਼ਿਆਰਪੁਰ ਵਿਖੇ ਨੌਕਰੀ। ਰਿਹਾਇਸ਼: ਕੈਨੇਡਾ।

112. ਮਦਨ ਵੀਰਾ (15 ਨਵਬੰਰ 1962) ਬੱਸੀ ਸੋਢੀਆਂ, ਤਹਿਸੀਲ 'ਤੇ ਜ਼ਿਲ੍ਹਾ: ਹੁਸ਼ਿਆਰਪੁਰ।

113. ਪ੍ਰੇਮ ਸਿੰਘ ਹਾਰਟਾ (10 ਮਾਰਚ 1963) ਪਿੰਡ: ਹਾਰਟਾ, ਤਹਿਸੀਲ 'ਤੇ ਜ਼ਿਲ੍ਹਾ: ਹੁਸ਼ਿਆਰਪੁਰ।

114. ਸੁੱਖੀ ਪਰਵਾਨਾ (11 ਮਈ 1963) ਜਨਮ: ਲੁਧਿਆਣਾ। ਜੱਦੀ ਪਿੰਡ: ਸਿੰਬਲੀ, ਤਹਿਸੀਲ: ਗੜ੍ਹਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਡੈਨਮਾਰਕ।

115. ਪ੍ਰੇਮ ਸਾਹਿਲ (11ਜੁਲਾਈ 1963) ਪਿੰਡ: ਸਕਰੂਲੀ, ਤਹਿਸੀਲ: ਗੜ੍ਹਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਦੇਹਰਾਦੂਨ।

116. ਆਦੇਸ਼ ਅੰਕੁਸ਼ (01 ਅਪ੍ਰੈਲ 1964) ਪਿੰਡ: ਧਿਆਨ ਪੁਰ, ਜ਼ਿਲ੍ਹਾ: ਗੁਰਦਾਸਪੁਰ। ਹੁਸ਼ਿਆਰਪੁਰ ਵਿਖੇ ਨੌਕਰੀ।

117. ਬਲਜਿੰਦਰ ਮਾਨ (15 ਮਈ 1964) ਪਿੰਡ: ਮਹਿਮਦਵਾਲ, ਤਹਿਸੀਲ: ਗੜ੍ਹਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।



118. ਸ਼ਾਮ ਸੁੰਦਰ (22 ਦਸਬੰਰ 1964) ਪਿੰਡ: ਪੋਸੀ, ਤਹਿਸੀਲ: ਗੜ੍ਹਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

119. ਕਸ਼ਿਸ਼ ਹੁਸ਼ਿਆਰਪੁਰੀ (01 ਮਾਰਚ 1965) ਪਿੰਡ: ਖੜਿਆਲਾ ਸੈਣੀਆਂ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਹੁਸ਼ਿਆਰਪੁਰ ਸ਼ਹਿਰ।

120. ਐਸ. ਡੀ. ਕ੍ਰਿਸ਼ਨਾ ਰਾਓ (13 ਅਕਤੂਬਰ 1965) ਪਿੰਡ: ਕੈਂਡੋਵਾਲ, ਤਹਿਸੀਲ: ਗੜ੍ਹਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

121. ਹਰਮੀਤ ਸਿੰਘ ਅਟਵਾਲ (04 ਮਾਰਚ 1968) ਪਿੰਡ: ਖ਼ੁਰਦਪੁਰ, ਜ਼ਿਲ੍ਹਾ: ਜਲੰਧਰ। ਸਰਕਾਰੀ ਕਾਲਜ ਹੁਸ਼ਿਆਰਪੁਰ ਦਾ ਸਾਬਕਾ ਵਿਦਿਆਰਥੀ।

122. ਸੁਖਦੇਵ ਨਡਾਲੋਂ (05 ਮਈ 1968) ਪਿੰਡ: ਨਡਾਲੋਂ, ਤਹਿਸੀਲ: ਗੜ੍ਹਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

123. ਸਾਂਵਲ ਧਾਮੀ (19 ਜੂਨ 1968) ਪੂਰਾ ਨਾਂ : ਚਰਨ ਪੁਸ਼ਪਿੰਦਰ ਸਿੰਘ, ਪਿੰਡ: ਸਿੰਗੜੀਵਾਲਾ, ਤਹਿਸੀਲ 'ਤੇ ਜ਼ਿਲ੍ਹਾ: ਹੁਸ਼ਿਆਰਪੁਰ।

124. ਅਮਰੀਕ ਹਮਰਾਜ਼ (29 ਅਗਸਤ 1968) ਪਿੰਡ: ਬਗਵਾਈਂ, ਤਹਿਸੀਲ: ਗੜ੍ਹਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

125. ਕੁਲਵਿੰਦਰ 'ਕੁੱਲਾ' (14 ਸਤੰਬਰ 1968) ਪਿੰਡ: ਆਲੋਵਾਲ, ਤਹਿਸੀਲ: ਬਲਾਚੌਰ, ਜ਼ਿਲ੍ਹਾ: ਹੁਸ਼ਿਆਰਪੁਰ, ਹੁਣ ਜ਼ਿਲ੍ਹਾ: ਨਵਾਂ ਸ਼ਹਿਰ।

126. ਜਸਵੰਤ ਸਿੰਘ ਚੰਨ (03 ਜਨਵਰੀ 1969) ਪਿੰਡ: ਲਾਦੀਆਂ, ਜ਼ਿਲ੍ਹਾ: ਜਲੰਧਰ। ਫਾਰਮ: ਪਿੰਡ: ਅਟੱਲ ਗੜ੍ਹ, ਤਹਿਸੀਲ 'ਤੇ ਜ਼ਿਲਾ: ਹੁਸ਼ਿਆਰਪੁਰ।ਰਿਹਾਇਸ਼: ਸਪੇਨ।

127. ਰਣਜੀਤ ਪੋਸੀ (13 ਜਨਵਰੀ 1970) ਪਿੰਡ: ਪੋਸੀ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

128. ਹਰਵਿੰਦਰ ਸਾਹਬੀ (02 ਸਤਬੰਰ 1970) ਪਿੰਡ: ਕਬੀਰ ਪੁਰ, ਡਾਕਖਾਨਾ: ਭੂੰਗਾ, ਤਹਿਸੀਲ 'ਤੇ ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਹੁਸ਼ਿਆਰਪੁਰ ਸ਼ਹਿਰ।

129. ਰੋਸ਼ਨੀ ਕੁਮਾਰੀ 'ਹਮਰਾਹ' (22 ਨਵਬੰਰ 1970) ਪਿੰਡ: ਨੈਣੋਵਾਲ ਵੈਦ, ਜ਼ਿਲ੍ਹਾ: ਹੁਸ਼ਿਆਰਪੁਰ।

130. ਜਸਵਿੰਦਰ ਜੱਸੀ (30 ਅਪ੍ਰੈਲ 1971) ਪਿੰਡ: ਮੌਜੋ ਮਜਾਰਾ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

131. ਅਸ਼ੋਕ ਅਸ਼ਕ (10 ਦਸਬੰਰ1971) ਪਿੰਡ: ਜੇਜੋਂ ਦੁਆਬਾ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

132. ਰਾਕੇਸ਼ ਕੁਮਾਰ 'ਆਜ਼ਾਦ' (02 ਨਵੰਬਰ 1972) ਪਿੰਡ: ਅਮਲੋਹ, ਜ਼ਿਲ੍ਹਾ: ਫ਼ਤਿਹਗੜ੍ਹ ਸਾਹਿਬ। ਰਿਹਾਇਸ਼: ਪੁਰਹੀਰਾਂ, ਹੁਸ਼ਿਆਰਪੁਰ ਸ਼ਹਿਰ।

133. ਵਿਜੈ ਭੱਟੀ (26 ਦਸੰਬਰ 1972) ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

134. ਕੁਲਵੀਰ ਗੋਜਰਾ (01 ਅਪ੍ਰੈਲ 1973) ਪਿੰਡ: ਸੋਤਲਾ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼: ਦਿੱਲੀ।

135. ਕੁਲਦੀਪ ਦੀਪਕ (10 ਅਗਸਤ 1975) ਪਿੰਡ: ਬੱਸੀ ਦੌਲਤ ਖਾਂ, ਤਹਿਸੀਲ 'ਤੇ ਜ਼ਿਲ੍ਹਾ ਹੁਸ਼ਿਆਰਪੁਰ।

136. ਮਨਜੀਤ ਬੰਗਾ (25 ਮਈ 1977) ਪਿੰਡ: ਰਾਮਪੁਰ ਬਿਲੜੋਂ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

137. ਸੋਮਦੱਤ 'ਦਿਲਗੀਰ' (10 ਅਗਸਤ 1979) ਪਿੰਡ: ਗੱਜਰ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

138. ਸੁੱਚਾ ਸਿੰਘ 'ਲੇਹਲ' (14 ਜੁਲਾਈ 1981) ਪਿੰਡ: ਲੇਹਲ, ਜ਼ਿਲ੍ਹਾ: ਹੁਸ਼ਿਆਰਪੁਰ।

139. ਗੁਰਦੀਪ ਸਿੰਘ 'ਦੀਪ' (19 ਮਾਰਚ 1983) ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

140. ਗਗਨਦੀਪ ਸ਼ੇਰਗਿੱਲ (31 ਦਸੰਬਰ 1983) ਪਿੰਡ: ਸੀਕਰੀ, ਜ਼ਿਲ੍ਹਾ: ਹੁਸ਼ਿਆਰਪੁਰ। ਰਿਹਾਇਸ਼ : ਹੁਸ਼ਿਆਰਪੁਰ ਸ਼ਹਿਰ।

141. ਦਲਜੀਤ ਪੱਖੋਵਾਲ (02 ਜਨਵਰੀ 1984) ਪਿੰਡ: ਪੱਖੋਵਾਲ, ਤਹਿਸੀਲ: ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

142. ਰਾਜਵਿੰਦਰ ਸਿੰਘ 'ਰਾਜ' (26 ਅਗਸਤ 1984) ਗੜ੍ਹ ਸ਼ੰਕਰ, ਜ਼ਿਲ੍ਹਾ: ਹੁਸ਼ਿਆਰਪੁਰ।

143. ਸਤਨਾਮ ਸਿੰਘ ਚੌਹਾਨ, ਪਿੰਡ: ਮੌਹਾਂ, ਤਹਿਸੀਲ: ਦਸੂਹਾ, ਜ਼ਿਲ੍ਹਾ: ਹੁਸ਼ਿਆਰਪੁਰ।

144. ਅਜਮੇਰ ਸਿੰਘ ਦੀਵਾਨਾ (ਸਵਰਗੀ) ਮਲੋਟ, ਰਿਹਾਇਸ਼: ਟਾਂਡਾ, ਜ਼ਿਲ੍ਹਾ: ਹੁਸ਼ਿਆਰਪੁਰ।

***

## 3

ਸਾਡੀ ਗੱਲ ਟੁੱਟੇ ਹੋਏ ਤਾਰਿਆਂ ਦੀ ਗੱਲ ਹੈ।
ਜ਼ਿੰਦਗੀ ਦੀ ਬਾਜ਼ੀ ਹੱਥੋਂ ਹਾਰਿਆਂ ਦੀ ਗੱਲ ਹੈ।

ਪਿਆਰ ਵਿੱਚ ਪੁੱਛਦੇ ਹੋ ਜ਼ਿੰਦਗੀ ਦੀ ਗੱਲ ਕੀ?
ਪਾਣੀਆਂ ਨੂੰ ਖ਼ੋਰਦੇ ਕਿਨਾਰਿਆਂ ਦੀ ਗੱਲ ਹੈ।

ਦੁਨੀਆ ਦੇ ਲੋਕੋ! ਕਰੋ ਸ਼ੱਕ ਨਾ ਕਸਾਈਆਂ 'ਤੇ,
ਦਿਲਾਂ ਵਿਚ ਵਸਦੇ ਪਿਆਰਿਆਂ ਦੀ ਗੱਲ ਹੈ।

ਦਰਾਂ ਉੱਤੇ ਬੈਠਿਆਂ ਹੀ ਜ਼ਿੰਦਗੀ ਦੀ ਸ਼ਾਮ ਹੋਈ,
ਸੱਜਣਾ ਦੇ ਲਾਏ ਹੋਏ ਲਾਰਿਆਂ ਦੀ ਗੱਲ ਹੈ।

ਗੱਲ-ਗੱਲ ਵਿਚ ਗੱਲ ਸਾਜ਼ਿਸ਼ਾਂ ਦੀ ਚੱਲਦੀ,
ਮਿੱਤਰਾਂ ਦੀ ਅੱਖ ਦੇ ਇਸ਼ਾਰਿਆਂ ਦੀ ਗੱਲ ਹੈ।

ਦੱਸੀ ਮੈਂ ਕਹਾਣੀ ਤਾਂ ਉਹ ਹੰਝੂਆਂ 'ਚ ਭਿੱਜ ਗਏ,
ਆਪ ਦੇ ਹੀ ਕੀਤੇ ਹੋਏ ਕਾਰਿਆਂ ਦੀ ਗੱਲ ਹੈ।



## 4

ਆ ਬਹਿ ਜਾ ਮੇਰੇ ਕੋਲ਼ ਤੂੰ।
ਦਿਲ ਵਾਲ਼ੀ ਘੁੰਡੀ ਖੋਲ੍ਹ ਤੂੰ।

ਹੁਣ ਮੁੱਖੜਾ ਕਾਹਤੋਂ ਮੋੜਿਐ?
ਕਿਉਂ ਕਰਦੈਂ ਟਾਲਮ-ਟੋਲ ਤੂੰ।

ਇਹ ਜਿੰਦ ਮੇਰੀ ਇਸ ਤਰ੍ਹਾਂ,
ਮਿੱਟੀ ਵਿਚ ਨਾ ਰੋਲ਼ ਤੂੰ।

ਕਿਉਂ ਹਾਸੇ ਮੇਰੇ ਲੁੱਟ ਕੇ?
ਭਰ 'ਤੀ ਗ਼ਮਾਂ ਦੀ ਝੋਲ ਤੂੰ।

ਨਾ ਰੁੱਸ ਕੇ ਬਹਿ ਸੱਜਣਾ!
ਕੁਝ ਚੰਗਾ-ਮੰਦਾ ਬੋਲ ਤੂੰ।

'ਜੱਸੀ' ਜ਼ਰਾ ਤਾਂ ਠਹਿਰ ਜਾ,
ਦੋ ਪਲ ਬਹਿ ਜਾ ਕੋਲ਼ ਤੂੰ।